PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 18 ਸਤੰਬਰ ਤੋਂ 24 ਸਤੰਬਰ, 2025 | Email :- editor@punjabstar.com, Vo. 20. Issue:1203


## ਕੈਨੇਡਾ: ਫਿਰੌਤੀ ਗਰੋਹ ਨੂੰ ਫੜਾਉਣ ਵਾਲਿਆਂ ਲਈ ਡੇਢ ਕਰੋੜ ਦਾ ਇਨਾਮ ਐਲਾਨਿਆ



(ਪੰਜਾਬ ਸਟਾਰ ਬਿਊਰੋ)
ਭਾਰਤੀਆਂ ਦੀ ਵੱਡੀ ਅਬਾਦੀ ਵਾਲੇ ਸ਼ਹਿਰ ਸਰੀ ਵਿੱਚ ਕੁਝ ਮਹੀਨਿਆਂ ਤੋਂ ਫਿਰੌਤੀ ਮੰਗਣ ਦੀਆਂ ਘਟਨਾਵਾਂ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਪੁਲੀਸ ਇਸ ਵੇਲੇ ਕਰੀਬ 44 ਮਾਮਲਿਆਂ ਦੀ ਜਾਂਚ ਕਰ ਰਹੀ ਹੈ। ਫਿਰੌਤੀ ਗੈਂਗ ਵਲੋਂ ਕਰੀਬ 27 ਥਾਵਾਂ 'ਤੇ ਗੋਲੀਬਾਰੀ ਵੀ ਕੀਤੀ ਗਈ ਹੈ। ਮੁਲਜ਼ਮਾਂ ਨੂੰ ਫੜਨ ਅਤੇ ਸਜ਼ਾਵਾਂ ਦਿਵਾਉਣ ਵਿੱਚ ਮਦਦ ਲਈ ਸਿਟੀ ਆਫ ਸਰੀ (ਮਿਉਂਸਪੈਲਿਟੀ) ਵਲੋਂ ਫਿਰੌਤੀ ਇਨਾਮੀ ਫੰਡ ਵਜੋਂ ਢਾਈ ਲੱਖ ਡਾਲਰ (ਡੇਢ ਕਰੋੜ ਰੁਪਏ) ਸਰੀ ਪੁਲੀਸ ਨੂੰ ਦੇਣ ਦਾ ਮਤਾ ਪਾਸ ਕੀਤਾ ਗਿਆ ਹੈ।

ਸਰੀ ਪੁਲੀਸ ਮੁਖੀ ਨੌਰਮ ਲਪਿੰਸਕੀ ਨੇ ਸਿਟੀ ਵਲੋਂ ਇਨਾਮੀ ਫੰਡ ਦੀ ਮਨਜ਼ੂਰੀ ਮਿਲਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਸ ਨਾਲ ਫਿਰੌਤੀ ਗਰੋਹ ਦਾ

* ਬਾਕੀ ਸਫਾ 2 'ਤੇ

## ਕੁਦਰਤੀ ਆਫ਼ਤ ਕਾਰਨ ਉੱਤਰਾਖੰਡ ਤੇ ਹਿਮਾਚਲ 'ਚ 11 ਹਲਾਕ



(ਪੰਜਾਬ ਸਟਾਰ ਬਿਊਰੋ)
ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ 'ਚ ਬੱਦਲ ਫਟਣ, ਢਿੱਗਾਂ ਡਿੱਗਣ, ਹੜ੍ਹਾਂ ਤੇ ਹੋਰ ਘਟਨਾਵਾਂ ਕਾਰਨ 15 ਵਿਅਕਤੀਆਂ ਦੀ ਮੌਤ ਹੋ ਗਈ ਜਿਨ੍ਹਾਂ 'ਚੋਂ ਪੰਜ ਮ੍ਰਿਤਕ ਹਿਮਾਚਲ ਪ੍ਰਦੇਸ਼ ਜਦਕਿ ਛੇ ਉੱਤਰਾਖੰਡ ਨਾਲ ਸਬੰਧਤ ਹਨ। ਇਸ ਦੌਰਾਨ ਬਚਾਅ ਕਰਮੀਆਂ ਨੇ ਵੱਡੀ ਗਿਣਤੀ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਹੈ ਜਦਕਿ ਵੱਡੀ ਗਿਣਤੀ ਲੋਕ ਲਾਪਤਾ ਦੱਸੇ ਜਾ ਰਹੇ ਹਨ। ਢਿੱਗਾਂ ਡਿੱਗਣ ਤੇ ਹੜ੍ਹਾਂ ਕਾਰਨ ਘਰਾਂ, ਦੁਕਾਨਾਂ, ਸੜਕਾਂ, ਪੁਲਾਂ ਤੇ ਹੋਰ ਜਾਇਦਾਦਾਂ ਦਾ ਵੀ ਨੁਕਸਾਨ ਹੋਇਆ ਹੈ।

ਮੰਡੀ ਜ਼ਿਲ੍ਹੇ 'ਚ ਅੱਜ ਤੜਕੇ ਭਾਰੀ ਮੀਂਹ ਮਗਰੋਂ ਢਿੱਗਾਂ ਡਿੱਗਣ ਅਤੇ ਅਚਾਨਕ ਆਏ ਹੜ੍ਹਾਂ ਕਾਰਨ ਵੱਡੇ ਪੱਧਰ 'ਤੇ ਤਬਾਹੀ ਮਚੀ। ਇੱਥੋਂ ਦੀ ਸੁੰਦਰਨਗਰ ਸਬ–ਡਿਵੀਜ਼ਨ ਦੀ ਨਿਹਰੀ ਤਹਿਸੀਲ ਦੀ ਬੋਏ ਪੰਚਾਇਤ ਅਧੀਨ ਪੈਂਦੇ ਬਰਾਗਟਾ ਪਿੰਡ 'ਚ ਡਿੱਗੀਆਂ ਢਿੱਗਾਂ ਦੀ ਲਪੇਟ 'ਚ ਇੱਕ ਮਕਾਨ ਆ ਗਿਆ ਤੇ ਪਰਿਵਾਰ ਦੇ ਪੰਜ ਜੀਅ ਮਲਬੇ ਹੇਠ ਦਬ ਗਏ। ਪਿੰਡ ਵਾਸੀਆਂ ਨੇ ਤੁਰੰਤ ਬਚਾਅ ਮੁਹਿੰਮ ਸ਼ੁਰੂ ਕੀਤੀ ਅਤੇ ਦੋ ਵਿਅਕਤੀਆਂ ਨੂੰ ਮਲਬੇ ਹੇਠੋਂ ਜਿਊਂਦਾ ਕੱਢ ਕੇ ਨੇੜਲੇ ਹਸਪਤਾਲ ਪਹੁੰਚਾਇਆ ਗਿਆ। ਇਸ ਹਾਦਸੇ 'ਚ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ ਜਿਨ੍ਹਾਂ ਦੀ ਪਛਾਣ ਤੰਗੂ ਦੇਵੀ (64), ਕਮਲਾ ਦੇਵੀ (33) ਅਤੇ ਭੀਸ਼ਮ ਸਿੰਘ (8 ਮਹੀਨੇ) ਵਜੋਂ ਹੋਈ ਹੈ। ਸੁੰਦਰਨਗਰ ਦੇ ਵਿਧਾਇਕ ਰਾਕੇਸ਼ ਜਮਵਾਲ ਨੇ ਪੀੜਤ ਪਰਿਵਾਰ ਨਾਲ ਮੁਲਾਕਾਤ ਕੀਤੀ ਹੈ। ਇਕ ਹੋਰ ਘਟਨਾ 'ਚ ਮੰਡੀ ਦੀ ਸਦਰ ਤਹਿਸੀਲ ਦੀ ਸ਼ਿਵਾਬਦਾਰ ਪੰਚਾਇਤ ਅਧੀਨ ਪੈਂਦੀ ਸੁਮਾ ਖੱਡ 'ਚ ਦੋ ਵਿਅਕਤੀ ਡੁੱਬ ਗਏ।

* ਬਾਕੀ ਸਫਾ 2 'ਤੇ

## ਹਿਮਾਚਲ ਮੌਨਸੂਨ: ਭਾਰੀ ਮੀਂਹ ਦੇ ਕਹਿਰ ਕਾਰਨ 1500 ਤੋਂ ਵੱਧ ਪਰਿਵਾਰ ਬੇਘਰ



(ਪੰਜਾਬ ਸਟਾਰ ਬਿਊਰੋ)
ਹਿਮਾਚਲ ਪ੍ਰਦੇਸ਼ ਵਿੱਚ 20 ਜੂਨ ਨੂੰ ਮੌਨਸੂਨ ਦੀ ਸ਼ੁਰੂਆਤ ਤੋਂ ਬਾਅਦ ਵਾਪਰੇ ਕਹਿਰ ਕਾਰਨ 1500 ਤੋਂ ਵੱਧ ਪਰਿਵਾਰ ਬੇਘਰ ਹੋ ਗਏ ਹਨ। ਇਸ ਵਾਰ ਸੂਬੇ ਵਿੱਚ ਔਸਤਨ 1010.9 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ, ਜੋ ਕਿ ਆਮ ਬਾਰਿਸ਼ 692.1 ਮਿਲੀਮੀਟਰ ਤੋਂ 46 ਫੀਸਦੀ ਜ਼ਿਆਦਾ ਹੈ।

ਹਿਮਾਲਿਆਈ ਸੂਬੇ ਵਿੱਚ

* ਬਾਕੀ ਸਫਾ 2 'ਤੇ

## ਟਰੰਪ ਨੇ ਭਾਰਤ ਨਾਲ ਫਿਰ ਨਿਭਾਈ ਦੁਸ਼ਮਣੀ! ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ 23 ਦੇਸ਼ਾਂ ਦੇ ਨਾਲ ਭਾਰਤ ਦਾ ਵੀ ਨਾਮ ਪਾਇਆ...?



(ਪੰਜਾਬ ਸਟਾਰ ਬਿਊਰੋ)
ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨ, ਅਫਗਾਨਿਸਤਾਨ, ਭਾਰਤ ਅਤੇ ਪਾਕਿਸਤਾਨ ਨੂੰ ਉਨ੍ਹਾਂ 23 ਪ੍ਰਮੁੱਖ ਦੇਸ਼ਾਂ ਵਿੱਚ ਸ਼ਾਮਲ ਕੀਤਾ ਹੈ, ਜਿੱਥੇ ਗੈਰ–ਕਾਨੂੰਨੀ ਨਸ਼ੀਲੇ ਪਦਾਰਥਾਂ ਦਾ ਉਤਪਾਦਨ ਅਤੇ ਤਸਕਰੀ ਹੁੰਦੀ ਹੈ। ਟਰੰਪ ਨੇ ਕਿਹਾ ਕਿ ਇਹ ਦੇਸ਼ ਗੈਰ–ਕਾਨੂੰਨੀ ਨਸ਼ੀਲੇ ਪਦਾਰਥਾਂ ਅਤੇ ਉਨ੍ਹਾਂ ਦੇ ਨਿਰਮਾਣ ਵਿੱਚ ਵਰਤੇ ਜਾਣ ਵਾਲੇ ਰਸਾਇਣਾਂ ਦਾ ਉਤਪਾਦਨ ਅਤੇ

* ਬਾਕੀ ਸਫਾ 2 'ਤੇ

## ਅਮਰੀਕੀ ਅਦਾਲਤ ਨੇ ਟਰੰਪ ਦੇ ਇੱਕ ਹੋਰ ਹੁਕਮ ਨੂੰ ਪਲਟਿਆ

ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਅਮਰੀਕੀ ਅਦਾਲਤ ਨੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਵੱਡਾ ਝਟਕਾ ਦਿੱਤਾ ਹੈ। ਅਦਾਲਤ ਨੇ ਫੈਡਰਲ ਰਿਜ਼ਰਵ ਦੀ ਗਵਰਨਰ ਲੀਸਾ ਕੁਕ ਨੂੰ ਹਟਾਉਣ ਦੇ ਟਰੰਪ ਦੇ ਹੁਕਮ ਨੂੰ ਰੱਦ ਕਰ ਦਿੱਤਾ ਹੈ। ਅਦਾਲਤ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਟਰੰਪ ਕੋਲ ਅਜਿਹਾ ਕਰਨ ਦਾ ਅਧਿਕਾਰ ਨਹੀਂ ਹੈ। ਟਰੰਪ ਨੇ ਲੀਸਾ ਕੁਕ 'ਤੇ ਮੌਰਗੇਜ ਧੋਖਾਧੜੀ ਦੇ ਦੋਸ਼ ਲਗਾਏ ਸਨ, ਜਿਨ੍ਹਾਂ ਨੂੰ ਲੀਸਾ ਨੇ ਬੇਬੁਨਿਆਦ ਦੱਸਿਆ। ਇਹ ਮਾਮਲਾ ਫੈਡਰਲ ਰਿਜ਼ਰਵ ਲਈ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ। ਅਦਾਲਤ ਦੇ ਫੈਸਲੇ ਤੋਂ ਬਾਅਦ, ਲੀਸਾ ਕੁਕ ਹੁਣ ਨੀਤੀਗਤ ਮੀਟਿੰਗਾਂ ਵਿੱਚ ਹਿੱਸਾ ਲੈਣਗੀ। ਦੂਜੇ ਪਾਸੇ, ਟਰੰਪ ਪ੍ਰਸ਼ਾਸਨ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਦੀ ਤਿਆਰੀ ਕਰ ਰਿਹਾ ਹੈ। ਦੱਸ ਦਈਏ ਕਿ

* ਬਾਕੀ ਸਫਾ 2 'ਤੇ

## ਜਾਰਜੀਆ 'ਚ 56 ਭਾਰਤੀ ਸੈਲਾਨੀਆਂ ਨਾਲ ਗ਼ੈਰ-ਮਨੁੱਖੀ ਵਿਹਾਰ



(ਪੰਜਾਬ ਸਟਾਰ ਬਿਊਰੋ)
ਜਾਰਜੀਆ ਵਿਚ 56 ਭਾਰਤੀ ਸੈਲਾਨੀਆਂ ਨਾਲ ਗ਼ੈਰ–ਮਨੁੱਖੀ ਵਿਹਾਰ: ਜਾਰਜੀਆ ਸਰਹੱਦ 'ਤੇ 56 ਭਾਰਤੀ ਯਾਤਰੀਆਂ ਨਾਲ ਅਣਮਨੁੱਖੀ ਵਿਵਹਾਰ ਦਾ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇਕ ਔਰਤ ਨੇ ਦਾਅਵਾ ਕੀਤਾ ਹੈ ਕਿ ਕਾਨੂੰਨੀ ਈ–ਵੀਜ਼ਾ ਅਤੇ ਦਸਤਾਵੇਜ਼ ਹੋਣ ਦੇ ਬਾਵਜੂਦ ਜਾਰਜੀਆ ਦੇ ਅਧਿਕਾਰੀਆਂ ਨੇ ਇਨ੍ਹਾਂ ਯਾਤਰੀਆਂ ਨੂੰ ਬਿਨਾਂ ਭੋਜਨ, ਪਾਣੀ ਜਾਂ ਟਾਇਲਟ ਸਹੂਲਤਾਂ ਦੇ ਘੰਟਿਆਂ ਤਕ ਠੰਢ ਵਿਚ ਉਡੀਕ ਕਰਨ ਲਈ ਮਜਬੂਰ ਕੀਤਾ। ਇਸ ਘਟਨਾ ਨੇ ਜਾਰਜੀਆ ਦੇ ਭਾਰਤੀਆਂ ਨਾਲ ਵਿਹਾਰ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਇੰਸਟਾਗ੍ਰਾਮ 'ਤੇ ਅਪਣੀ ਮੁਸ਼ਕਲ ਸਾਂਝੀ ਕਰਦੇ ਹੋਏ, ਧਰੁਵੀ ਪਟੇਲ ਨਾਮ ਦੀ ਇਕ ਔਰਤ ਨੇ ਦਸਿਆ ਕਿ ਉਸ ਦੇ ਸਮੂਹ ਨੂੰ ਅਰਮੇਨੀਆ, ਜਾਰਜੀਆ ਨਾਲ ਲਗਦੇ ਸਦਾਖਲੋ ਸਰਹੱਦੀ ਕ੍ਰਾਸਿੰਗ 'ਤੇ ਪੰਜ ਘੰਟਿਆਂ ਤੋਂ ਵੱਧ ਸਮੇਂ ਤਕ ਠੰਢ ਵਿਚ ਖੜ੍ਹਾ ਕਰਨ ਲਈ ਮਜਬੂਰ ਕੀਤਾ ਗਿਆ। ਪਾਸਪੋਰਟ ਜ਼ਬਤ ਕਰ ਲਏ ਗਏ, ਕੋਈ ਜਾਣਕਾਰੀ ਨਹੀਂ ਦਿਤੀ ਗਈ ਅਤੇ ਉਨ੍ਹਾਂ ਨੂੰ ਫ਼ੁੱਟਪਾਥ 'ਤੇ ਬੈਠਣ ਲਈ ਮਜਬੂਰ ਕੀਤਾ ਗਿਆ। ਉਸ ਨੇ ਕਿਹਾ ਕਿ ਉਸ ਨੂੰ ਮਹਿਸੂਸ ਹੋਇਆ ਕਿ ਉਸ ਨਾਲ ਜਾਨਵਰਾਂ ਵਾਂਗ ਵਿਵਹਾਰ ਕੀਤਾ ਜਾ ਰਿਹਾ ਹੈ।

ਧਰੁਵੀ ਪਟੇਲ ਨੇ ਦੋਸ਼ ਲਗਾਇਆ ਕਿ ਅਧਿਕਾਰੀਆਂ ਨੇ

* ਬਾਕੀ ਸਫਾ 2 'ਤੇ

## CM ਮਾਨ ਵੱਲੋਂ 'ਮਿਸ਼ਨ ਚੜ੍ਹਦੀ ਕਲਾ' ਦੀ ਸ਼ੁਰੂਆਤ



(ਪੰਜਾਬ ਸਟਾਰ ਬਿਊਰੋ)
ਚੰਡੀਗੜ੍ਹ: ਪੰਜਾਬ ਦੇ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਯਤਨਾਂ ਨੂੰ ਤੇਜ਼ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 'ਮਿਸ਼ਨ ਚੜ੍ਹਦੀ ਕਲਾ' ਦੀ ਸ਼ੁਰੂਆਤ ਕੀਤੀ ਹੈ। ਇਸ ਮਿਸ਼ਨ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਾਸਤੇ ਫੰਡ ਜੁਟਾਉਣ ਲਈ ਆਲਮੀ ਪੱਧਰ 'ਤੇ ਮੁਹਿੰਮ ਚਲਾਈ ਜਾਵੇਗੀ।

ਇਕ ਵੀਡੀਓ ਸੰਦੇਸ਼ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਬੀਤੇ ਸਮੇਂ ਵਿੱਚ ਸੂਬਾ ਇਕ ਅਜਿਹੇ ਔਖੇ ਦੌਰ ਵਿੱਚੋਂ ਗੁਜ਼ਰਿਆ ਹੈ ਜਿਸ ਨੂੰ ਸਾਡੀਆਂ ਪੀੜ੍ਹੀਆਂ ਕਦੇ ਵੀ ਭੁਲਾ ਨਹੀਂ ਸਕਣਗੀਆਂ। ਉਨ੍ਹਾਂ ਕਿਹਾ ਕਿ ਹੜ੍ਹਾਂ ਨੇ ਸਿਰਫ ਪਾਣੀ ਦਾ ਕਹਿਰ ਨਹੀਂ ਢਾਹਿਆ ਸਗੋਂ ਲੱਖਾਂ ਸੁਪਨੇ ਵੀ

* ਬਾਕੀ ਸਫਾ 2 'ਤੇ

## ਕੈਨੇਡਾ 'ਚ ਇਮੀਗ੍ਰੇਸ਼ਨ ਵੱਲੋਂ ਹੋ ਸਕਦੀ ਹੈ ਵੱਡੀ ਕਾਰਵਾਈ?

### ਅਸਾਇਲਮ ਦਾਅਵੇ ਹੋਣਗੇ ਬੰਦ, ਟੈਂਪਰੇਰੀ ਰੈਜ਼ੀਡੈਂਟ ਕੱਢੇ ਜਾਣਗੇ!




ਔਟਵਾ (ਪੰਜਾਬ ਸਟਾਰ ਬਿਊਰੋ): ਕੈਨੇਡਾ ਦੇ ਇੰਮੀਗ੍ਰੇਸ਼ਨ ਖੇਤਰ ਵਿਚ ਵੱਡਾ ਤੂਫਾਨ ਆਉਣ ਵਾਲਾ ਹੈ ਜੋ ਲੱਖਾਂ ਲੋਕਾਂ ਦੇ ਸੁਪਨੇ ਖੇਰੂੰ–ਖੇਰੂੰ ਕਰ ਸਕਦਾ ਹੈ। ਜੀ ਹਾਂ, ਹਾਊਸ ਆਫ਼ ਕਾਮਨਜ਼ ਦਾ ਇਜਲਾਸ ਆਰੰਭ ਹੋ ਚੁੱਕਾ ਹੈ ਅਤੇ ਲਿਬਰਲ ਸਰਕਾਰ ਬਿਲ ਸੀ–2 ਪਾਸ ਕਰਵਾਉਣ ਦੀ ਕਾਹਲ ਵਿਚ ਨਜ਼ਰ ਆ ਰਹੀ ਹੈ। ਬਿਲ ਪਾਸ ਹੋਣ ਮਗਰੋਂ ਇਕ ਸਾਲ ਤੋਂ ਵੱਧ ਸਮਾਂ ਕੈਨੇਡਾ ਵਿਚ ਲੰਘਾ ਚੁੱਕੇ ਵਿਦੇਸ਼ੀ ਨਾਗਰਿਕ ਅਸਾਇਲਮ ਕਲੇਮ ਨਹੀਂ ਕਰ ਸਕਣਗੇ ਅਤੇ ਮੁਲਕ ਵਿਚ ਆਰਜ਼ੀ ਤੌਰ 'ਤੇ ਮੌਜੂਦ 30 ਲੱਖ ਤੋਂ ਵੱਧ ਲੋਕਾਂ ਦੇ ਵੀਜ਼ੇ ਜਾਂ ਵਰਕ ਪਰਮਿਟ ਧੜਾ–ਧੜ ਰੱਦ ਕਰਨ ਦੀ ਤਾਕਤ ਇੰਮੀਗ੍ਰੇਸ਼ਨ ਮਹਿਕਮੇ ਨੂੰ ਮਿਲ ਜਾਵੇਗੀ। ਸਿਰਫ਼ ਐਨਾ ਹੀ ਨਹੀਂ ਇੰਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ ਇਕੋ ਝਟਕੇ ਵਿਚ ਖਤਮ ਕਰਨ ਦੇ ਮਕਸਦ ਤਹਿਤ ਸਟੀਫ਼ਨ ਹਾਰਪਰ ਸਰਕਾਰ ਵਰਗਾ ਕੋਈ ਵੱਡਾ ਫੈਸਲਾ ਲਿਆ ਜਾ ਸਕਦਾ ਹੈ।

ਬੀਤੇ ਜੂਨ ਮਹੀਨੇ ਦੌਰਾਨ ਸੰਸਦ ਵਿਚ ਪੇਸ਼ ਸਟ੍ਰੌਂਗ ਬਾਰਡਰਜ਼ ਐਕਟ ਸਟੱਡੀ ਵੀਜ਼ਾ 'ਤੇ ਕੈਨੇਡਾ ਪੁੱਜੇ ਉਨ੍ਹਾਂ ਪੰਜਾਬੀ ਨੌਜਵਾਨਾਂ ਦੇ ਰਾਹ ਵਿਚ ਕੰਡੇ ਵਿਛਾ ਸਕਦਾ ਹੈ ਜੋ ਪੀ.ਆਰ. ਲੈਣ ਵਿਚ ਸਫ਼ਲ ਨਹੀਂ ਹੁੰਦੇ ਅਤੇ ਆਖਰਕਾਰ ਅਸਾਇਲਮ ਕਲੇਮ ਜਾਂ ਐਲ.ਐਮ.ਆਈ.ਏ. ਵਰਗੇ ਤਰੀਕਿਆਂ ਦੀ ਵਰਤੋਂ ਕਰਦੇ ਹਨ।

* ਬਾਕੀ ਸਫਾ 2 'ਤੇ

## ਕੈਨੇਡਾ ਡਿਪੋਰਟ ਕਰੇਗਾ 2,857 ਭਾਰਤੀ

ਟੋਰਾਂਟੋ (ਪੰਜਾਬ ਸਟਾਰ ਬਿਊਰੋ) : ਖਾਲਿਸਤਾਨ ਹਮਾਇਤੀ ਹੋਣ ਦਾ ਦਾਅਵਾ ਕਰਦਿਆਂ ਕੈਨੇਡਾ ਵਿਚ ਪੱਕਾ ਹੋਣ ਦਾ ਸੁਪਨੇ ਦੇਖ ਰਹੇ ਸੈਂਕੜੇ ਪੰਜਾਬੀਆਂ ਨੂੰ ਵੱਡਾ ਝਟਕਾ ਲੱਗਾ ਜਦੋਂ ਰਫ਼ਿਊਜੀ ਬੋਰਡ ਨੇ ਉਨ੍ਹਾਂ ਦੇ ਅਸਾਇਲਮ ਕਲੇਮ ਰੱਦ ਕਰ ਦਿਤੇ ਅਤੇ ਹੁਣ ਇਨ੍ਹਾਂ ਨੂੰ ਡਿਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਦੂਜੇ ਪਾਸੇ ਕੈਨੇਡੀਅਨ ਅਦਾਲਤਾਂ ਵਿਚ ਦਾਇਰ ਅਪੀਲਾਂ ਵੀ ਕਾਰਗਰ ਸਾਬਤ ਨਹੀਂ ਹੋ ਰਹੀਆਂ ਹਾਂ ਅਤੇ ਮੌਜੂਦਾ ਵਰ੍ਹੇ ਦੌਰਾਨ ਸਾਹਮਣੇ ਆਏ 34 ਫੈਸਲਿਆਂ ਵਿਚੋਂ 30 ਨਾਂਹਪੱਖੀ ਰਹੇ। ਤਾਜ਼ਾ ਫੈਸਲਾ ਪ੍ਰਦੀਪ ਸਿੰਘ ਬਨਾਮ ਲੋਕ ਸੁਰੱਖਿਆ ਮੰਤਰੀ ਮਾਮਲੇ ਵਿਚ ਆਇਆ ਹੈ ਜਿਥੇ ਡਿਪੋਰਟੇਸ਼ਨ ਹੁਕਮਾਂ 'ਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਸੀ।

**ਅਦਾਲਤਾਂ ਵਿਚ ਵੀ ਰੱਦ ਹੋਣ ਲੱਗੇ ਪਨਾਹ ਦੇ ਦਾਅਵੇ**

ਪ੍ਰਦੀਪ ਸਿੰਘ ਨੇ ਖਾਲਿਸਤਾਨ ਹਮਾਇਤੀ ਹੋਣ ਅਤੇ ਭਾਰਤ ਡਿਪੋਰਟ ਕੀਤੇ ਜਾਣ 'ਤੇ ਜਾਨ ਦਾ ਖਤਰਾ ਹੋਣ ਦਾ ਦਾਅਵਾ ਸਾਬਤ ਕਰਦਿਆਂ ਆਪਣੇ ਮਾਪਿਆਂ ਦੇ ਹਲਫ਼ੀਆ ਬਿਆਨ ਅਤੇ ਸੋਸ਼ਲ ਮੀਡੀਆ 'ਤੇ ਆਧਾਰਤ ਸਬੂਤ ਪੇਸ਼ ਕੀਤੇ ਪਰ ਜੱਜ ਨੇ ਇਨ੍ਹਾਂ ਨੂੰ ਮੰਨਣ ਤੋਂ ਨਾਂਹ ਕਰ ਦਿਤੀ। ਟੋਰਾਂਟੋ ਸਥਿਤ ਫੈਡਰਲ ਅਦਾਲਤ ਨੇ 6 ਸਤੰਬਰ ਨੂੰ ਸੁਣਾਏ ਫੈਸਲੇ ਵਿਚ ਕਿਹਾ ਕਿ ਬਿਨੈਕਾਰ ਵੱਲੋਂ ਪੇਸ਼ ਦਸਤਾਵੇਜ਼ਾਂ ਨੂੰ ਧਿਆਨ ਵਿਚ ਰਖਦਿਆਂ ਡਿਪੋਰਟੇਸ਼ਨ 'ਤੇ ਰੋਕ ਨਹੀਂ ਲਾਈ ਜਾ ਸਕਦੀ। ਪ੍ਰਦੀਪ ਸਿੰਘ ਪਹਿਲੀ ਵਾਰ ਫ਼ਰਵਰੀ 2023 ਵਿਚ ਸਪਾਊਜ਼ਲ ਵਰਕ ਪਰਮਿਟ 'ਤੇ ਕੈਨੇਡਾ ਪੁੱਜਾ ਸੀ। 10 ਨਵੰਬਰ 2024 ਨੂੰ ਵਰਕ ਪਰਮਿਟ ਖਤਮ ਹੋ ਗਿਆ ਪਰ ਉਸ ਵੱਲੋਂ ਮਿਆਦ ਵਧਾਉਣ ਦੀ ਅਰਜ਼ੀ ਦਾਇਰ ਨਾ ਕੀਤੀ ਗਈ। ਇਸੇ ਦੌਰਾਨ 16 ਨਵੰਬਰ ਨੂੰ 2024 ਨੂੰ ਅਸਾਇਲਮ ਕਲੇਮ ਕਰ ਦਿਤਾ।

* ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
www.MakeMeDebtFree.ca 416-502-3100 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਕੈਨੇਡਾ: ਫਿਰੌਤੀ ਗਰੋਹ...

ਪਤਾ ਲਾਉਣਾ ਅਤੇ ਫੜੇ ਜਾਣਾ ਸੌਖਾ ਹੋ ਜਾਏਗਾ। ਉਨ੍ਹਾਂ ਕਿਹਾ ਕਿ ਜੋ ਵੀ ਵਿਅਕਤੀ ਇਸ ਗਰੋਹ ਵਿੱਚ ਸ਼ਾਮਲ ਲੋਕਾਂ ਨੂੰ ਫੜਾਉਣ ਅਤੇ ਸਬੂਤਾਂ ਸਮੇਤ ਸਜ਼ਾਵਾਂ ਦਿਵਾਉਣ ਵਿੱਚ ਪੁਲੀਸ ਦੀ ਮਦਦ ਕਰੇਗਾ, ਉਹ ਇਹ ਰਕਮ ਲੈਣ ਦਾ ਹੱਕਦਾਰ ਹੋਵੇਗਾ ਤੇ ਪੁਲੀਸ ਉਸ ਨੂੰ ਸੁਰੱਖਿਆ ਵੀ ਦੇਵੇਗੀ। ਸਰੀ ਦੀ ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਬੇਸ਼ੱਕ ਫਿਰੌਤੀ ਪੂਰੇ ਦੇਸ਼ ਲਈ ਚਿੰਤਾ ਦਾ ਵਿਸ਼ਾ ਹੈ, ਪਰ ਸਰੀ ਰਹਿੰਦੇ ਤੇ ਫਿਰੌਤੀ ਦਾ ਨਿਸ਼ਾਨਾ ਬਣਦੇ ਭਾਰਤੀ ਭਾਈਚਾਰੇ ਦੇ ਲੋਕਾਂ ਦੀ ਸੁਰੱਖਿਆ ਉਨ੍ਹਾਂ ਦੀ ਜ਼ਿੰਮੇਵਾਰੀ ਹੈ, ਜਿਸ ਨੂੰ ਨਿਭਾਉਣ ਵਿੱਚ ਉਹ ਕੋਈ ਕਸਰ ਨਹੀਂ ਛੱਡਣਗੇ।

ਪੁਲੀਸ ਮੁਖੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਫਿਰੌਤੀ ਦੀਆਂ 44 ਤੇ ਗੋਲੀਬਾਰੀ ਦੀਆਂ 27 ਘਟਨਾਵਾਂ ਦੀ ਜਾਂਚ ਤੇਜ਼ੀ ਨਾਲ ਕੀਤੀ ਜਾ ਰਹੀ ਹੈ, ਪਰ ਮੁਲਜ਼ਮਾਂ ਨੂੰ ਸਬੂਤਾਂ ਸਮੇਤ ਫੜਨ ਲਈ ਲੋਕਾਂ ਦਾ ਸਹਿਯੋਗ ਜ਼ਰੂਰੀ ਹੈ। ਇਸੇ ਲਈ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਫਿਰੌਤੀ ਇਨਾਮ ਫੰਡ ਕਾਇਮ ਕੀਤਾ ਗਿਆ ਹੈ ਤਾਂ ਜੋ ਦੋਸ਼ੀਆਂ ਦੀ ਸੂਹ ਰੱਖਦੇ ਲੋਕ ਬਿਨਾਂ ਕਿਸੇ ਝਿਜਕ ਦੇ ਪੁਲੀਸ ਨਾਲ ਸਹਿਯੋਗ ਕਰਨ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਪੁਲੀਸ ਜਲਦੀ ਹੀ ਇਸ ਵਬਾ ਉੱਤੇ ਕਾਬੂ ਪਾ ਲਏਗੀ।

## ਕੁਦਰਤੀ ਆਫ਼ਤ ਕਾਰਨ...

ਉਹ ਮੰਦਰ ਜਾਣ ਲਈ ਆਰਜ਼ੀ ਪੁਲ ਪਾਰ ਕਰ ਰਹੇ ਸਨ ਕਿ ਨਾਲੇ 'ਚ ਪਾਣੀ ਦੇ ਤੇਜ਼ ਵਹਾਅ ਦੀ ਲਪੇਟ 'ਚ ਆ ਗਏ। ਦੋਵਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਇੱਕ ਵੱਖਰੀ ਘਟਨਾ 'ਚ ਲੰਘੀ ਦੇਰ ਰਾਤ ਧਰਮਪੁਰ ਬਾਜ਼ਾਰ ਖੇਤਰ 'ਚ ਅਚਾਨਕ ਹੜ੍ਹ ਆਉਣ ਕਾਰਨ ਮੁੱਖ ਬੱਸ ਅੱਡਾ ਤੇ ਇਸ ਦੇ ਨੇੜਲੇ ਕਾਰੋਬਾਰੀ ਅਦਾਰੇ ਡੁੱਬ ਗਏ। ਹੜ੍ਹ ਵਿੱਚ ਐੱਚ ਆਰ ਟੀ ਸੀ ਦੀਆਂ 20 ਬੱਸਾਂ ਰੁੜ੍ਹ ਗਈਆਂ ਅਤੇ 25 ਨਿੱਜੀ ਵਾਹਨਾਂ ਨੂੰ ਨੁਕਸਾਨ ਪਹੁੰਚਿਆ ਹੈ। ਤਕਰੀਬਨ 70 ਦੁਕਾਨਾਂ ਪਾਣੀ 'ਚ ਡੁੱਬ ਗਈਆਂ ਹਨ। ਕਈ ਘਰਾਂ ਵਿੱਚ ਵੀ ਪਾਣੀ ਭਰ ਗਿਆ ਹੈ। ਇੱਥੇ ਹੀ ਤਕਰੀਬਨ 150 ਵਿਦਿਆਰਥੀਆਂ ਵਾਲੇ ਇੱਕ ਹੋਸਟਲ 'ਚ ਵੀ ਪਾਣੀ ਭਰ ਗਿਆ ਪਰ ਸਾਰੇ ਵਿਦਿਆਰਥੀ ਸੁਰੱਖਿਅਤ ਦੱਸੇ ਜਾ ਰਹੇ ਹਨ। ਧਰਮਪੁਰ 'ਚ ਅਚਾਨਕ ਆਏ ਹੜ੍ਹ ਕਾਰਨ ਦੋ ਵਿਅਕਤੀ ਲਾਪਤਾ ਵੀ ਦੱਸੇ ਜਾ ਰਹੇ ਹਨ। ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਧਰਮਪੁਰ ਜਾ ਕੇ ਹੜ੍ਹਾਂ ਤੇ ਢਿੱਗਾਂ ਡਿੱਗਣ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਹੈ।

ਦੂਜੇ ਪਾਸੇ ਉੱਤਰਾਖੰਡ ਦੀ ਰਾਜਧਾਨੀ ਦੇਹਰਾਦੂਨ ਅਤੇ ਸੂਬੇ ਦੇ ਕਈ ਹੋਰ ਹਿੱਸਿਆਂ 'ਚ ਰਾਤ ਭਰ ਬੱਦਲ ਫਟਣ ਤੇ ਭਾਰੀ ਮੀਂਹ ਕਾਰਨ ਵੱਡੇ ਪੱਧਰ 'ਤੇ ਤਬਾਹੀ ਮਚੀ ਹੈ। ਨਦੀਆਂ-ਨਾਲਿਆਂ 'ਚ ਵਧੇ ਪਾਣੀ ਦੇ ਪੱਧਰ ਕਾਰਨ ਇਮਾਰਤਾਂ, ਸੜਕਾਂ ਤੇ ਪੁਲ ਰੁੜ੍ਹ ਗਏ ਜਿਸ ਕਾਰਨ 15 ਵਿਅਕਤੀਆਂ ਦੀ ਮੌਤ ਹੋ ਗਈ, 16 ਲਾਪਤਾ ਹੋ ਗਏ ਅਤੇ ਪਹਾੜੀ ਸੂਬੇ ਦੀਆਂ ਵੱਖ ਵੱਖ ਥਾਵਾਂ 'ਤੇ 900 ਤੋਂ ਵੱਧ ਲੋਕ ਫਸੇ ਹੋਏ ਹਨ। ਰਾਜ ਐਮਰਜੈਂਸੀ ਸੰਚਾਲਨ ਕੇਂਦਰ ਨੇ ਦੱਸਿਆ ਕਿ ਖਰਾਬ ਮੌਸਮ ਵਿਚਾਲੇ ਲਾਪਤਾ ਵਿਅਕਤੀਆਂ ਦੀ ਭਾਲ ਜਾਰੀ ਹੈ ਜਦਕਿ ਐੱਨ ਡੀ ਆਰ ਐੱਫ, ਐੱਸ ਡੀ ਆਰ ਐੱਫ ਅਤੇ ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੇ ਫਸੇ ਹੋਏ ਜ਼ਿਆਦਾਤਰ ਲੋਕਾਂ ਨੂੰ ਸੁਰੱਖਿਅਤ ਕੱਢ ਲਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਭਾਰੀ ਮੀਂਹ ਤੋਂ ਬਾਅਦ ਜ਼ਿਆਦਾਤਰ ਨਦੀਆਂ ਚੜ੍ਹੀਆਂ ਹੋਈਆਂ ਹਨ। ਤਮਸਾ ਨਦੀ, ਜਿਸ ਨੂੰ ਟੌਂਸ ਨਦੀ ਵੀ ਕਿਹਾ ਜਾਂਦਾ ਹੈ, ਨੇ ਆਪਣੇ ਤੱਟ 'ਤੇ ਸਥਿਤ ਮਸ਼ਹੂਰ ਟਪਕੇਸ਼ਵਰ ਮੰਦਰ ਨੂੰ ਡੁਬੋ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਮੀਂਹ ਕਾਰਨ ਵਾਪਰੀਆਂ ਘਟਨਾਵਾਂ 'ਚ ਦੇਹਰਾਦੂਨ ਵਿੱਚ 13 ਜਦਕਿ ਨੈਨੀਤਾਲ 'ਚ ਦੋ ਤੇ ਪਿਥੌਰਾਗੜ੍ਹ 'ਚ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਇਕੱਲੇ ਦੇਹਰਾਦੂਨ ਜ਼ਿਲ੍ਹੇ 'ਚ ਸੱਤ ਵਿਅਕਤੀ ਹੜ੍ਹ 'ਚ ਰੁੜ੍ਹ ਗਏ ਦੱਸੇ ਜਾ ਰਹੇ ਹਨ।

ਅਧਿਕਾਰੀਆਂ ਨੇ ਦੱਸਿਆ ਕਿ ਬਚਾਅ ਕਰਮੀ ਕੁਦਰਤੀ ਆਫ਼ਤ ਕਾਰਨ ਫਸੇ ਲੋਕਾਂ ਨੂੰ ਬਚਾਉਣ 'ਚ ਜੁਟੇ ਹੋਏ ਹਨ। ਐੱਸ ਡੀ ਆਰ ਐੱਫ ਨੇ ਦੇਹਰਾਦੂਨ ਦੇ ਪੌਂਡਾ ਖੇਤਰ 'ਚ ਇੱਕ ਵਿੱਦਿਅਕ ਸੰਸਥਾ 'ਚ ਫਸੇ 400-500 ਵਿਦਿਆਰਥੀਆਂ ਨੂੰ ਸੁਰੱਖਿਅਤ ਕੱਢਿਆ ਗਿਆ ਹੈ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਦੇਹਰਾਦੂਨ ਜ਼ਿਲ੍ਹੇ ਦੇ ਮੀਂਹ ਕਾਰਨ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਅਧਿਕਾਰੀਆਂ ਨੂੰ ਰਾਹਤ ਤੇ ਬਚਾਅ ਕਾਰਜਾਂ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਹਾਲਾਤ ਬਾਰੇ ਜਾਣਕਾਰੀ ਦਿੱਤੀ ਹੈ।

## ਹਿਮਾਚਲ ਮੌਨਸੂਨ: ਭਾਰੀ ਮੀਂਹ...

46 ਬੱਦਲ ਫਟਣ, 98 ਹੜ੍ਹ ਅਤੇ 145 ਵੱਡੇ ਵੱਡੇ ਪੱਧਰ 'ਤੇ ਢਿੱਗਾਂ ਡਿੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ, ਜਿਸ ਵਿੱਚ 417 ਲੋਕਾਂ ਦੀ ਮੌਤ ਹੋ ਚੁੱਕੀ ਹੈ। ਮਰਨ ਵਾਲਿਆਂ ਵਿੱਚੋਂ 231 ਨੇ ਮੀਂਹ ਨਾਲ ਸੰਬੰਧਿਤ ਘਟਨਾਵਾਂ ਵਿੱਚ ਅਤੇ 181 ਸੜਕ ਹਾਦਸਿਆਂ ਵਿੱਚ ਆਪਣੀ ਜਾਨ ਗਵਾਈ। ਇਸ ਤੋਂ ਇਲਾਵਾ ਲਗਪਗ 477 ਲੋਕ ਜ਼ਖਮੀ ਹੋਏ ਹਨ, ਜਦੋਂ ਕਿ 45 ਅਜੇ ਵੀ ਲਾਪਤਾ ਹਨ।

ਸਟੇਟ ਐਮਰਜੈਂਸੀ ਅਪਰੇਸ਼ਨ ਸੈਂਟਰ ਦੇ ਅੰਕੜਿਆਂ ਅਨੁਸਾਰ 1,502 ਘਰ ਪੂਰੀ ਤਰ੍ਹਾਂ ਨੁਕਸਾਨੇ ਗਏ ਹਨ ਜਦੋਂ ਕਿ 6,503 ਨੂੰ ਅੰਸ਼ਿਕ ਨੁਕਸਾਨ ਪਹੁੰਚਿਆ ਹੈ ਅਤੇ ਹੁਣ ਤੱਕ ਸੂਬੇ ਨੂੰ 4,582 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ।

ਸਭ ਤੋਂ ਵੱਧ ਨੁਕਸਾਨ ਲੋਕ ਨਿਰਮਾਣ ਵਿਭਾਗ ਨੂੰ ਹੋਇਆ ਹੈ, ਜਿਸ ਦਾ ਨੁਕਸਾਨ 2,803 ਕਰੋੜ ਰੁਪਏ ਹੈ। ਇਸ ਤੋਂ ਬਾਅਦ ਜਲ ਸ਼ਕਤੀ ਵਿਭਾਗ ਨੂੰ 1,405 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਲਗਾਤਾਰ ਆ ਰਹੀਆਂ ਕੁਦਰਤੀ ਆਫ਼ਤਾਂ ਨੇ ਪਹਾੜੀ ਰਾਜ ਵਿੱਚ ਜੀਵਨ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਮੰਗਲਵਾਰ ਸ਼ਾਮ ਨੂੰ ਸੂਬੇ ਵਿੱਚ ਤਿੰਨ ਕੌਮੀ ਸਾਹਰਾਹਾਂ ਸਮੇਤ 655 ਸੜਕਾਂ ਬੰਦ ਕਰ ਦਿੱਤੀਆਂ ਗਈਆਂ ਸਨ।

## ਨਸ਼ੀਲੇ ਪਦਾਰਥਾਂ ਦੀ...

ਤਸਕਰੀ ਕਰਕੇ ਸੰਯੁਕਤ ਰਾਜ ਅਮਰੀਕਾ ਅਤੇ ਇਸਦੇ ਨਾਗਰਿਕਾਂ ਦੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੇ ਹਨ। ਸੋਮਵਾਰ ਨੂੰ ਕਾਂਗਰਸ ਨੂੰ ਪੇਸ਼ ਕੀਤੇ ਗਏ ਆਪਣੇ "ਪ੍ਰੈਜ਼ੀਡੈਂਸ਼ੀਅਲ ਡਿਟਰਮਿਨੇਸ਼ਨ" ਵਿੱਚ ਟਰੰਪ ਨੇ ਕਿਹਾ ਕਿ ਉਸਨੇ 23 ਦੇਸ਼ਾਂ ਨੂੰ "ਨਸ਼ੀਲੇ ਪਦਾਰਥਾਂ ਦੇ ਗੈਰ-ਕਾਨੂੰਨੀ ਉਤਪਾਦਨ ਅਤੇ ਤਸਕਰੀ ਵਿੱਚ ਸ਼ਾਮਲ ਪ੍ਰਮੁੱਖ ਦੇਸ਼ਾਂ" ਵਜੋਂ ਪਛਾਣਿਆ ਹੈ। ਉਸਨੇ ਕਿਹਾ ਕਿ ਇਹਨਾਂ ਦੇਸ਼ਾਂ ਵਿੱਚ ਅਫਗਾਨਿਸਤਾਨ, ਬਹਾਮਾਸ, ਬੇਲੀਜ਼, ਬੋਲੀਵੀਆ, ਮਿਆਂਮਾਰ, ਚੀਨ, ਕੋਲੰਬੀਆ, ਕੋਸਟਾ ਰੀਕਾ, ਡੋਮਿਨਿਕਨ ਰੀਪਬਲਿਕ, ਇਕਵਾਡੋਰ, ਅਲ ਸਲਵਾਡੋਰ, ਗੁਆਟੇਮਾਲਾ, ਹੈਤੀ, ਹੋਂਡੁਰਾਸ, ਭਾਰਤ, ਜਮੈਕਾ, ਲਾਓਸ, ਮੈਕਸੀਕੋ, ਨਿਕਾਰਾਗੁਆ, ਪਾਕਿਸਤਾਨ, ਪਨਾਮਾ, ਪੇਰੂ ਅਤੇ ਵੈਨੇਜ਼ੁਏਲਾ ਸ਼ਾਮਲ ਹਨ।

"ਪ੍ਰੈਜ਼ੀਡੈਂਸ਼ੀਅਲ ਡਿਟਰਮਿਨੇਸ਼ਨ" ਵ੍ਹਾਈਟ ਹਾਊਸ ਦੁਆਰਾ ਜਾਰੀ ਇੱਕ ਕਿਸਮ ਦਾ ਮਾਰਗਦਰਸ਼ਨ ਹੈ ਜੋ ਅਮਰੀਕੀ ਸੰਘੀ ਸਰਕਾਰ ਦੀ ਕਾਰਜਕਾਰੀ ਸ਼ਾਖਾ ਦੀ ਅਧਿਕਾਰਤ ਨੀਤੀ ਜਾਂ ਰੁਖ਼ ਦੇ ਹਿੱਸੇ ਵਜੋਂ ਲਏ ਗਏ ਫੈਸਲਿਆਂ ਦੀ ਰੂਪਰੇਖਾ ਦਿੰਦਾ ਹੈ। ਵ੍ਹਾਈਟ ਹਾਊਸ ਨੇ ਕਿਹਾ ਕਿ ਟਰੰਪ ਨੇ ਕਾਂਗਰਸ ਨੂੰ ਅਮਰੀਕਾ ਵਿੱਚ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਸਪਲਾਈ ਅਤੇ ਤਸਕਰੀ ਲਈ ਜ਼ਿੰਮੇਵਾਰ "ਮੁੱਖ ਦੇਸ਼ਾਂ ਦੀ ਸੂਚੀ" ਸੌਂਪੀ। ਵਿਦੇਸ਼ ਵਿਭਾਗ ਨੇ ਕਿਹਾ ਕਿ "ਪ੍ਰੈਜ਼ੀਡੈਂਸ਼ੀਅਲ ਡਿਟਰਮਿਨੇਸ਼ਨ" ਵਿੱਚ ਜ਼ਿਕਰ ਕੀਤੇ ਗਏ 23 ਦੇਸ਼ਾਂ ਵਿੱਚੋਂ ਪੰਜ (ਅਫਗਾਨਿਸਤਾਨ, ਬੋਲੀਵੀਆ, ਮਿਆਂਮਾਰ, ਕੋਲੰਬੀਆ ਅਤੇ ਵੈਨੇਜ਼ੁਏਲਾ) ਨੂੰ "ਉਹਨਾਂ ਰਾਜਾਂ ਵਜੋਂ ਸੂਚੀਬੱਧ ਕੀਤਾ ਗਿਆ ਹੈ ਜੋ ਸਪੱਸ਼ਟ ਤੌਰ 'ਤੇ ਢੁਕਵੇਂ ਯਤਨ ਕਰਨ ਵਿੱਚ ਅਸਫਲ ਰਹੇ ਹਨ" ਅਤੇ ਉਨ੍ਹਾਂ ਨੂੰ ਆਪਣੇ ਨਸ਼ੀਲੇ ਪਦਾਰਥ ਵਿਰੋਧੀ ਕਾਰਜਾਂ ਨੂੰ ਬਿਹਤਰ ਬਣਾਉਣ ਲਈ ਕਿਹਾ ਗਿਆ ਹੈ।

ਵਿਭਾਗ ਦੁਆਰਾ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਦੇਸ਼ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਅਤੇ ਉਨ੍ਹਾਂ ਦੇ ਨਿਰਮਾਣ ਵਿੱਚ ਵਰਤੇ ਜਾਣ ਵਾਲੇ ਰਸਾਇਣਾਂ ਦੇ ਉਤਪਾਦਨ ਅਤੇ ਤਸਕਰੀ ਦੁਆਰਾ ਅਮਰੀਕਾ ਅਤੇ ਇਸਦੇ ਨਾਗਰਿਕਾਂ ਦੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੇ ਹਨ। ਵਿਦੇਸ਼ ਵਿਭਾਗ ਨੇ ਸਪੱਸ਼ਟ ਕੀਤਾ ਕਿ ਸੂਚੀ ਵਿੱਚ ਕਿਸੇ ਦੇਸ਼ ਦੀ ਮੌਜੂਦਗੀ ਜ਼ਰੂਰੀ ਤੌਰ 'ਤੇ ਉਸ ਦੇਸ਼ ਦੀ ਸਰਕਾਰ ਦੇ ਨਸ਼ੀਲੇ ਪਦਾਰਥਾਂ ਵਿਰੋਧੀ ਯਤਨਾਂ ਜਾਂ ਸੰਯੁਕਤ ਰਾਜ ਅਮਰੀਕਾ ਨਾਲ ਉਸਦੇ ਸਹਿਯੋਗ ਦੇ ਪੱਧਰ ਨੂੰ ਦਰਸਾਉਂਦੀ ਨਹੀਂ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇਹ ਸੂਚੀ "ਭੂਗੋਲਿਕ, ਵਪਾਰਕ ਅਤੇ ਆਰਥਿਕ ਕਾਰਕਾਂ ਦੇ ਸੁਮੇਲ 'ਤੇ ਅਧਾਰਤ ਹੈ ਜੋ ਨਸ਼ੀਲੇ ਪਦਾਰਥਾਂ ਜਾਂ ਉਨ੍ਹਾਂ ਦੇ ਨਿਰਮਾਣ ਵਿੱਚ ਵਰਤੇ ਜਾਣ ਵਾਲੇ ਰਸਾਇਣਾਂ ਦੇ ਉਤਪਾਦਨ ਜਾਂ ਤਸਕਰੀ ਦੀ ਆਗਿਆ ਦਿੰਦੇ ਹਨ, ਭਾਵੇਂ ਸਰਕਾਰਾਂ ਦੇ ਨਸ਼ੀਲੇ ਪਦਾਰਥਾਂ ਦੇ ਉਤਪਾਦਨ ਅਤੇ ਤਸਕਰੀ ਦਾ ਮੁਕਾਬਲਾ ਕਰਨ ਲਈ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਕਾਨੂੰਨ ਲਾਗੂ ਕਰਨ ਵਾਲੇ ਉਪਾਅ ਕਿਉਂ ਨਾ ਹੋਣ।"

"ਪ੍ਰੈਜ਼ੀਡੈਂਸ਼ੀਅਲ ਡਿਟਰਮਿਨੇਸ਼ਨ" ਵਿੱਚ ਟਰੰਪ ਨੇ ਚੀਨ ਨੂੰ ਫੈਂਟਾਨਿਲ ਦੇ ਗੈਰ-ਕਾਨੂੰਨੀ ਉਤਪਾਦਨ ਨੂੰ ਵਧਾਉਣ ਵਾਲੇ ਰਸਾਇਣਾਂ ਦਾ "ਦੁਨੀਆ ਦਾ ਸਭ ਤੋਂ ਵੱਡਾ ਸਰੋਤ" ਦੱਸਿਆ। ਉਨ੍ਹਾਂ ਕਿਹਾ ਕਿ ਚੀਨ ਨਸ਼ੀਲੇ ਪਦਾਰਥਾਂ ਦੀ ਵਿਸ਼ਵਵਿਆਪੀ ਮਹਾਂਮਾਰੀ ਨੂੰ ਵਧਾਉਣ ਵਾਲੇ ਪ੍ਰਮੁੱਖ ਸਪਲਾਇਰਾਂ ਵਿੱਚੋਂ ਇੱਕ ਹੈ, ਜਿਸ ਵਿੱਚ ਨਾਈਟਰਾਜ਼ੇਪਾਮ ਅਤੇ ਮੇਥਾਮਫੇਟਾਮਾਈਨ ਸ਼ਾਮਲ ਹਨ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਚੀਨੀ ਲੀਡਰਸ਼ਿਪ "ਇਨ੍ਹਾਂ ਰਸਾਇਣਾਂ ਦੀ ਸਪਲਾਈ ਨੂੰ ਘਟਾਉਣ ਅਤੇ ਉਨ੍ਹਾਂ ਦੀ ਉਪਲਬਧਤਾ ਨੂੰ ਸੌਖਾ ਬਣਾਉਣ ਵਾਲੇ ਅਪਰਾਧੀਆਂ 'ਤੇ ਮੁਕੱਦਮਾ ਚਲਾਉਣ ਲਈ ਸਖ਼ਤ ਅਤੇ ਨਿਰੰਤਰ ਕਾਰਵਾਈ ਕਰ ਸਕਦੀ ਹੈ ਅਤੇ ਕਰਨੀ ਚਾਹੀਦੀ ਹੈ।"

## ਅਮਰੀਕੀ ਅਦਾਲਤ ਨੇ...

ਫੈਡਰਲ ਰਿਜ਼ਰਵ ਅੱਜ ਅਤੇ ਕੱਲ੍ਹ ਵਿਆਜ ਦਰਾਂ 'ਤੇ ਵਿਚਾਰ ਕਰਨ ਅਤੇ ਅਹਿਮ ਫੈਸਲੇ ਲੈਣ ਲਈ ਮੀਟਿੰਗ ਕਰ ਰਿਹਾ ਹੈ, ਜਿਸ ਦਾ ਅਸਰ ਅਮਰੀਕਾ ਸਮੇਤ ਭਾਰਤ ਦੀ ਅਰਥਵਿਵਸਥਾ 'ਤੇ ਵੀ ਪਵੇਗਾ। ਇਹ ਮੀਟਿੰਗ ਹੁਣ ਲੀਸਾ ਕੁਕ ਦੀ ਨਿਗਰਾਨੀ ਹੇਠ ਹੋਵੇਗੀ।

**ਟਰੰਪ ਨੇ ਲੀਸਾ ਕੁਕ ਨੂੰ ਕਿਉਂ ਹਟਾਇਆ ਸੀ?**

ਅਗਸਤ 2025 ਵਿੱਚ ਰਾਸ਼ਟਰਪਤੀ ਟਰੰਪ ਨੇ ਲੀਸਾ ਕੁਕ ਨੂੰ ਫੈਡਰਲ ਰਿਜ਼ਰਵ ਦੀ ਗਵਰਨਰ ਦੇ ਅਹੁਦੇ ਤੋਂ ਹਟਾਉਣ ਦਾ ਹੁਕਮ ਜਾਰੀ ਕੀਤਾ ਸੀ। ਉਨ੍ਹਾਂ 'ਤੇ ਮੌਰਗੇਜ ਲੋਨ ਸਬੰਧੀ ਧੋਖਾਧੜੀ ਦੇ ਦੋਸ਼ ਲਗਾਏ ਗਏ ਸਨ। ਆਰੋਪ ਸੀ ਕਿ ਲੀਸਾ ਨੇ ਲੋਨ ਲੈਣ ਸਮੇਂ ਪ੍ਰਾਪਰਟੀ ਸਬੰਧੀ ਦਸਤਾਵੇਜ਼ਾਂ ਵਿੱਚ ਹੇਰਾਫੇਰੀ ਕੀਤੀ। ਟਰੰਪ ਨੇ ਉਨ੍ਹਾਂ ਨੂੰ ਹਟਾਉਣ ਦੇ ਨਾਲ-ਨਾਲ ਵਿਭਾਗੀ ਜਾਂਚ ਦੇ ਹੁਕਮ ਵੀ ਦਿੱਤੇ ਸਨ।

**ਮੌਰਗੇਜ ਧੋਖਾਧੜੀ ਦਾ ਵਿਵਾਦ ਕੀ ਹੈ?**

ਲੀਸਾ ਕੁਕ ਨੂੰ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਨੇ ਫੈਡਰਲ ਰਿਜ਼ਰਵ ਗਵਰਨਰ ਦੇ ਅਹੁਦੇ ਲਈ ਨਾਮਜ਼ਦ ਕੀਤਾ ਸੀ। ਕਮਲਾ ਹੈਰਿਸ ਦੇ ਵੋਟ ਨਾਲ ਉਹ ਮਈ 2022 ਵਿੱਚ ਇਸ ਅਹੁਦੇ 'ਤੇ ਚੁਣੀ ਗਈ ਸੀ। ਸਤੰਬਰ 2023 ਵਿੱਚ ਉਨ੍ਹਾਂ ਦਾ ਕਾਰਜਕਾਲ 2038 ਤੱਕ ਵਧਾ ਦਿੱਤਾ ਗਿਆ ਸੀ। ਪਰ ਅਗਸਤ 2025 ਵਿੱਚ ਟਰੰਪ ਨੇ ਮੌਰਗੇਜ ਧੋਖਾਧੜੀ ਦੇ ਆਰੋਪਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ।

## ਜਾਰਜੀਆ 'ਚ 56 ਭਾਰਤੀ...

ਉਨ੍ਹਾਂ ਨੂੰ ਇਸ ਤਰ੍ਹਾਂ ਫ਼ਿਲਮਾਇਆ ਜਿਵੇਂ ਉਹ ਅਪਰਾਧੀ ਹੋਣ ਪਰ ਜਦੋਂ ਯਾਤਰੀਆਂ ਨੇ ਵੀਡੀਉ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਰੋਕ ਦਿਤਾ ਗਿਆ। ਹੈਰਾਨ ਕਰਨ ਵਾਲੀ ਗੱਲ ਹੈ ਕਿ ਅਧਿਕਾਰੀਆਂ ਨੇ ਉਨ੍ਹਾਂ ਦੇ ਦਸਤਾਵੇਜ਼ਾਂ ਦੀ ਜਾਂਚ ਵੀ ਨਹੀਂ ਕੀਤੀ ਅਤੇ ਉਨ੍ਹਾਂ ਦੇ ਵੀਜ਼ੇ ਨੂੰ ਗ਼ੈਰ ਕਾਨੂੰਨੀ ਐਲਾਨ ਦਿਤਾ। ਪਟੇਲ ਨੇ ਇਸ ਨੂੰ ਸ਼ਰਮਨਾਕ ਅਤੇ ਅਸਵੀਕਾਰਨਯੋਗ ਕਿਹਾ। ਅਪਣੀ ਪੋਸਟ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਟੈਗ ਕਰਦੇ ਹੋਏ, ਉਨ੍ਹਾਂ ਨੇ ਭਾਰਤ ਸਰਕਾਰ ਨੂੰ ਇਸ ਮਾਮਲੇ 'ਤੇ ਸਖ਼ਤ ਰੁਖ਼ ਅਪਣਾਉਣ ਦੀ ਅਪੀਲ ਕੀਤੀ। ਇਹ ਘਟਨਾ ਸਦਾਖਲੋ ਸਰਹੱਦ 'ਤੇ ਵਾਪਰੀ ਜੋ ਕਿ ਅਰਮੀਨੀਆ ਤੇ ਜਾਰਜੀਆ ਵਿਚਕਾਰ ਮੁੱਖ ਜ਼ਮੀਨੀ ਰਸਤਾ ਹੈ।

## CM ਮਾਨ ਵੱਲੋਂ...

ਇਸ ਦੇ ਪਾਣੀਆਂ ਵਿੱਚ ਵਹਿ ਗਏ। ਭਗਵੰਤ ਸਿੰਘ ਮਾਨ ਨੇ ਕਿਹਾ ਕਿ 2300 ਪਿੰਡ ਡੁੱਬ ਗਏ ਹਨ, 20 ਲੱਖ ਲੋਕ ਪ੍ਰਭਾਵਿਤ ਹੋਏ ਹਨ, ਪੰਜ ਲੱਖ ਏਕੜ ਫਸਲ ਤਬਾਹ ਹੋ ਗਈ ਹੈ, 56 ਕੀਮਤੀ ਜਾਨਾਂ ਚਲੀਆਂ ਅਤੇ 7 ਲੱਖ ਲੋਕ ਬੇਘਰ ਹੋ ਗਏ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ 3200 ਸਕੂਲ ਬਰਬਾਦ ਹੋ ਗਏ, 19 ਕਾਲਜ ਮਲਬੇ ਵਿੱਚ ਬਦਲ ਗਏ, 1400 ਕਲੀਨਿਕ ਤੇ ਹਸਪਤਾਲ ਖੰਡਰ ਬਣ ਗਏ ਹਨ, 8500 ਕਿਲੋਮੀਟਰ ਸੜਕਾਂ ਦੀ ਹਾਲਤ ਬਦਤਰ ਹੋ ਗਈ ਅਤੇ 2500 ਪੁਲ ਢਹਿ ਗਏ। ਉਨ੍ਹਾਂ ਕਿਹਾ ਕਿ ਮੁਢਲੇ ਅਨੁਮਾਨਾਂ ਮੁਤਾਬਕ 13,800 ਕਰੋੜ ਰੁਪਏ ਦਾ ਘਾਟਾ ਪਿਆ ਹੈ ਜਦਕਿ ਨੁਕਸਾਨ ਇਸ ਤੋਂ ਵੀ ਕਿਤੇ ਵੱਧ ਹੋ ਸਕਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਵੇਂ ਇਹ ਪੰਜਾਬ ਦੇ ਇਤਿਹਾਸ ਦਾ ਸਭ ਤੋਂ ਭਿਆਨਕ ਦੁਖਾਂਤ ਹੈ, ਪਰ ਇਸ ਦੇ ਨਾਲ ਇਹ ਪੰਜਾਬ ਲਈ ਸਭ ਤੋਂ ਵੱਡੀ ਇਮਤਿਹਾਨ ਦੀ ਘੜੀ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬ ਨੇ ਕਿਸੇ ਸੰਕਟ ਦਾ ਸਾਹਮਣਾ ਕੀਤਾ ਹੈ, ਪੰਜਾਬੀ ਕਦੇ ਸੰਕਟ ਦੇ ਸਾਹਮਣੇ ਝੁਕੇ ਨਹੀਂ ਸਗੋਂ ਹਮੇਸ਼ਾ ਚਟਾਨ ਵਾਂਗ ਹਿੱਕ ਤਾਣ ਕੇ ਖੜ੍ਹੇ ਹੋਏ ਹਾਂ।

ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹਾਂ ਦੇ ਦੌਰਾਨ ਵੀ ਨੌਜਵਾਨ ਆਪਣੀ ਜਾਨ ਜ਼ੋਖਮ ਵਿੱਚ ਪਾ ਕੇ ਲੋਕਾਂ ਨੂੰ ਬਚਾ ਰਹੇ ਸਨ। ਉਨ੍ਹਾਂ ਕਿਹਾ ਕਿ ਕਿਵੇਂ ਗੁਰਦੁਆਰੇ, ਮੰਦਰ ਅਤੇ ਹੋਰ ਧਾਰਮਿਕ ਅਸਥਾਨ ਮਦਦ ਲਈ ਆਪਣੇ ਦਰਵਾਜ਼ੇ ਖੋਲ੍ਹ ਰਹੇ ਸਨ ਅਤੇ ਲੰਗਰ ਚਲਾ ਰਹੇ ਸਨ, ਕਿਵੇਂ ਪੂਰਾ ਪੰਜਾਬ ਮਾਲਾ ਦੇ ਮਣਕਿਆਂ ਵਾਂਗ ਇਕਜੁੱਟ ਹੋ ਕੇ ਪਰਿਵਾਰ ਵਾਂਗ ਖੜ੍ਹਾ ਹੋਇਆ। ਉਨ੍ਹਾਂ ਕਿਹਾ ਕਿ ਇਹੀ ਸਾਡੀ ਸਭ ਤੋਂ ਵੱਡੀ ਤਾਕਤ ਅਤੇ ਵਿਲੱਖਣਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸਮਾਂ ਰਾਹਤ ਅਤੇ ਪੁਨਰਵਾਸ ਤੋਂ ਅੱਗੇ ਵਧਣ ਦਾ ਆ ਗਿਆ ਹੈ ਕਿਉਂਕਿ ਸਾਡੇ ਕਿਸਾਨਾਂ ਨੂੰ ਦੁਬਾਰਾ ਖੇਤੀ ਕਰਨ ਦੀ ਲੋੜ ਹੈ, ਬੱਚਿਆਂ ਨੂੰ ਮੁੜ ਸਕੂਲ ਜਾਣਾ ਹੋਵੇਗਾ ਅਤੇ ਹੜ੍ਹ ਪੀੜਤ ਪਰਿਵਾਰਾਂ ਨੇ ਮੁੜ ਆਪਣੇ ਘਰ ਵਸਾਉਣੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਚੁਣੌਤੀਪੂਰਨ ਪ੍ਰਸਥਿਤੀਆਂ ਦੇ ਮੱਦੇਨਜ਼ਰ 'ਮਿਸ਼ਨ ਚੜ੍ਹਦੀ ਕਲਾ' ਦੀ ਸ਼ੁਰੂਆਤ ਕੀਤੀ ਗਈ ਹੈ। ਚੜ੍ਹਦੀ ਕਲਾ ਦਾ ਭਾਵ ਔਖੇ ਤੋਂ ਔਖੇ ਸਮੇਂ ਵਿੱਚ ਵੀ ਹੌਂਸਲੇ ਬੁਲੰਦ ਰੱਖਣਾ। ਹਰ ਦੁੱਖ ਵਿੱਚ ਵੀ ਮਜ਼ਬੂਤ ਰਹਿਣਾ। ਹਰ ਹਨੇਰੇ ਵਿੱਚ ਵੀ ਉਮੀਦਾਂ ਦੇ ਦੀਵੇ ਜਗਾਈ ਰੱਖਣਾ ਹੈ। ਉਨ੍ਹਾਂ ਕਿਹਾ ਕਿ ਆਓ, ਇਕਜੁੱਟ ਹੋ ਕੇ ਇਸ ਔਖੀ ਘੜੀ ਵਿੱਚ ਪੰਜਾਬ ਦੀ ਬਾਂਹ ਫੜੀਏ ਅਤੇ ਖੁੱਲ੍ਹੇ ਦਿਲ ਨਾਲ ਪੰਜਾਬ ਦੀ ਮਦਦ ਕਰੀਏ। ਭਗਵੰਤ ਸਿੰਘ ਮਾਨ ਨੇ ਵਾਅਦਾ ਕੀਤਾ ਕਿ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਆਇਆ ਇਕ-ਇਕ ਪੈਸਾ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਪੁਨਰਵਾਸ ਅਤੇ ਨਿਰਮਾਣ ਕਾਰਜਾਂ 'ਤੇ ਹੀ ਖਰਚ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ www.rangla.punjab.gov.in ਰਾਹੀਂ ਹੜ੍ਹ ਪੀੜਤਾਂ ਲਈ ਯੋਗਦਾਨ ਪਾਇਆ ਜਾ ਸਕਦਾ ਹੈ। ਉਨ੍ਹਾਂ ਨੇ ਉਮੀਦ ਪ੍ਰਗਟ ਕੀਤੀ ਕਿ ਅਸੀਂ ਸਾਰੇ ਇਕੱਠੇ ਮਿਲ ਕੇ ਮੁੜ ਸਾਬਤ ਕਰਾਂਗੇ ਕਿ ਪੰਜਾਬ ਕਦੇ ਹਾਰ ਨਹੀਂ ਮੰਨਦਾ। ਪੰਜਾਬ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੇ ਦਫ਼ਤਰ ਵਿੱਚ ਵਾਰ ਰੂਮ ਵੀ ਸਥਾਪਤ ਕੀਤਾ ਗਿਆ ਹੈ ਜੋ 'ਮਿਸ਼ਨ ਚੜ੍ਹਦੀ ਕਲਾ' ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਦੀ ਸਿੱਧੇ ਤੌਰ 'ਤੇ ਨਿਗਰਾਨੀ ਕਰੇਗਾ।

## ਕੈਨੇਡਾ 'ਚ ਇੰਮੀਗ੍ਰੇਸ਼ਨ ਵੱਲੋਂ...

ਬਿਲ ਸੀ-2 ਫੈਡਰਲ ਸਰਕਾਰ ਦੀਆਂ ਤਾਕਤਾਂ ਵਿਚ ਅਥਾਹ ਵਾਧਾ ਕਰਦਾ ਹੈ ਜਿਨ੍ਹਾਂ ਰਾਹੀਂ ਨਵੀਆਂ ਅਰਜ਼ੀਆਂ ਦੀ ਪ੍ਰੋਸੈਸਿੰਗ ਸਿੱਧੇ ਤੌਰ 'ਤੇ ਰੱਦ ਕੀਤੀ ਜਾ ਸਕੇਗੀ। ਮਾਰਕ ਕਾਰਨੀ ਦੀ ਸਰਕਾਰ ਵਿਚ ਇੰਮੀਗ੍ਰੇਸ਼ਨ ਮੰਤਰੀ ਦਾ ਅਹੁਦਾ ਸੰਭਾਲਣ ਵਾਲੀ ਨੋਵਾ ਸਕੋਸ਼ੀਆ ਤੋਂ ਐਮ.ਪੀ. ਲੀਨਾ ਡਿਆਬ ਹੁਣ ਤੱਕ ਜਨਤਕ ਤੌਰ 'ਤੇ ਸਰਗਰਮ ਨਜ਼ਰ ਨਹੀਂ ਆਈ ਪਰ ਮਾਹਰਾਂ ਨੇ ਖਦਸ਼ਾ ਜ਼ਾਹਰ ਕੀਤਾ ਕਿ ਇਹ ਤੂਫਾਨ ਆਉਣ ਤੋਂ ਪਹਿਲਾਂ ਵਾਲੀ ਸ਼ਾਂਤੀ ਹੋ ਸਕਦੀ ਹੈ। ਕੈਨੇਡਾ ਵਿਚੋਂ ਕੱਢੇ ਜਾਣ ਵਾਲਿਆਂ ਦੀ ਗਿਣਤੀ ਵਧਣ ਦਾ ਸੰਕੇਤ ਇਸ ਗੱਲ ਤੋਂ ਵੀ ਮਿਲਦਾ ਹੈ ਕਿ ਇੰਮੀਗ੍ਰੇਸ਼ਨ ਵਿਭਾਗ ਤਿੰਨ ਹਜ਼ਾਰ ਤੋਂ ਵੱਧ ਮੁਲਾਜ਼ਮਾਂ ਦੀ ਛਾਂਟੀ ਕਰ ਰਿਹਾ ਹੈ ਜਦਕਿ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵਿਚ ਇਕ ਹਜ਼ਾਰ ਨਵੇਂ ਅਫ਼ਸਰਾਂ ਦੀ ਭਰਤੀ ਕੀਤੀ ਜਾ ਰਹੀ ਹੈ। 'ਟੋਰਾਂਟੋ ਸਟਾਰ' ਵੱਲੋਂ ਪ੍ਰਕਾਸ਼ਤ ਰਿਪੋਰਟ ਮੁਤਾਬਕ ਆਉਂਦੇ ਦੋ ਸਾਲ ਦੌਰਾਨ ਸਰਕਾਰ ਦਾ ਸਭ ਤੋਂ ਵੱਧ ਜ਼ੋਰ ਟੈਂਪਰੇਰੀ ਰੈਜ਼ੀਡੈਂਟਸ ਨੂੰ ਕੈਨੇਡਾ ਵਿਚੋਂ ਕੱਢਣ 'ਤੇ ਰਹੇਗਾ।

**ਇੰਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ ਇਕੋ ਝਟਕੇ 'ਚ ਖ਼ਤਮ ਕਰੇਗੀ ਲਿਬਰਲ ਸਰਕਾਰ**

ਸਰਕਾਰ ਵੱਲੋਂ ਅਖਤਿਆਰ ਕੀਤੇ ਜਾਣ ਵਾਲੇ ਤਰੀਕਿਆਂ ਬਾਰੇ ਸਪੱਸ਼ਟ ਜਾਣਕਾਰੀ ਕਾਨੂੰਨ ਪਾਸ ਹੋਣ ਤੋਂ ਬਾਅਦ ਹੀ ਸਾਹਮਣੇ ਆ ਸਕਦੀ ਹੈ ਪਰ ਕਿਆਸੇ ਲਾਏ ਜਾ ਰਹੇ ਹਨ ਕਿ ਮੁਢਲੇ ਗੇੜ ਵਿਚ 2 ਜਾਂ 3 ਲੱਖ ਵਿਦੇਸ਼ੀ ਨਾਗਰਿਕਾਂ ਨੂੰ ਜਹਾਜ਼ ਚੜ੍ਹਾਉਣ ਦਾ ਟੀਚਾ ਮਿੱਥਿਆ ਗਿਆ ਹੈ। ਇਥੇ ਦਸਣਾ ਬਣਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੌਇਲੀਐਵ ਇੰਮੀਗ੍ਰੇਸ਼ਨ ਦੇ ਮੁੱਦੇ 'ਤੇ ਲਗਾਤਾਰ ਸਰਕਾਰ ਨੂੰ ਘੇਰਨ ਦੇ ਯਤਨ ਕਰ ਰਹੇ ਹਨ ਅਤੇ ਇਸ ਵਾਰ ਹਾਊਸ ਆਫ਼ ਕਾਮਨਜ਼ ਵਿਚ ਪ੍ਰਵਾਸੀਆਂ ਦਾ ਮੁੱਦਾ ਭਖਵੀਂ ਬਹਿਸ ਦਾ ਆਧਾਰ ਬਣ ਸਕਦਾ ਹੈ। ਵੈਨਕੂਵਰ ਦੇ ਇੰਮੀਗ੍ਰੇਸ਼ਨ ਵਕੀਲ ਜੌਨਾਥਨ ਲੀਬੋਸ਼ ਦਾ ਕਹਿਣਾ ਸੀ ਕਿ ਨਵੀਂ ਇੰਮੀਗ੍ਰੇਸ਼ਨ ਮੰਤਰੀ ਨੂੰ ਆਪਣੇ ਵਿਭਾਗ ਵਿਚੋਂ ਲਾਲਫ਼ੀਤਾਸ਼ਾਹੀ ਵੀ ਖ਼ਤਮ ਕਰਨੀ ਚਾਹੀਦੀ ਹੈ ਅਤੇ ਯਕੀਨੀ ਬਣਾਇਆ ਜਾਵੇ ਕਿ ਇੰਮੀਗ੍ਰੇਸ਼ਨ ਪ੍ਰਕਿਰਿਆ ਨਾਲ ਸਬੰਧਤ ਫੈਸਲੇ ਬਿਲਕੁਲ ਸਪੱਸ਼ਟ ਹੋਣ। ਮਿਸਾਲ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਐਡਮਿੰਟਨ ਦੇ ਪ੍ਰੋਸੈਸਿੰਗ ਸੈਂਟਰ ਵਿਚ ਵਰਕ ਪਰਮਿਟ ਦੀ ਮਿਆਦ ਵਿਚ ਵਾਧਾ ਕਰਵਾਉਣਾ ਟੇਢੀ ਖੀਰ ਸਾਬਤ ਹੁੰਦਾ ਹੈ।

## ਕੈਨੇਡਾ ਡਿਪੋਰਟ ਕਰੇਗਾ...

**34 ਵਿਚੋਂ ਸਿਰਫ਼ 4 ਭਾਰਤੀਆਂ ਨੂੰ ਮਿਲੀ ਪਨਾਹ**

ਟੋਰਾਂਟੋ ਦੀ ਇਸੇ ਅਦਾਲਤ ਵੱਲੋਂ ਇਕ ਹੋਰ ਪੰਜਾਬੀ ਨੌਜਵਾਨ ਜਗਜੀਤ ਸਿੰਘ ਨੂੰ ਡਿਪੋਰਟ ਕਰਨ ਦੇ ਹੁਕਮਾਂ 'ਤੇ ਰੋਕ ਲਾ ਦਿਤੀ ਗਈ ਜੋ ਵਿਜ਼ਟਰ ਵੀਜ਼ਾ 'ਤੇ ਕੈਨੇਡਾ ਪੁੱਜਾ ਸੀ ਪਰ ਬਾਅਦ ਵਿਚ ਪਨਾਹ ਦਾ ਦਾਅਵਾ ਪੇਸ਼ ਕਰ ਦਿਤਾ। ਇਸੇ ਦੌਰਾਨ ਉਸ ਨੇ ਕੈਨੇਡੀਅਨ ਸਿਟੀਜ਼ਨ ਨਾਲ ਵਿਆਹ ਕਰਵਾ ਲਿਆ ਪਰ ਪੀ.ਆਰ. ਮਿਲਣ ਤੋਂ ਪਹਿਲਾਂ ਹੀ ਉਸ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਸਨ। ਮੀਡੀਆ ਰਿਪੋਰਟ ਮੁਤਾਬਕ ਇੰਮੀਗ੍ਰੇਸ਼ਨ ਅਤੇ ਰਫ਼ਿਊਜੀ ਬੋਰਡ ਵੱਲੋਂ ਭਾਰਤੀ ਨਾਗਰਿਕਾਂ ਨਾਲ ਸਬੰਧਤ ਤਕਰੀਬਨ 10 ਹਜ਼ਾਰ ਅਸਾਇਲਮ ਕਲੇਮਜ਼ ਬਾਰੇ ਮੌਜੂਦਾ ਵਰ੍ਹੇ ਦੌਰਾਨ ਵਿਚਾਰ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ 1,025 ਪ੍ਰਵਾਨ ਹੋ ਗਏ ਜਦਕਿ 1,027 ਰੱਦ ਕਰ ਦਿਤੇ ਗਏ। 493 ਜਣਿਆਂ ਨੇ ਪਨਾਹ ਦੇ ਦਾਅਵੇ ਵਾਪਸ ਲੈ ਲਏ ਜਦਕਿ 2,857 ਭਾਰਤੀਆਂ ਨੂੰ ਡਿਪੋਰਟ ਕਰਨ ਦਾ ਹੁਕਮ ਦਿਤੇ ਗਏ ਹਨ।

# ਟਰੰਪ ਨੇ ਮੈਮਫ਼ਿਸ 'ਚ ਨੈਸ਼ਨਲ ਗਾਰਡ ਕੀਤੇ ਤਾਇਨਾਤ, ਅਪਰਾਧ 'ਤੇ ਸ਼ਿਕੰਜਾ ਕੱਸਣ ਦੇ ਦਿੱਤੇ ਹੁਕਮ



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਮਫ਼ਿਸ ਸ਼ਹਿਰ ਵਿੱਚ ਅਪਰਾਧ ਨਾਲ ਨਜਿੱਠਣ ਲਈ ਨੈਸ਼ਨਲ ਗਾਰਡ ਨੂੰ ਭੇਜਣ ਦਾ ਹੁਕਮ ਦਿੱਤਾ ਹੈ। ਇਹ ਫੌਜੀ ਬਲਾਂ ਦੀ ਵਰਤੋਂ ਰਾਹੀਂ ਅਮਰੀਕੀ ਸ਼ਹਿਰਾਂ ਵਿੱਚ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ ਦੇ ਟਰੰਪ ਦੇ ਯਤਨਾਂ ਦਾ ਹਿੱਸਾ ਹੈ। ਟਰੰਪ ਨੇ ਇਹ ਐਲਾਨ ਟੈਨੇਸੀ ਦੇ ਰਿਪਬਲਿਕਨ ਗਵਰਨਰ ਬਿਲ ਲੀ ਨਾਲ ਓਵਲ ਦਫ਼ਤਰ ਵਿੱਚ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਕਦਮ ਵਾਸ਼ਿੰਗਟਨ ਵਿੱਚ ਉਸਦੇ ਪਿਛਲੇ ਸਫਲ ਯਤਨਾਂ ਦੇ ਸਮਾਨ ਹੋਵੇਗਾ, ਜਿੱਥੇ ਉਸਨੇ ਨੈਸ਼ਨਲ ਗਾਰਡ ਨੂੰ ਤਾਇਨਾਤ ਕਰਕੇ ਅਪਰਾਧ ਘਟਾਏ ਸਨ।

ਦੱਸ ਦੇਈਏ ਕਿ ਟਰੰਪ ਦੀ ਵਾਸ਼ਿੰਗਟਨ ਤੋਂ ਬਾਅਦ ਸ਼ਿਕਾਗੋ ਵਿੱਚ ਫੌਜ ਤਾਇਨਾਤ ਕਰਨ ਦੀ ਧਮਕੀ ਲਗਾਤਾਰ ਚਰਚਾ ਵਿੱਚ ਹੈ। ਨੈਸ਼ਨਲ ਗਾਰਡ ਦੇ ਨਾਲ, ਐਫਬੀਆਈ, ਡਰੱਗ ਇਨਫੋਰਸਮੈਂਟ, ਇਮੀਗ੍ਰੇਸ਼ਨ ਅਤੇ ਯੂਐਸ ਮਾਰਸ਼ਲ ਸਰਵਿਸ ਦੇ ਅਧਿਕਾਰੀ ਵੀ ਮੈਮਫ਼ਿਸ ਵਿੱਚ ਮੌਜੂਦ ਰਹਿਣਗੇ। ਇਸ ਬਾਰੇ ਟਰੰਪ ਨੇ ਕਿਹਾ ਕਿ ਹੁਣ ਅਸੀਂ ਇੱਕ ਵੱਡੀ ਫੋਰਸ ਭੇਜ ਰਹੇ ਹਾਂ।

ਹਾਲਾਂਕਿ ਮੈਮਫ਼ਿਸ ਪੁਲਿਸ ਨੇ 2025 ਦੇ ਪਹਿਲੇ ਅੱਠ ਮਹੀਨਿਆਂ ਦੌਰਾਨ ਵੱਡੇ ਅਪਰਾਧਾਂ ਵਿੱਚ ਗਿਰਾਵਟ ਅਤੇ ਕਤਲਾਂ ਵਿੱਚ ਛੇ ਸਾਲਾਂ ਦੇ ਸਭ ਤੋਂ ਹੇਠਲੇ ਪੱਧਰ ਦੀ ਰਿਪੋਰਟ ਕੀਤੀ ਹੈ, ਪਰ ਸ਼ਹਿਰ ਬੰਦੂਕ ਹਿੰਸਾ ਨਾਲ ਗ੍ਰਸਤ ਹੈ। 2023 ਵਿੱਚ, ਮੈਮਫ਼ਿਸ ਵਿੱਚ 390 ਕਤਲਾਂ ਦਾ ਰਿਕਾਰਡ ਉੱਚਾ ਪੱਧਰ ਸੀ। ਗਵਰਨਰ ਬਿਲ ਲੀ ਨੇ ਨੈਸ਼ਨਲ ਗਾਰਡ ਦੀ ਤਾਇਨਾਤੀ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਉਹ ਅਪਰਾਧ ਤੋਂ ਥੱਕ ਗਏ ਹਨ ਅਤੇ ਮੈਮਫ਼ਿਸ ਨੂੰ ਅੱਗੇ ਵਧਾਉਣਾ ਚਾਹੁੰਦੇ ਹਨ। ਮੈਮਫ਼ਿਸ ਦੇ ਮੇਅਰ ਪਾਲ ਯੰਗ ਨੇ ਇਸ ਕਦਮ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੇ ਨੈਸ਼ਨਲ ਗਾਰਡ ਦੀ ਮੰਗ ਨਹੀਂ ਕੀਤੀ। ਟਰੰਪ ਨੇ ਕਿਹਾ ਕਿ ਅਗਲਾ ਕਦਮ ਸ਼ਾਇਦ ਸ਼ਿਕਾਗੋ ਹੋਵੇਗਾ, ਪਰ ਉੱਥੇ ਕੋਈ ਤੁਰੰਤ ਕਾਰਵਾਈ ਨਹੀਂ ਹੋਵੇਗੀ। ਉਨ੍ਹਾਂ ਨੇ ਸੇਂਟ ਲੁਈਸ ਅਤੇ ਬਾਲਟੀਮੋਰ ਦਾ ਵੀ ਜ਼ਿਕਰ ਕੀਤਾ, ਪਰ ਇਹ ਨਹੀਂ ਦੱਸਿਆ ਕਿ ਉੱਥੇ ਨੈਸ਼ਨਲ ਗਾਰਡ ਭੇਜਣਾ ਹੈ ਜਾਂ ਨਹੀਂ।

# ਪਿੰਡ ਜੀਦਾ 'ਚ ਹੋਏ ਧਮਾਕੇ ਮਾਮਲੇ 'ਚ ਬਠਿੰਡਾ ਪੁਲਿਸ ਨੇ ਗੁਰਪ੍ਰੀਤ ਸਿੰਘ ਦੀ ਪਾਈ ਗ੍ਰਿਫ਼ਤਾਰੀ

ਬਠਿੰਡਾ ਦੇ ਪਿੰਡ ਜੀਦਾ 'ਚ ਹੋਏ ਧਮਾਕਿਆਂ ਨਾਲ ਜੁੜੀ ਵੱਡੀ ਅਪਡੇਟ ਸਾਹਮਣੇ ਆਈ ਹੈ। ਬਠਿੰਡਾ ਪੁਲਿਸ ਨੇ ਮੁਲਜ਼ਮ ਗੁਰਪ੍ਰੀਤ ਸਿੰਘ ਦੀ ਗ੍ਰਿਫ਼ਤਾਰੀ ਪਾਈ ਹੈ ਤੇ ਮੁਲਜ਼ਮ ਨੂੰ ਕੋਰਟ 'ਚ ਪੇਸ਼ ਕੀਤਾ ਜਾ ਸਕਦਾ ਹੈ। ਪੁਲਿਸ ਨੂੰ ਮਾਮਲੇ ਦੀ ਜਾਂਚ ਦੌਰਾਨ ਸ਼ੱਕੀ ਸਾਮਾਨ ਬਰਾਮਦ ਹੋਇਆ ਹੈ। ਦੱਸ ਦੇਈਏ ਕਿ ਕੁਝ ਦਿਨ ਪਹਿਲਾਂ ਬਠਿੰਡਾ ਦੇ ਪਿੰਡ ਜੀਦਾ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਵੱਲੋਂ ਆਨਲਾਈਨ ਸਾਮਾਨ ਮੰਗਵਾਇਆ ਗਿਆ ਸੀ ਜਿਸ ਵਿਚ ਧਮਾਕਾ ਹੋਇਆ ਸੀ ਜਿਸ ਕਰਕੇ ਗੁਰਪ੍ਰੀਤ ਸਿੰਘ ਤੇ ਉਸ ਦਾ ਪਿਤਾ ਦੋਵੇਂ ਇਸ ਦਰਮਿਆਨ ਜ਼ਖਮੀ ਹੋ ਗਏ ਸਨ ਤੇ ਦੋਵੇਂ ਹੀ ਜੇਰੇ ਇਲਾਜ ਹਨ। ਇੰਨਾ ਹੀ ਨਹੀਂ ਇਸ ਤੋਂ ਬਾਅਦ ਜਾਂਚ ਟੀਮ ਜਦੋਂ ਪਿੰਡ ਜੀਦਾ ਗੁਰਪ੍ਰੀਤ ਸਿੰਘ ਦੇ ਘਰ ਪਹੁੰਚੀ ਤਾਂ ਉਸ ਵੇਲੇ ਵੀ ਸਾਮਾਨ ਵਿਚ ਫਿਰ ਤੋਂ 2 ਧਮਾਕੇ ਹੋਏ ਜਿਸ ਕਰਕੇ ਟੀਮ ਨੂੰ ਸ਼ੱਕ ਹੋਇਆ ਕਿ ਸਾਮਾਨ ਵਿਚ ਕੁਝ ਗੜਬੜ ਹੈ ਤੇ ਹੁਣ ਇਸੇ ਮਾਮਲੇ ਵਿਚ ਗੁਰਪ੍ਰੀਤ ਸਿੰਘ ਦੀ ਗ੍ਰਿਫਤਾਰੀ ਪਾਈ ਗਈ ਹੈ ਤੇ ਹੁਣ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਜਾਂਚ ਦੌਰਾਨ ਸ਼ੱਕੀ ਸਾਮਾਨ ਬਰਾਮਦ ਹੋਇਆ ਹੈ ਜਿਸ ਦੀ ਕੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਜਲਦ ਹੀ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ।

# ਫਰਜ਼ੀ ਐਨਕਾਊਂਟਰ ਕੇਸ 'ਚ ਜੇਲ੍ਹ 'ਚ ਸਜ਼ਾ ਕੱਟ ਰਹੇ ਸਾਬਕਾ ਇੰਸਪੈਕਟਰ ਦੀ ਮੌਤ

ਪਟਿਆਲਾ ਸੈਂਟਰਲ ਜੇਲ੍ਹ ਵਿੱਚ ਹੋਏ ਜਾਨਲੇਵਾ ਹਮਲੇ ਵਿੱਚ ਗੰਭੀਰ ਜ਼ਖਮੀ ਹੋਏ ਸਾਬਕਾ ਇੰਸਪੈਕਟਰ ਸੂਬਾ ਸਿੰਘ ਦੀ ਰਜਿੰਦਰਾ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਉਹ ਇੱਕ ਫਰਜ਼ੀ ਐਨਕਾਉਂਟਰ ਦੇ ਮਾਮਲੇ ਵਿੱਚ ਪਟਿਆਲਾ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਸੀ। ਸੂਬਾ ਸਿੰਘ, ਸਾਬਕਾ ਡੀਐਸਪੀ ਗੁਰਬਚਨ ਸਿੰਘ ਅਤੇ ਇੰਸਪੈਕਟਰ ਇੰਦਰਜੀਤ ਸਿੰਘ ਦੇ ਨਾਲ, ਜੋ ਕਿ ਜੇਲ੍ਹ ਵਿੱਚ ਵੀ ਸਨ, ਕੁਝ ਦਿਨ ਪਹਿਲਾਂ ਸੰਦੀਪ ਸਿੰਘ ਉਰਫ਼ ਸੰਨੀ ਵੱਲੋਂ ਕੀਤੇ ਗਏ ਜਾਨਲੇਵਾ ਹਮਲੇ ਵਿੱਚ ਗੰਭੀਰ ਜ਼ਖਮੀ ਹੋ ਗਏ ਸਨ। ਸੰਨੀ ਨਵੰਬਰ 2022 ਵਿੱਚ ਅੰਮ੍ਰਿਤਸਰ ਵਿੱਚ ਹਿੰਦੂ ਨੇਤਾ ਸੁਧੀਰ ਸੂਰੀ ਦੇ ਕਤਲ ਕੇਸ ਵਿੱਚ ਦੋਸ਼ੀ ਹੈ। ਪੁਲਿਸ ਨੇ ਪੁਲਿਸ ਅਧਿਕਾਰੀਆਂ 'ਤੇ ਜਾਨਲੇਵਾ ਹਮਲੇ ਲਈ ਤ੍ਰਿਪੜੀ ਪੁਲਿਸ ਸਟੇਸ਼ਨ ਵਿੱਚ ਸੰਦੀਪ ਸਿੰਘ ਵਿਰੁੱਧ ਕੇਸ ਦਰਜ ਕੀਤਾ ਸੀ।

ਰਿਪੋਰਟਾਂ ਅਨੁਸਾਰ, ਸੰਦੀਪ ਸਿੰਘ ਜੇਲ੍ਹ ਵਿੱਚ ਮੋਬਾਈਲ ਫੋਨ ਦੀ ਵਰਤੋਂ ਕਰ ਰਿਹਾ ਸੀ, ਜਿਸਦੀ ਜਾਣਕਾਰੀ ਸਾਬਕਾ ਪੁਲਿਸ ਅਧਿਕਾਰੀਆਂ ਨੇ ਜੇਲ੍ਹ ਪ੍ਰਸ਼ਾਸਨ ਨੂੰ ਦਿੱਤੀ ਸੀ। ਇਸ ਨਾਲ ਸੰਦੀਪ ਸਿੰਘ ਗੁੱਸੇ ਵਿੱਚ ਆ ਗਿਆ ਅਤੇ ਹਮਲਾ ਕਰਨ ਦਾ ਕਾਰਨ ਬਣਿਆ। ਦੱਸਿਆ ਜਾ ਰਿਹਾ ਹੈ ਕਿ ਸੰਦੀਪ ਸਿੰਘ ਨੇ ਪੁਲਿਸ ਅਧਿਕਾਰੀਆਂ 'ਤੇ ਡੰਡੇ ਨਾਲ ਹਮਲਾ ਕੀਤਾ। ਹਮਲੇ ਵਿੱਚ ਜ਼ਖਮੀ ਹੋਏ ਹੋਰ ਦੋ ਪੁਲਿਸ ਅਧਿਕਾਰੀ ਖ਼ਤਰੇ ਤੋਂ ਬਾਹਰ ਹਨ। ਜ਼ਿਕਰਯੋਗ ਹੈ ਕਿ 5 ਅਗਸਤ, 2025 ਨੂੰ ਇੰਸਪੈਕਟਰ ਸੂਬਾ ਸਿੰਘ ਅਤੇ ਹੋਰ ਸਾਬਕਾ ਪੁਲਿਸ ਅਧਿਕਾਰੀਆਂ ਨੂੰ 1993 ਵਿੱਚ ਤਰਨਤਾਰਨ ਦੇ ਸੱਤ ਨੌਜਵਾਨਾਂ ਦੇ ਫਰਜ਼ੀ ਮੁਕਾਬਲੇ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।


REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre



Best Bargain
Carpet & Flooring
Residential - Commercial - Industrial
Sale & Custom Installation done by Professionals
5 Year Installation Warranty on all Carpets & Flooring
LAUZON Distinctive Hardwood Flooring
PEERLESS
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh



BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR HANKOOK Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਕੰਗਨਾ ਰਣੌਤ ਨੂੰ ਬਠਿੰਡਾ ਕੋਰਟ ਵੱਲੋਂ ਮੁੜ ਸੰਮਨ ਜਾਰੀ

## 29 ਸਤੰਬਰ ਨੂੰ ਹੋਵੇਗੀ ਸੁਣਵਾਈ; ਬੇਬੇ ਮਹਿੰਦਰ ਕੌਰ 'ਤੇ ਟਿੱਪਣੀ ਦਾ ਹੈ ਮਾਮਲਾ



ਹਿਮਾਚਲ ਦੇ ਮੰਡੀ ਤੋਂ ਭਾਜਪਾ ਸੰਸਦ ਮੈਂਬਰ ਅਤੇ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਨੂੰ ਬਠਿੰਡਾ ਸੈਸ਼ਨ ਅਦਾਲਤ ਨੇ ਇੱਕ ਵਾਰ ਫਿਰ ਸੰਮਨ ਜਾਰੀ ਕੀਤੇ ਹਨ। ਮਾਮਲਾ ਬੇਬੇ ਮਹਿੰਦਰ ਕੌਰ 'ਤੇ ਟਿੱਪਣੀ ਦਾ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 29 ਸਤੰਬਰ ਨੂੰ ਹੋਵੇਗੀ। ਕੰਗਨਾ ਨੂੰ ਇਸ ਸੁਣਵਾਈ ਵਿੱਚ ਪੇਸ਼ ਹੋਣਾ ਜ਼ਰੂਰੀ ਹੈ। ਕੰਗਨਾ ਨੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਉਸ ਦੀਆਂ ਟਿੱਪਣੀਆਂ ਲਈ ਆਪਣੇ ਵਿਰੁੱਧ ਦਾਇਰ ਮਾਣਹਾਨੀ ਦੇ ਮਾਮਲੇ ਨੂੰ ਰੱਦ ਕਰਨ ਲਈ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ।

ਇਹ ਮਾਮਲਾ 2021 ਦਾ ਹੈ, ਜਦੋਂ ਕਿਸਾਨਾਂ ਦਾ ਵਿਰੋਧ ਚੱਲ ਰਿਹਾ ਸੀ। ਉਸ ਸਮੇਂ ਦੌਰਾਨ, ਕੰਗਨਾ ਨੇ ਟਵੀਟ ਕਰਕੇ ਬਠਿੰਡਾ ਦੇ ਬਹਾਦਰਗੜ੍ਹ ਜੰਡੀਆ ਪਿੰਡ ਦੀ ਰਹਿਣ ਵਾਲੀ 87 ਸਾਲਾ ਬਜ਼ੁਰਗ ਮਹਿਲਾ ਕਿਸਾਨ ਮਹਿੰਦਰ ਕੌਰ ਨੂੰ 100-100 ਰੁਪਏ ਲੈ ਕੇ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਵਾਲੀ ਮਹਿਲਾ ਦੱਸਿਆ ਸੀ। ਮਹਿੰਦਰ ਕੌਰ ਨੇ ਇਸ ਵਿਰੁੱਧ ਅਦਾਲਤ ਵਿੱਚ ਕੇਸ ਦਾਇਰ ਕੀਤਾ ਸੀ।

ਇਸ 'ਤੇ ਕੰਗਨਾ ਨੇ ਕਿਹਾ ਸੀ ਕਿ ਉਸਨੇ ਸਿਰਫ ਇੱਕ ਵਕੀਲ ਦੀ ਪੋਸਟ ਦੁਬਾਰਾ ਪੋਸਟ ਕੀਤੀ ਸੀ। ਦੂਜੇ ਪਾਸੇ, ਇਸ ਮਾਮਲੇ ਵਿੱਚ, ਬਜ਼ੁਰਗ ਮਹਿਲਾ ਮਹਿੰਦਰ ਕੌਰ ਨੇ ਕਿਹਾ ਕਿ ਜੇਕਰ ਕੰਗਨਾ ਰਣੌਤ ਉਸ ਤੋਂ ਮੁਆਫ਼ੀ ਮੰਗਦੀ ਹੈ, ਤਾਂ ਉਹ ਉਸਨੂੰ ਮਾਫ਼ ਕਰ ਦੇਵੇਗੀ ਕਿਉਂਕਿ ਉਸਦੀ ਉਸ ਨਾਲ ਕੋਈ ਦੁਸ਼ਮਣੀ ਨਹੀਂ ਹੈ ਪਰ ਕੰਗਨਾ ਅਜੇ ਵੀ ਕਹਿ ਰਹੀ ਹੈ ਕਿ ਉਹ ਸਹੀ ਹੈ। ਸਾਨੂੰ ਅਦਾਲਤ ਵਿੱਚ ਪੂਰਾ ਵਿਸ਼ਵਾਸ ਹੈ। ਕੰਗਨਾ ਰਣੌਤ ਦੁਆਰਾ ਵਰਤੇ ਗਏ ਗਲਤ ਸ਼ਬਦਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਅਸੀਂ ਆਪਣੇ ਬੱਚਿਆਂ ਦੀ ਜ਼ਮੀਨ ਕਾਰਨ ਵਿਰੋਧ ਪ੍ਰਦਰਸ਼ਨ ਵਿੱਚ ਗਏ ਸੀ, ਕਿਸੇ ਲਾਲਚ ਕਾਰਨ ਨਹੀਂ।

4 ਦਿਨ ਪਹਿਲਾਂ, ਕੰਗਨਾ ਦੀਆਂ ਦਲੀਲਾਂ ਸੁਣਨ ਤੋਂ ਬਾਅਦ, ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੀ ਸੁਪਰੀਮ ਕੋਰਟ ਦੀ ਬੈਂਚ ਨੇ ਕਿਹਾ ਕਿ ਤੁਹਾਡੇ ਟਵੀਟ ਨੂੰ ਸਿਰਫ਼ ਰੀਟਵੀਟ ਨਹੀਂ ਕਿਹਾ ਜਾ ਸਕਦਾ। ਤੁਸੀਂ ਇਸ ਵਿੱਚ ਮਸਾਲਾ ਪਾਇਆ ਹੈ। ਇਸਦਾ ਕੀ ਅਰਥ ਹੈ, ਇਸਦੀ ਵਿਆਖਿਆ ਸਿਰਫ ਹੇਠਲੀ ਅਦਾਲਤ ਦੁਆਰਾ ਦਿੱਤੀ ਜਾਵੇਗੀ। ਤੁਹਾਨੂੰ ਇਹ ਸਪੱਸ਼ਟੀਕਰਨ ਉੱਥੇ ਦੇਣਾ ਚਾਹੀਦਾ ਹੈ।

# ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦਾ ਵਫ਼ਦ ਬਰੈਂਪਟਨ-ਕੈਲਾਡਾਨ ਨੌਰਥ ਤੋਂ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੂੰ ਮਿਲਿਆ



ਪਿਛਲੇ ਸ਼ੁੱਕਰਵਾਰ ਨੂੰ ਐਸੋਸੀਏਸ਼ਨ ਆਫ਼ ਸੀਨੀਅਰਜ ਕਲੱਬਜ ਦੀ ਅਗਜ਼ੈਕਟਿਵ ਦਾ ਡੈਪੂਟੇਸ਼ਨ ਪ੍ਰਧਾਨ ਜੰਗੀਰ ਸਿੰਘ ਸ਼ੈਬੀ ਦੀ ਅਗਵਾਈ ਵਿੱਚ ਰੂਬੀ ਸਹੋਤਾ ਨੂੰ ਮਿਲਿਆ। ਮੁੱਖ ਏਜੰਡੇ ਅਨੁਸਾਰ ਬਰੈਂਪਟਨ ਸਮੇਤ ਕਨੇਡਾ ਦੇ ਲਗਭਗ ਸਾਰੇ ਖੇਤਰਾਂ ਵਿੱਚ ਕਾਨੂੰਨ ਅਮਨ ਦੀ ਵਿਗੜ ਰਹੀ ਸਥਿਤੀ ਤੇ ਕਨੇਡਾ ਦੀ ਕਮਜੋਰ ਹੋ ਰਹੀ ਆਰਥਿਕਤਾ ਤੇ ਲਗਾਤਾਰ ਵਧ ਰਹੀ ਬੇਰੁਜ਼ਗਾਰੀ ਤੇ ਮਹਿੰਗਾਈ ਤੇ ਡੂੰਘਾਈ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਦੇ ਨਾਲ ਹੀ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੇ ਪੀ ਆਰ ਹੋਣ ਲਈ ਲਾਗੂ ਕੀਤੇ ਗਏ ਸਖਤ ਮਾਪਦੰਡ ਵਿੱਚ ਢਿਲ ਦੇਣ ਦੀ ਅਪੀਲ ਕੀਤੀ ਗਈ। ਕਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਵਾਰੇ ਵਿਚਾਰ ਕਰਦਿਆ, ਮਾਤਾ ਪਿਤਾ ਤੇ ਦਾਦੇ ਦਾਦੀ ਨੂੰ ਪੱਕੇ ਤੋਰ ਤੇ ਕਨੇਡਾ ਵਿੱਚ ਕੇਵਲ ਲਾਟਰੀ ਸਿਸਟਮ ਰਾਹੀਂ ਹੀ ਪੀ ਆਰ ਦੇਣ ਦੇ ਅਪਣਾਏ ਜਾ ਰਹੇ ਸਿਸਟਮ ਨੂੰ ਬਦਲਣ ਲਈ ਸੁਝਾਅ ਦਿੱਤੇ ਗਏ। ਪੱਕੇ ਤੌਰ 'ਤੇ ਸਪਾਂਸਰ ਕਰਨ ਵਾਲੇ ਪਰਿਵਾਰ ਤੇ ਲਾਇਬਿਲਟੀ ਦੀ ਗਰੰਟੀ ਦਾ ਸਮਾਂ 20ਸਾਲ ਤੋਂ ਘਟਾ ਕੇ 10 ਸਾਲ ਕਰਨ ਲਈ ਵੀ ਐਸੋਸੀਏਸ਼ਨ ਵਲੋਂ ਤਰਕ ਨਾਲ ਆਪਣਾ ਪਖ ਪੇਸ਼ ਕੀਤਾ ਗਿਆ। ਕਨੇਡਾ ਦੀ ਸਿਟੀਜਨਸ਼ਿਪ ਲੈਣ ਲਈ ਅਪਲਾਈ ਕਰਨ ਵੇਲੇ ਖਾਸਕਰ ਸੀਨੀਅਰਜ ਲਈ ਵੱਡੀ ਫੀਸ ਜਮਾਂ ਕਰਵਾਉਣ ਵਿੱਚ ਆ ਰਹੀ ਮੁਸ਼ਕਿਲ ਨੂੰ ਵੀ ਵਿਚਾਰਨ ਲਈ ਅਪੀਲ ਕੀਤੀ ਗਈ। ਦੋ ਘੰਟੇ ਤੋਂ ਵੀ ਵੱਧ ਸਮਾਂ ਚਲੀ ਇਸ ਮੀਟਿੰਗ ਵਿੱਚ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੇ ਡੈਪੂਟੇਸ਼ਨ ਵਿੱਚ ਸ਼ਾਮਲ ਜੰਗੀਰ ਸਿੰਘ ਸੈਂਬੀ ਤੇ ਸਾਰੇ ਅਗਜ਼ੈਕਟਿਵ ਮੈਂਬਰਜ ਦੇ ਵਿਚਾਰਾਂ ਨੂੰ ਬਹੁਤ ਧਿਆਨ ਤੇ ਧੀਰਜ ਨਾਲ ਸੁਣਿਆ ਤੇ ਸੀਨੀਅਰ ਕਮਿਊਨੀਟੀ ਦੀ ਅਗਵਾਈ ਕਰ ਰਹੀ ਐਸੋਸੀਏਸ਼ਨ ਵਲੋਂ ਨਰਮ ਕਾਨੂੰਨਾਂ ਕਾਰਨ ਵੱਧ ਰਹੇ ਅਪਰਾਧ ਤੇ ਅਮਰੀਕਾ ਵਲੋਂ ਟੈਰਿਫ ਲਾਉਣ ਨਾਲ ਕਨੇਡਾ ਦੀ ਆਰਥਿਕ ਸੰਕਟ ਦੇ ਹੋਰ ਡੂੰਘਾ ਹੋ ਜਾਣ ਦੇ ਫਿਕਰ ਨੂੰ ਸਹੀ ਕਰਾਰ ਦਿੱਤਾ। ਉਹਨਾਂ ਕਨੇਡਾ ਦੀ ਲਿਬਰਲ ਸਰਕਾਰ ਵਲੋਂ ਨੇੜੇ ਭਵਿੱਖ ਵਿੱਚ ਉਠਾਏ ਜਾਣ ਵਾਲੇ ਠੋਸ ਕਦਮਾਂ ਦੀ ਜਾਣਕਾਰੀ ਸਾਂਝੀ ਕੀਤੀ ਤੇ ਹੋਰ ਮੰਗਾ ਵਾਰੇ ਦਿੱਤੇ ਗਏ ਵਧੀਆ ਸੁਝਾਵਾਂ ਨੂੰ ਸਬੰਧਤ ਮੰਤਰੀਆਂ ਕੋਲ ਉਠਾਉਣ ਦਾ ਵਾਅਦਾ ਕੀਤਾ। ਇਸ ਡੈਪੂਟੇਸ਼ਨ ਵਿੱਚ ਪ੍ਰਧਾਨ ਜੰਗੀਰ ਸਿੰਘ ਸੈਂਬੀ ਤੋ ਇਲਾਵਾ ਉਪ ਪ੍ਰਧਾਨ ਲਾਲ ਸਿੰਘ ਬਰਾੜ, ਕੈਸ਼ੀਅਰ ਅਮਰੀਕ ਸਿੰਘ ਕੁਮਰੀਆ, ਸਕੱਤਰ ਪ੍ਰੀਤਮ ਸਿੰਘ ਸਰਾਂ, ਮੀਡੀਆ ਐਡਵਾਈਜ਼ਰ ਮਹਿੰਦਰ ਸਿੰਘ ਮੋਹੀ, ਡਾਇਰੈਕਟਰ ਕੁਲਦੀਪ ਕੌਰ ਗਰੇਵਾਲ ਤੇ ਰਜਨੀ ਸ਼ਰਮਾਂ ਤੇ ਬਰੈਂਪਟਨ ਦੇ ਸਮਾਜਕ ਖੇਤਰ ਵਿੱਚ ਸਰਗਰਮ ਤੇ ਕੰਪਿਊਟਰ ਮਾਹਿਰ ਹਰਦੀਪ ਕੌਰ ਸ਼ਾਮਲ ਸਨ।

# 33 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੀ 73 ਸਾਲਾ ਹਰਜੀਤ ਕੌਰ ਆਈ.ਸੀ.ਈ. ਦੁਆਰਾ ਹਿਰਾਸਤ 'ਚ






ਹਰਕੂਲੀਸ (ਕੈਲੀਫੋਰਨੀਆ), 17 ਸਤੰਬਰ (ਪੰਜਾਬ ਮੇਲ)- ਹਰਕੂਲੀਸ ਦੀ ਇੱਕ 73 ਸਾਲਾ ਦਾਦੀ ਨੂੰ ਸੰਘੀ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਬੇਕਰਸਫੀਲਡ 'ਚ ਇੱਕ ਇਮੀਗ੍ਰੇਸ਼ਨ ਹਿਰਾਸਤ ਸਹੂਲਤ 'ਚ ਤਬਦੀਲ ਕਰ ਦਿੱਤਾ ਗਿਆ ਹੈ, ਜਿਸ ਨਾਲ ਉਸਦੇ ਪਰਿਵਾਰ ਅਤੇ ਭਾਈਚਾਰੇ ਵਿਚ ਰੋਸ ਫੈਲ ਗਿਆ ਹੈ। 30 ਸਾਲਾਂ ਤੋਂ ਵੱਧ ਸਮੇਂ ਤੋਂ ਈਸਟ ਬੇ ਵਿਚ ਰਹਿ ਰਹੀ ਇੱਕ ਗੈਰ-ਦਸਤਾਵੇਜ਼ੀ ਪ੍ਰਵਾਸੀ ਹਰਜੀਤ ਕੌਰ ਨੂੰ ਸਾਨ ਫਰਾਂਸਿਸਕੋ ਵਿਚ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨਾਲ ਇੱਕ ਰੁਟੀਨ ਇਮੀਗ੍ਰੇਸ਼ਨ ਚੈੱਕ-ਇਨ ਲਈ ਪੇਸ਼ ਹੋਣ ਤੋਂ ਬਾਅਦ ਹਿਰਾਸਤ ਵਿਚ ਲੈ ਲਿਆ ਗਿਆ ਸੀ। ਹਰਜੀਤ ਕੌਰ 2012 ਵਿਚ ਉਸਦੇ ਸ਼ਰਣ ਦਾਅਵੇ ਨੂੰ ਰੱਦ ਕੀਤੇ ਜਾਣ ਤੋਂ ਬਾਅਦ ਆਈ.ਸੀ.ਈ. ਨਿਗਰਾਨੀ ਹੇਠ ਹੈ।

ਹਰਜੀਤ ਕੌਰ ਦੀ ਨੂੰਹ ਮਨਜੀਤ ਕੌਰ ਨੇ ਕਿਹਾ, "ਉਹ 13 ਸਾਲਾਂ ਤੋਂ ਆਈ.ਸੀ.ਈ. ਚੈੱਕ-ਇਨ ਕਰ ਰਹੀ ਹੈ। ਸਾਨੂੰ ਇਸਦੀ ਬਿਲਕੁਲ ਵੀ ਉਮੀਦ ਨਹੀਂ ਸੀ। ਇਹ ਇੱਕ ਭਿਆਨਕ ਸੁਪਨਾ ਰਿਹਾ ਹੈ।" ਹਰਜੀਤ ਕੌਰ ਆਪਣੇ ਦੋ ਪੁੱਤਰਾਂ ਨਾਲ 1992 ਵਿਚ ਅਮਰੀਕਾ ਆਈ ਸੀ।

ਹਰਜੀਤ ਕੌਰ ਨੂੰ ਪਹਿਲਾਂ ਆਈ.ਸੀ.ਈ. ਵੱਲੋਂ ਫਰਿਜ਼ਨੋ ਲਿਜਾਇਆ ਗਿਆ, ਅਤੇ ਬਾਅਦ ਵਿਚ ਬੇਕਰਸਫੀਲਡ ਦੇ ਮੇਸਾ ਵਰਡੇ ਆਈ.ਸੀ.ਈ. ਪ੍ਰੋਸੈਸਿੰਗ ਸੈਂਟਰ 'ਚ ਤਬਦੀਲ ਕਰ ਦਿੱਤਾ ਗਿਆ, ਜੋ ਕਿ ਉਸਦੇ ਘਰ ਤੋਂ ਲਗਭਗ ਪੰਜ ਘੰਟੇ ਦੂਰ ਸੀ। ਉਸਦੇ ਪਰਿਵਾਰ ਦਾ ਕਹਿਣਾ ਹੈ ਕਿ ਦੂਰੀ ਕਾਰਨ ਉਸਦਾ ਸਮਰਥਨ ਕਰਨਾ ਔਖਾ ਹੋ ਜਾਂਦਾ ਹੈ, ਖਾਸ ਕਰਕੇ ਉਸਦੀ ਉਮਰ ਅਤੇ ਸਿਹਤ ਸਥਿਤੀਆਂ ਦੇ ਕਾਰਨ, ਜਿਸ ਵਿਚ ਥਾਇਰਾਇਡ ਦੀ ਬਿਮਾਰੀ, ਮਾਈਗ੍ਰੇਨ, ਗੋਡਿਆਂ ਦਾ ਦਰਦ ਅਤੇ ਚਿੰਤਾ ਸ਼ਾਮਲ ਹੈ।

ਉਸ ਦੇ ਪਰਿਵਾਰ ਨੇ ਇੱਕ ਵੈੱਬਸਾਈਟ -bringharjithome.com-ਲਾਂਚ ਕੀਤੀ ਹੈ, ਜੋ ਸਮਰਥਕਾਂ ਨੂੰ ਵ੍ਹਾਈਟ ਹਾਊਸ ਸਮੇਤ ਚੁਣੇ ਹੋਏ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਅਪੀਲ ਕਰਦੀ ਹੈ।

# ਬਿਕਰਮ ਮਜੀਠੀਆ ਦੀ ਨਿਯਮਤ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ 14 ਅਕਤੂਬਰ ਤੱਕ ਮੁਲਤਵੀ



ਚੰਡੀਗੜ੍ਹ: ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਨਿਯਮਤ ਜ਼ਮਾਨਤ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਹਾਈ ਕੋਰਟ ਨੇ ਪਟੀਸ਼ਨ 'ਤੇ ਸੁਣਵਾਈ 14 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ। ਜ਼ਿਲ੍ਹਾ ਅਦਾਲਤ ਵੱਲੋਂ ਉਨ੍ਹਾਂ ਦੀ ਪਟੀਸ਼ਨ ਖਾਰਜ ਕਰਨ ਤੋਂ ਬਾਅਦ ਮਜੀਠੀਆ ਨੇ ਇਹ ਪਟੀਸ਼ਨ ਦਾਇਰ ਕੀਤੀ।

ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ 14 ਅਕਤੂਬਰ ਤੱਕ ਜਵਾਬ ਅਤੇ ਮਾਮਲੇ 'ਤੇ ਸਟੇਟਸ ਰਿਪੋਰਟ ਦਾਇਰ ਕਰਨ ਦੇ ਵੀ ਹੁਕਮ ਦਿੱਤੇ ਹਨ। ਮਜੀਠੀਆ, ਜੋ ਕਿ 6 ਜੁਲਾਈ ਤੋਂ ਨਵੀਂ ਨਾਭਾ ਜੇਲ੍ਹ ਵਿੱਚ ਬੰਦ ਹੈ, ਨੂੰ ਪੰਜਾਬ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਅੰਮ੍ਰਿਤਸਰ ਤੋਂ ਆਪਣੀ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਸੀ।

ਮਜੀਠੀਆ ਨੇ ਰਾਹਤ ਲਈ ਹਾਈ ਕੋਰਟ ਵਿੱਚ ਅਪੀਲ ਕੀਤੀ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਦੋਸ਼ਾਂ ਵਿੱਚ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਉਨ੍ਹਾਂ ਦੀ ਗ੍ਰਿਫ਼ਤਾਰੀ ਗੈਰ-ਕਾਨੂੰਨੀ ਸੀ। ਪਟੀਸ਼ਨ ਵਿੱਚ, ਮਜੀਠੀਆ ਨੇ ਦਾਅਵਾ ਕੀਤਾ ਕਿ ਉਨ੍ਹਾਂ ਵਿਰੁੱਧ ਦਰਜ ਕੀਤੀ ਗਈ ਐਫਆਈਆਰ ਰਾਜਨੀਤਿਕ ਬਦਲਾਖੋਰੀ ਦਾ ਨਤੀਜਾ ਸੀ। ਉਨ੍ਹਾਂ ਇਸਨੂੰ ਸਰਕਾਰ ਵੱਲੋਂ ਉਨ੍ਹਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਦੱਸਿਆ। ਮਜੀਠੀਆ ਦੇ ਅਨੁਸਾਰ, ਉਹ ਸੱਤਾਧਾਰੀ ਪਾਰਟੀ ਦੀਆਂ ਨੀਤੀਆਂ ਦੇ ਸਖ਼ਤ ਆਲੋਚਕ ਰਹੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀਆਂ ਧਾਰਾਵਾਂ ਤਹਿਤ 25 ਜੂਨ ਨੂੰ ਸਵੇਰੇ 4:30 ਵਜੇ ਮੋਹਾਲੀ ਵਿੱਚ ਐਫਆਈਆਰ ਦਰਜ ਕੀਤੀ ਗਈ ਸੀ।

ਆਪਣੀ ਪਟੀਸ਼ਨ ਵਿੱਚ, ਮਜੀਠੀਆ ਨੇ ਇਲਜ਼ਾਮ ਲਗਾਇਆ ਕਿ ਉਨ੍ਹਾਂ ਨੂੰ ਸਵੇਰੇ 9 ਵਜੇ ਉਨ੍ਹਾਂ ਦੇ ਨਿਵਾਸ ਸਥਾਨ ਤੋਂ ਹਿਰਾਸਤ ਵਿੱਚ ਲਿਆ ਗਿਆ ਸੀ, ਜਦੋਂ ਕਿ ਉਨ੍ਹਾਂ ਦੀ ਰਸਮੀ ਗ੍ਰਿਫ਼ਤਾਰੀ ਸਵੇਰੇ 11:20 ਵਜੇ ਦਿਖਾਈ ਗਈ ਸੀ। ਉਨ੍ਹਾਂ ਨੇ ਇਸ ਅੰਤਰ ਨੂੰ ਗੈਰ-ਕਾਨੂੰਨੀ ਹਿਰਾਸਤ ਦੱਸਿਆ ਅਤੇ ਦਲੀਲ ਦਿੱਤੀ ਕਿ ਇਹ ਸੰਵਿਧਾਨ ਦੀ ਧਾਰਾ 22(2) ਅਤੇ ਭਾਰਤੀ ਸਿਵਲ ਸੁਰੱਖਿਆ ਕੋਡ (ਪਹਿਲਾਂ ਸੀਆਰਪੀਸੀ ਦੀ ਧਾਰਾ 167) ਦੀ ਉਲੰਘਣਾ ਕਰਦਾ ਹੈ, ਜੋ ਕਿਸੇ ਵੀ ਗ੍ਰਿਫ਼ਤਾਰ ਵਿਅਕਤੀ ਨੂੰ 24 ਘੰਟਿਆਂ ਦੇ ਅੰਦਰ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕਰਨ ਦਾ ਹੁਕਮ ਦਿੰਦਾ ਹੈ।

# ਅਧੇੜ ਉਮਰ ਦੀ NRI ਔਰਤ ਨੂੰ ਤੀਜਾ ਵਿਆਹ ਕਰਾਉਣ ਦੀ ਇੱਛਾ ਪਈ ਮਹਿੰਗੀ, ਪੰਜਾਬ ਬੁਲਾ ਕੇ ਕੀਤੀ ਕਤਲ



ਅਮਰੀਕਾ ਤੋਂ ਆਈ ਇੱਕ ਅਧੇੜ ਉਮਰ ਦੀ NRI ਔਰਤ ਨੂੰ ਤੀਜਾ ਵਿਆਹ ਕਰਨ ਦੀ ਇੱਛਾ ਮਹਿੰਗੀ ਪੈ ਗਈ। ਪੰਜਾਬ ਬੁਲਾ ਕੇ ਉਸ ਦਾ ਕਤਲ ਕਰ ਦਿੱਤਾ ਗਿਆ। ਮਾਮਲਾ ਕਿਲਾ ਰਾਏਪੁਰ ਤੋਂ ਸਾਹਮਣੇ ਆਇਆ ਹੈ। ਪੁਲਿਸ ਨੇ ਇਸ ਮਾਮਲੇ ਵਿਚ ਇੱਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਹੈ।

ਜਾਣਕਾਰੀ ਮੁਤਾਬਕ 71-72 ਸਾਲਾਂ ਦੀ ਅਮਰੀਕੀ ਨਾਗਰਿਕ ਤੇ ਭਾਰਤੀ ਮੂਲ ਦੀ ਰੁਪਿੰਦਰ ਪੰਧੇਰ NRI ਨਾਲ ਵਿਆਹ ਕਰਾਉਣਾ ਚਾਹੁੰਦੀ ਸੀ। ਦੱਸਿਆ ਜਾ ਰਿਹਾ ਹੈ ਕਿ ਕਤਲ ਦੀ ਸਾਜਿਸ਼ ਚਰਨਜੀਤ ਨਾਂ ਦੇ ਬੰਦੇ ਨੇ ਬਣਾਈ ਸੀ, ਜੋਕਿ ਇਸ ਵੇਲੇ ਇੰਗਲੈਂਡ ਵਿਚ ਹੈ। ਔਰਤ ਲੰਮੇ ਸਮੇਂ ਤੋਂ ਉਸ ਦੇ ਸੰਪਰਕ ਵਿਚ ਸੀ। ਸੂਤਰਾਂ ਮੁਤਾਬਕ ਉਸ ਨੇ ਵਿਆਹ ਔਰਤ ਤੋਂ ਲੱਖਾਂ ਦੀ ਠੱਗੀ ਵੀ ਮਾਰੀ ਸੀ। ਔਰਤ ਕਿਲਾ ਰਾਏਪੁਰ ਦੇ ਜਿਸ ਘਰ ਵਿਚ ਰਹਿ ਰਹੀ ਸੀ ਉਥੇ ਹੀ ਗਲਾ ਘੋਟਕੇ ਉਸ ਦਾ ਕਤਲ ਕਰ ਦਿੱਤਾ ਗਿਆ। ਇਹ ਕਤਲ ਇੰਗਲੈਂਡ ਵਿਚ ਰਹਿ ਰਹੇ ਵਿਅਕਤੀ ਚਰਨਜੀਤ ਦੇ ਕਹਿਣ 'ਤੇ ਹੀ ਕੀਤਾ ਗਿਆ। ਜਾਣਕਾਰੀ ਮੁਤਾਬਕ ਕਤਲ ਕਰਨ ਵਾਲੇ ਦੋਸ਼ੀ ਨੂੰ ਇਸ ਦੇ ਲਈ 50 ਹਜਾਰ ਰੁਪਏ ਦੇਣ ਲਈ ਕਿਹਾ ਗਿਆਸੀ। ਕਤਲ ਕਰਨ ਵਾਲੇ ਨੇ ਹੀ ਉਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਲਿਖਾਈ ਸੀ। ਪੁਲਿਸ ਵੱਲੋਂ ਸਾਰਾ ਕੇਸ ਟ੍ਰੇਸ ਕੀਤਾ ਗਿਆ ਹੈ। ਕਤਲ ਕਰਨ ਵਾਲੇ ਦੋਸ਼ੀ ਨੂੰ ਗ੍ਰਿਫਤਾਰ ਕਰਨ ਮਗਰੋਂ ਉਸ ਦੀ ਨਿਸ਼ਾਨ ਦੇਹੀ 'ਤੇ ਹੀ ਔਰਤ ਦਾ ਕੰਕਾਲ ਵੀ ਲੱਭ ਲਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਔਰਤ ਕਿਸੇ ਮਾਮਲੇ ਵਿਚ ਪੀਓ ਸੀ ਇਸ ਮਾਮਲੇ ਵਿਚ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਸੀ ਚਰਨਜੀਤ ਨੇ ਉਸ ਨੂੰ ਮਦਦ ਦਾ ਭਰੋਸਾ ਦਿੱਤਾ ਸੀ ਇਸ ਲਈ ਕਿਲਾ ਰਾਏਪੁਰ ਰਹਿ ਰਹੀ ਸੀ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਲੱਖਾਂ ਰੁਪਏ ਦੀ ਠੱਗੀ ਮਾਰਨ ਲਈ ਇਹ ਸਾਰੀ ਸਾਜਿਸ਼ ਰਚੀ ਗਈ ਸੀ।

# ਏਅਰਪੋਰਟ ਰੋਡ 'ਤੇ ਵੱਡਾ ਹਾਦਸਾ:

## ਟਰੱਕ ਨੇ ਕਈ ਲੋਕਾਂ ਨੂੰ ਕੁਚਲਿਆ, 2 ਦੀ ਮੌਤ ਤੇ ਕਈ ਜ਼ਖਮੀ



ਇੰਦੌਰ: ਇੰਦੌਰ ਦੇ ਏਅਰਪੋਰਟ ਰੋਡ 'ਤੇ ਸਿੱਖਿਆ ਨਗਰ ਵਿੱਚ ਸੋਮਵਾਰ ਸ਼ਾਮ ਨੂੰ ਇੱਕ ਦਰਦਨਾਕ ਹਾਦਸਾ ਵਾਪਰਿਆ। ਅੰਕਿਤ ਹੋਟਲ ਅਤੇ ਗੀਤਾਂਜਲੀ ਹਸਪਤਾਲ ਦੇ ਵਿਚਕਾਰ ਇੱਕ ਤੇਜ਼ ਰਫਤਾਰ ਟਰੱਕ ਨੇ 15 ਲੋਕਾਂ ਨੂੰ ਕੁਚਲ ਦਿੱਤਾ। ਇਸ ਹਾਦਸੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਕਈ ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋਏ। ਮ੍ਰਿਤਕਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ। ਚਸ਼ਮਦੀਦਾਂ ਦੇ ਅਨੁਸਾਰ, ਹਾਦਸੇ ਦੌਰਾਨ ਇੱਕ ਮੋਟਰਸਾਈਕਲ ਟਰੱਕ ਦੇ ਹੇਠਾਂ ਫਸ ਗਿਆ ਅਤੇ ਟਰੱਕ ਨੇ ਇਸ ਨੂੰ ਕਾਫੀ ਦੂਰ ਤੱਕ ਘਸੀਟਿਆ। ਇਸ ਕਾਰਨ ਮੋਟਰਸਾਈਕਲ ਨੂੰ ਅੱਗ ਲੱਗ ਗਈ ਅਤੇ ਜਲਦੀ ਹੀ ਟਰੱਕ ਵੀ ਅੱਗ ਦੀ ਲਪੇਟ ਵਿੱਚ ਆ ਗਿਆ। ਸੂਚਨਾ ਮਿਲਦੇ ਹੀ ਪੁਲਿਸ ਅਤੇ ਫਾਇਰ ਵਿਭਾਗ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ। ਅੱਗ 'ਤੇ ਕਾਬੂ ਪਾਉਣ ਦੇ ਨਾਲ-ਨਾਲ ਜ਼ਖਮੀਆਂ ਨੂੰ ਨਜ਼ਦੀਕੀ ਹਸਪਤਾਲ ਵਿੱਚ ਪਹੁੰਚਾਇਆ ਗਿਆ।

### ਨੌਜਵਾਨ ਦੀ ਦਰਦਨਾਕ ਮੌਤ

ਜਾਣਕਾਰੀ ਮੁਤਾਬਕ, ਤੇਜ਼ ਰਫਤਾਰ ਟਰੱਕ ਨੇ ਸੰਤੁਲਨ ਗੁਆ ਦਿੱਤਾ ਅਤੇ ਵਿਅਸਤ ਸੜਕ 'ਤੇ ਇੱਕ ਈ-ਰਿਕਸ਼ਾ ਸਮੇਤ ਕਈ ਵਾਹਨਾਂ ਨੂੰ ਟੱਕਰ ਮਾਰ ਦਿੱਤੀ। ਟਰੱਕ ਦੇ ਅਗਲੇ ਹਿੱਸੇ ਵਿੱਚ ਫਸਣ ਕਾਰਨ ਇੱਕ ਨੌਜਵਾਨ ਦੀ ਮੌਤ ਹੋ ਗਈ ਅਤੇ ਅੱਗ ਲੱਗਣ ਨਾਲ ਉਸ ਦੀ ਦੇਹ ਸੜ ਗਈ। ਲੋਕਾਂ ਨੇ ਕਿਸੇ ਤਰ੍ਹਾਂ ਸੜਦੀ ਦੇਹ ਨੂੰ ਟਰੱਕ ਵਿੱਚੋਂ ਬਾਹਰ ਕੱਢਿਆ। ਹਾਦਸਾ ਇੰਨਾ ਭਿਆਨਕ ਸੀ ਕਿ ਮੌਕੇ 'ਤੇ ਹਫੜਾ-ਦਫੜੀ ਮੱਚ ਗਈ ਅਤੇ ਚਾਰੇ ਪਾਸੇ ਚੀਕਾਂ-ਚਿਹਾੜ ਸੁਣਾਈ ਦੇਣ ਲੱਗੇ। ਨੇੜੇ ਮੌਜੂਦ ਲੋਕਾਂ ਨੇ ਤੁਰੰਤ ਜ਼ਖਮੀਆਂ ਦੀ ਮਦਦ ਲਈ ਅੱਗੇ ਆਉਣਾ ਸ਼ੁਰੂ ਕਰ ਦਿੱਤਾ ਅਤੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ। ਕਈ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਉਨ੍ਹਾਂ ਦੀਆਂ ਲਾਸ਼ਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ।

### ਮੁੱਖ ਮੰਤਰੀ ਦਾ ਸ਼ੋਕ ਸੁਨੇਹਾ

ਮੁੱਖ ਮੰਤਰੀ ਮੋਹਨ ਯਾਦਵ ਨੇ ਇਸ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ X 'ਤੇ ਲਿਖਿਆ, "ਇੰਦੌਰ ਵਿੱਚ ਵਾਪਰਿਆ ਟਰੱਕ ਹਾਦਸਾ ਅਤਿਅੰਤ ਦੁਖਦਾਈ ਹੈ। ਮੈਂ ਇਸ ਘਟਨਾ ਦੀ ਵਿਸਥਾਰਪੂਰਵਕ ਜਾਣਕਾਰੀ ਲੈਣ ਤੋਂ ਬਾਅਦ ਵਧੀਕ ਮੁੱਖ ਸਕੱਤਰ ਗ੍ਰਹਿ ਨੂੰ ਇੰਦੌਰ ਜਾਣ ਦੇ ਨਿਰਦੇਸ਼ ਦਿੱਤੇ ਹਨ। ਨਾਲ ਹੀ, ਰਾਤ 11 ਵਜੇ ਤੋਂ ਪਹਿਲਾਂ ਸ਼ਹਿਰ ਵਿੱਚ ਭਾਰੀ ਵਾਹਨਾਂ ਦੇ ਦਾਖਲੇ ਦੇ ਕਾਰਨਾਂ ਦੀ ਜਾਂਚ ਦੇ ਹੁਕਮ ਦਿੱਤੇ ਹਨ। ਮੈਂ ਮ੍ਰਿਤਕਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਦਾ ਹਾਂ ਅਤੇ ਜ਼ਖਮੀਆਂ ਦੇ ਜਲਦੀ ਸਿਹਤਯਾਬ ਹੋਣ ਦੀ ਪ੍ਰਾਰਥਨਾ ਕਰਦਾ ਹਾਂ।"

### ਟਰੱਕ ਦੀਆਂ ਬ੍ਰੇਕਾਂ ਫੇਲ੍ਹ ਹੋਣ ਦਾ ਦਾਅਵਾ

ਚਸ਼ਮਦੀਦਾਂ ਨੇ ਹੈਰਾਨੀਜਨਕ ਜਾਣਕਾਰੀ ਸਾਂਝੀ ਕੀਤੀ। ਇੱਕ ਚਸ਼ਮਦੀਦ ਨੇ ਦੱਸਿਆ ਕਿ ਟਰੱਕ ਦੀਆਂ ਬ੍ਰੇਕਾਂ ਨੇ ਕੰਮ ਨਹੀਂ ਕੀਤਾ ਅਤੇ ਡਰਾਈਵਰ ਸ਼ਰਾਬੀ ਹਾਲਤ ਵਿੱਚ ਸੀ। ਅਚਾਨਕ ਟਰੱਕ ਦੇ ਟਾਇਰਾਂ ਵਿੱਚੋਂ ਧੂੰਆਂ ਅਤੇ ਅੱਗ ਨਿਕਲਣ ਲੱਗੀ, ਜਿਸ ਤੋਂ ਬਾਅਦ ਇਹ ਬੇਕਾਬੂ ਹੋ ਕੇ ਲੋਕਾਂ ਨੂੰ ਟੱਕਰ ਮਾਰਨ ਲੱਗਾ।

# ਕੈਨੇਡਾ ਨੇ ਲੱਭਿਆ ਵੀਜ਼ਾ ਅਰਜ਼ੀਆਂ ਰੱਦ ਕਰਨ ਦਾ ਨਵਾਂ ਤਰੀਕਾ



ਔਟਵਾ : ਕੈਨੇਡਾ ਵਿਚ ਨਵਾਂ ਇੰਮੀਗ੍ਰੇਸ਼ਨ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਹੀ ਅਰਜ਼ੀਆਂ ਰੱਦ ਹੋਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ ਅਤੇ ਸਕਿਲਡ ਵਰਕਰਜ਼ ਸਣੇ ਸਪਾਊਜ਼ ਵੀਜ਼ਾ ਵਾਲੇ ਦਿੱਕਤਾਂ ਵਿਚ ਘਿਰਦੇ ਨਜ਼ਰ ਆ ਰਹੇ ਹਨ। ਦੂਜੇ ਪਾਸੇ ਜਾਇਜ਼ ਮਾਮਲਿਆਂ ਵਿਚ ਅਰਜ਼ੀਆਂ ਰੱਦ ਹੋਣ ਕਰ ਕੇ ਇੰਮੀਗ੍ਰੇਸ਼ਨ ਵਕੀਲ ਜਾਂ ਸਲਾਹਕਾਰ ਚਿੰਤਤ ਹਨ ਜਿਨ੍ਹਾਂ ਦਾ ਕਹਿਣਾ ਹੈ ਕਿ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਵੱਲੋਂ ਲਿਆਂਦੀ ਤਕਨੀਕ ਚਿਨੁਕ ਸਮੱਸਿਆ ਦੀ ਜੜ ਹੈ।

### ਅਹਿਮ ਦਸਤਾਵੇਜ਼ਾਂ ਨੂੰ ਨਜ਼ਰਅੰਦਾਜ਼ ਕਰ ਰਹੀ 'ਚਿਨੁਕ' ਤਕਨੀਕ

ਫੈਡਰਲ ਸਰਕਾਰ ਨੇ ਦਾਅਵਾ ਕੀਤਾ ਕਿ ਚਿਨੁਕ ਵੱਲੋਂ ਆਪਣੇ ਤੌਰ 'ਤੇ ਆਰਟੀਫ਼ਿਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਨਹੀਂ ਕੀਤੀ ਜਾਂਦੀ ਪਰ ਸੰਸਦ ਮੈਂਬਰਾਂ ਤੱਕ ਮਾਮਲਾ ਪਹੁੰਚਾ ਚੁੱਕੇ ਇੰਮੀਗ੍ਰੇਸ਼ਨ ਵਕੀਲ ਮੈਰੀਓ ਬੈਲਿਜ਼ਮੋ ਨੇ ਦਾਅਵਾ ਕੀਤਾ ਕਿ ਚਿਨੁਕ ਦੀ ਵਰਤੋਂ ਕਰਦਿਆਂ ਅਰਜ਼ੀ ਦੇ ਕਈ ਹਿੱਸਿਆਂ ਬਾਰੇ ਵੀਜ਼ਾ ਅਫ਼ਸਰ ਨੂੰ ਪਤਾ ਹੀ ਨਹੀਂ ਲਗਦਾ। ਬੈਲਿਜ਼ਮੋ ਨੇ ਆਪਣੇ ਇਕ ਕਲਾਈਂਟ ਦੀ ਦਲੀਲ ਪੇਸ਼ ਕੀਤੀ ਜਿਸ ਦਾ ਜਨਮ ਸਰਟੀਫ਼ਿਕੇਟ ਅਰਜ਼ੀ ਨਾਲ ਨੱਥੀ ਕੀਤਾ ਗਿਆ ਸੀ ਪਰ ਵੀਜ਼ਾ ਅਫ਼ਸਰ ਨੇ ਇਹ ਕਹਿੰਦਿਆਂ ਅਰਜ਼ੀ ਰੱਦ ਕਰ ਦਿਤੀ ਕਿ ਜਨਮ ਸਰਟੀਫ਼ਿਕੇਟ ਨੱਥੀ ਨਹੀਂ ਕੀਤਾ ਗਿਆ। ਇਥੇ ਦਸਣਾ ਬਣਦਾ ਹੈ ਕਿ ਵੀਜ਼ਾ ਅਫ਼ਸਰ ਦੇ ਫੈਸਲੇ ਨਾਲ ਸਹਿਮਤ ਨਾ ਹੋਣ 'ਤੇ ਬਿਨੈਕਾਰ ਵੱਲੋਂ ਇੰਮੀਗ੍ਰੇਸ਼ਨ ਵਿਭਾਗ ਕੋਲ ਪੁਨਰ ਵਿਚਾਰ ਦੀ ਪਟੀਸ਼ਨ ਦਾਇਰ ਕੀਤੀ ਜਾ ਸਕਦੀ ਹੈ ਅਤੇ ਅਜਿਹੇ ਹੀ ਮਾਮਲੇ ਵਿਚ ਚਾਂਦਨੀ ਅਜਵਾਨੀ ਨੂੰ ਰਾਹਤ ਮਿਲ ਸਕੀ।

### ਹਜ਼ਾਰਾਂ ਲੋਕ ਮੁਸ਼ਕਿਲਾਂ ਵਿਚ ਘਿਰੇ, ਇੰਮੀਗ੍ਰੇਸ਼ਨ ਸਲਾਹਕਾਰ ਚਿੰਤਤ

ਮੌਂਟਰੀਅਲ ਵਿਖੇ ਰਹਿੰਦੀ ਚਾਂਦਨੀ ਅਜਵਾਨੀ ਦਾ ਵਿਆਹ ਜੁਲਾਈ 2023 ਵਿਚ ਅਹਿਮਦਾਬਾਦ ਰਹਿੰਦੇ ਜੈਅ ਦੇਵ ਨਾਲ ਹੋਇਆ। ਸਪਾਊਜ਼ਲ ਵੀਜ਼ਾ ਅਰਜ਼ੀ ਦੀ ਪ੍ਰੋਸੈਸਿੰਗ ਹਾਲੇ ਚੱਲ ਹੀ ਰਹੀ ਸੀ ਕਿ ਜੈਅ ਦੇਵ ਨੇ ਵਿਜ਼ਟਰ ਵੀਜ਼ਾ ਅਪਲਾਈ ਕਰ ਦਿਤਾ ਪਰ ਦਸੰਬਰ 2024 ਵਿਚ ਅਰਜ਼ੀ ਰੱਦ ਹੋ ਗਈ ਅਤੇ ਵੀਜ਼ਾ ਅਫ਼ਸਰ ਨੇ ਖਾਤੇ ਵਿਚ ਲੋੜੀਂਦੀ ਰਕਮ ਨਾ ਹੋਣ ਦੀ ਦਲੀਲ ਦਿਤੀ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਭਾਰਤੀ ਜੋੜੇ ਵੱਲੋਂ ਆਮਦਨ ਦੇ ਸਰੋਤਾਂ ਬਾਰੇ ਕਈ ਦਸਤਾਵੇਜ਼ ਪੇਸ਼ ਕੀਤੇ ਗਏ ਅਤੇ ਜਦੋਂ ਪੁਨਰ ਵਿਚਾਰ ਪਟੀਸ਼ਨ ਦਾਇਰ ਹੋਈ ਤਾਂ ਮਾਰਚ 2025 ਵਿਚ ਵਿਜ਼ਟਰ ਵੀਜ਼ਾ ਮਿਲ ਗਿਆ।

ਹੁਣ ਚਾਂਦਨੀ ਨੂੰ ਇਹੀ ਡਰ ਵੱਢ ਵੱਢ ਖਾ ਰਿਹਾ ਹੈ ਕਿਤੇ ਸਪਾਊਜ਼ਲ ਸਪੌਂਸਰਸ਼ਿਪ ਦੇ ਮਾਮਲੇ ਵਿਚ ਪਹਿਲਾਂ ਵਾਲਾ ਵਰਤਾਉ ਨਾ ਕੀਤਾ ਜਾਵੇ। ਦੱਸ ਦੇਈਏ ਕਿ ਕੈਨੇਡਾ ਦੇ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਵੱਲੋਂ ਸਟੱਡੀ ਵੀਜ਼ਾ ਅਤੇ ਵਿਜ਼ਟਰ ਵੀਜ਼ਾ ਦੀ ਗਿਣਤੀ ਵਿਚ ਵੱਡੀ ਕਟੌਤੀ ਕੀਤੀ ਜਾ ਚੁੱਕੀ ਹੈ ਭਾਰਤ ਦੇ ਮਾਮਲੇ ਵਿਚ ਅਰਜ਼ੀਆਂ ਰੱਦ ਹੋਣ ਦੀ ਦਰ 80 ਫ਼ੀ ਸਦੀ ਤੱਕ ਦੱਸੀ ਜਾ ਰਹੀ ਹੈ।

# ਚਾਰਲੀ ਕਿਰਕ ਕਤਲ ਦੇ ਮੁਲਜ਼ਮ 'ਤੇ ਅਦਾਲਤ 'ਚ ਦੋਸ਼ ਤੈਅ



ਵਾਸ਼ਿੰਗਟਨ : ਯੂਟਾ ਵੈਲੀ ਯੂਨੀਵਰਸਿਟੀ ਕੈਂਪਸ ਵਿਚ ਪਿਛਲੇ ਹਫ਼ਤੇ ਇੱਕ ਸਮਾਗਮ ਦੌਰਾਨ ਰੂੜੀਵਾਦੀ ਕਾਰਕੁਨ ਚਾਰਲੀ ਕਿਰਕ ਦੇ ਕਤਲ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਖ਼ਿਲਾਫ਼ ਅਦਾਲਤ ਵਿਚ ਸੱਤ ਦੋਸ਼ ਤੈਅ ਕੀਤੇ ਗਏ ਹਨ। ਸਰਕਾਰੀ ਵਕੀਲਾਂ ਨੇ ਮੰਗਲਵਾਰ ਨੂੰ 22 ਸਾਲਾ ਮੁਲਜ਼ਮ ਟਾਇਲਰ ਰੌਬਿਨਸਨ ਖ਼ਿਲਾਫ਼ ਅਦਾਲਤ ਵਿਚ ਦੋਸ਼ ਪੱਤਰ ਦਾਖ਼ਲ ਕੀਤਾ।

ਜੱਜ ਨੇ ਦੋਸ਼ ਪੜ੍ਹੇ ਅਤੇ ਕਿਹਾ ਕਿ ਮੁਲਜ਼ਮ ਲਈ ਇੱਕ ਵਕੀਲ ਨਿਯੁਕਤ ਕੀਤਾ ਜਾਵੇਗਾ। ਰੌਬਿਨਸਨ ਦੇ ਪਰਿਵਾਰ ਨੇ ਗ੍ਰਿਫ਼ਤਾਰੀ ਤੋਂ ਬਾਅਦ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਰੌਬਿਨਸਨ 'ਤੇ ਜਾਣਬੁੱਝ ਕੇ ਕਿਰਕ ਦੀ ਹੱਤਿਆ ਕਰਨ ਦਾ ਦੋਸ਼ ਹੈ। ਜੇਕਰ ਉਹ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਸ ਨੂੰ ਮੌਤ ਦੀ ਸਜ਼ਾ, ਉਮਰ ਕੈਦ, ਬਿਨਾਂ ਪੈਰੋਲ ਦੇ ਉਮਰ ਕੈਦ ਜਾਂ ਘੱਟੋ-ਘੱਟ 25 ਸਾਲ ਦੀ ਕੈਦ ਹੋ ਸਕਦੀ ਹੈ। ਸਜ਼ਾ ਹੋਰ ਵੀ ਵਧਾਈ ਜਾ ਸਕਦੀ ਹੈ ਕਿਉਂਕਿ ਉਸ ਨੇ ਕਥਿਤ ਤੌਰ 'ਤੇ ਕਿਰਕ ਨੂੰ ਉਨ੍ਹਾਂ ਦੇ ਸਿਆਸੀ ਵਿਚਾਰਾਂ ਕਾਰਨ ਨਿਸ਼ਾਨਾ ਬਣਾਇਆ ਅਤੇ ਇਹ ਘਟਨਾ ਬੱਚਿਆਂ ਦੀ ਮੌਜੂਦਗੀ ਵਿਚ ਵਾਪਰੀ ਹੈ।

ਰੌਬਿਨਸਨ 'ਤੇ ਖ਼ਤਰਨਾਕ ਹਥਿਆਰ ਨਾਲ ਗੋਲੀ ਚਲਾਉਣ ਦਾ ਵੀ ਦੋਸ਼ ਹੈ। ਇਸ ਤੋਂ ਇਲਾਵਾ ਉਸ 'ਤੇ ਨਿਆਂ ਵਿਚ ਰੁਕਾਵਟ ਪਾਉਣ ਅਤੇ ਸਬੂਤਾਂ ਨਾਲ ਛੇੜਛਾੜ ਕਰਨ ਦੇ ਵੀ ਦੋਸ਼ ਲਗਾਏ ਗਏ ਹਨ।

ਜ਼ਿਕਰਯੋਗ ਹੈ ਕਿ ਕਿਰਕ ਦੀ 10 ਸਤੰਬਰ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਹ ਗ਼ੈਰ-ਲਾਭਕਾਰੀ ਸਿਆਸੀ ਸੰਸਥਾ 'ਟਰਨਿੰਗ ਪੁਆਇੰਟ ਯੂ.ਐੱਸ.ਏ.' ਦੇ ਸਹਿ-ਸੰਸਥਾਪਕ ਸਨ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਜ਼ਦੀਕੀ ਸਹਿਯੋਗੀ ਸਨ।

ਗੋਲੀਬਾਰੀ ਦੇ ਸਮੇਂ ਕਿਰਕ ਯੂਟਾ ਵੈਲੀ ਯੂਨੀਵਰਸਿਟੀ ਵਿਚ 'ਟਰਨਿੰਗ ਪੁਆਇੰਟ' ਵੱਲੋਂ ਆਯੋਜਿਤ ਇੱਕ ਚਰਚਾ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਪੋਪ ਲੀਓ 14ਵੇਂ ਨੇ ਵੈਟੀਕਨ ਸਿਟੀ ਵਿਚ ਨਵੇਂ ਅਮਰੀਕੀ ਰਾਜਦੂਤ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਉਹ ਪਿਛਲੇ ਹਫ਼ਤੇ ਯੂਟਾ ਵਿਚ ਮਾਰੇ ਗਏ ਰੂੜੀਵਾਦੀ ਕਾਰਕੁਨ ਕਿਰਕ, ਉਨ੍ਹਾਂ ਦੀ ਪਤਨੀ ਅਤੇ ਬੱਚਿਆਂ ਲਈ ਪ੍ਰਾਰਥਨਾ ਕਰ ਰਹੇ ਹਨ। ਵੈਟੀਕਨ ਦੇ ਇੱਕ ਬੁਲਾਰੇ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਬੁਲਾਰੇ ਮੱਤੇਓ ਬਰੂਨੀ ਨੇ ਕਿਹਾ ਕਿ ਪੋਪ ਨੇ ਸਿਆਸੀ ਹਿੰਸਾ 'ਤੇ ਚਿੰਤਾ ਪ੍ਰਗਟਾਈ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹੀ ਬਿਆਨਬਾਜ਼ੀ ਅਤੇ ਮੌਕਾਪ੍ਰਸਤ ਰਵੱਈਆ ਨਹੀਂ ਅਪਣਾਉਣਾ ਚਾਹੀਦਾ, ਜੋ ਸੰਵਾਦ ਦੀ ਬਜਾਏ ਸਮਾਜ ਵਿਚ ਵੰਡ ਨੂੰ ਵਧਾਉਂਦਾ ਹੈ।






# ਬ੍ਰਿਟੇਨ ਵਿੱਚ ਸਿੱਖ ਔਰਤ ਨਾਲ ਜਬਰ ਜਨਾਹ

## ਸੰਸਦ ਮੈਂਬਰ ਪ੍ਰੀਤ ਕੌਰ ਨੇ ਹਮਲੇ ਦੀ ਕੀਤੀ ਨਿੰਦਾ

ਲੰਡਨ: ਬ੍ਰਿਟੇਨ ਵਿੱਚ ਇੱਕ 20 ਸਾਲਾ ਸਿੱਖ ਕੁੜੀ ਨਾਲ ਜਬਰ ਜਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਨੂੰ ਲੈ ਕੇ ਲੋਕ ਗੁੱਸੇ ਵਿੱਚ ਹਨ। ਭਾਰਤੀ ਮੂਲ ਦੀ ਬ੍ਰਿਟਿਸ਼ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਇਸਨੂੰ ਨਸਲਵਾਦੀ ਅਤੇ ਅਪਰਾਧ ਦੀ ਸਿਖਰ ਦੱਸਿਆ ਹੈ। ਪੁਲਿਸ ਇਸ ਘਟਨਾ ਦੀ ਜਾਂਚ ਕਰ ਰਹੀ ਹੈ। ਦੋਸ਼ੀ ਅਜੇ ਤੱਕ ਫੜੇ ਨਹੀਂ ਗਏ ਹਨ।



ਬ੍ਰਿਟਿਸ਼ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਇੱਕ ਸਿੱਖ ਕੁੜੀ 'ਤੇ ਹੋਏ ਜਿਨਸੀ ਹਮਲੇ ਦੀ ਨਿੰਦਾ ਕੀਤੀ ਹੈ। ਵੈਸਟ ਮਿਡਲੈਂਡਜ਼ ਪੁਲਿਸ ਇਸ ਘਟਨਾ ਦੀ ਨਸਲੀ ਅਪਰਾਧ ਵਜੋਂ ਜਾਂਚ ਕਰ ਰਹੀ ਹੈ। ਪ੍ਰੀਤ ਕੌਰ ਗਿੱਲ ਨੇ ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਖੇਤਰ ਦੇ ਓਲਡਬਰੀ, ਸੈਂਡਵੈੱਲ ਖੇਤਰ ਵਿੱਚ ਹੋਏ ਭਿਆਨਕ ਹਮਲੇ 'ਤੇ ਸੋਸ਼ਲ ਮੀਡੀਆ 'ਤੇ ਆਪਣਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਸੋਸ਼ਲ ਮੀਡੀਆ 'ਤੇ ਲਿਖਿਆ, 'ਇਸ ਭਿਆਨਕ ਹਮਲੇ ਤੋਂ ਮੈਨੂੰ ਬਹੁਤ ਸਦਮਾ ਲੱਗਾ ਹੈ। ਹਮਲਾਵਰਾਂ ਨੇ ਪੀੜਤਾ ਨੂੰ ਕਿਹਾ ਕਿ ਉਹ ਇਥੋਂ ਦੀ ਨਹੀਂ ਹੈ। ਸਿੱਖ ਭਾਈਚਾਰੇ ਸਮੇਤ ਹਰ ਭਾਈਚਾਰੇ ਨੂੰ ਸੁਰੱਖਿਅਤ ਅਤੇ ਸਤਿਕਾਰਯੋਗ ਮਹਿਸੂਸ ਕਰਨ ਦਾ ਅਧਿਕਾਰ ਹੈ।'

**ਮੈਂ ਖੁੱਲ੍ਹੇ ਨਸਲਵਾਦ ਦੇ ਵਧਣ ਬਾਰੇ ਚਿੰਤਤ ਹਾਂ**

ਐਮਪੀ ਗਿੱਲ ਨੇ ਕਿਹਾ ਕਿ ਬਹੁਤ ਸਾਰੇ ਲੋਕ ਉਨ੍ਹਾਂ ਨਾਲ ਸੰਪਰਕ ਕਰ ਰਹੇ ਹਨ ਅਤੇ ਆਪਣੀਆਂ ਚਿੰਤਾਵਾਂ ਪ੍ਰਗਟ ਕਰ ਰਹੇ ਹਨ। 'ਮੈਂ ਖੁੱਲ੍ਹੇ ਨਸਲਵਾਦ ਵਿੱਚ ਹਾਲ ਹੀ ਵਿੱਚ ਹੋਏ ਵਾਧੇ ਬਾਰੇ ਬਹੁਤ ਚਿੰਤਤ ਹਾਂ। 'ਮੈਂ ਦੋਸ਼ੀਆਂ ਨੂੰ ਜਲਦੀ ਫੜਨ ਅਤੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਲਿਸ ਨਾਲ ਮਿਲ ਕੇ ਕੰਮ ਕਰਾਂਗੀ। ਸਮੈਥਵਿਕ ਦੇ ਸੰਸਦ ਮੈਂਬਰ ਗੁਰਿੰਦਰ ਸਿੰਘ ਜੋਸਨ ਨੇ ਵੀ ਇਸਨੂੰ ਇੱਕ "ਭਿਆਨਕ ਹਮਲਾ" ਦੱਸਿਆ ਅਤੇ ਲੋਕਾਂ ਨੂੰ ਪੁਲਿਸ ਦੀ ਜਾਂਚ ਵਿੱਚ ਮਦਦ ਕਰਨ ਦੀ ਅਪੀਲ ਕੀਤੀ।

**ਕੀ ਹੈ ਪੂਰੀ ਘਟਨਾ?**

ਜਾਣਕਾਰੀ ਮੁਤਾਬਕ ਮੰਗਲਵਾਰ ਸਵੇਰੇ ਲਗਭਗ 8:30 ਵਜੇ ਦਿਨ-ਦਿਹਾੜੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਇਹ ਹਮਲਾ ਸਿਰਫ਼ ਜਿਨਸੀ ਅਪਰਾਧ ਹੀ ਨਹੀਂ ਸੀ, ਸਗੋਂ ਇਸ ਵਿੱਚ ਨਸਲੀ ਟਿੱਪਣੀਆਂ ਵੀ ਸ਼ਾਮਲ ਸਨ, ਜਿਸ ਕਾਰਨ ਪੁਲਿਸ ਇਸ ਨੂੰ ਨਸਲੀ ਹਮਲੇ ਵਜੋਂ ਜਾਂਚ ਕਰ ਰਹੀ ਹੈ।

ਪੀੜਤ ਨੌਜਵਾਨ ਨੇ ਪੁਲਿਸ ਨੂੰ ਦੱਸਿਆ ਕਿ ਹਮਲਾਵਰਾਂ ਨੇ ਉਸ ਨੂੰ ਕਿਹਾ, "ਆਪਣੇ ਦੇਸ਼ ਵਾਪਸ ਜਾਓ, ਤੁਹਾਡਾ ਇਸ ਦੇਸ਼ 'ਤੇ ਕੋਈ ਹੱਕ ਨਹੀਂ ਹੈ।" ਇਸ ਬਿਆਨ ਤੋਂ ਬਾਅਦ ਇਲਾਕੇ ਵਿੱਚ ਗੁੱਸੇ ਅਤੇ ਚਿੰਤਾ ਦਾ ਮਾਹੌਲ ਹੈ।

**ਦੋ ਹਮਲਾਵਰਾਂ ਨੇ ਦਿੱਤਾ ਵਾਰਦਾਤ ਨੂੰ ਅੰਜਾਮ, ਤਲਾਸ਼ ਜਾਰੀ**

ਪੁਲਿਸ ਜਾਂਚ ਵਿੱਚ ਹੁਣ ਤੱਕ ਪਤਾ ਲੱਗਿਆ ਹੈ ਕਿ ਇਸ ਵਾਰਦਾਤ ਵਿੱਚ ਦੋ ਵਿਅਕਤੀ ਸ਼ਾਮਲ ਸਨ। ਪੁਲਿਸ ਅਨੁਸਾਰ, ਦੋਵੇਂ ਹਮਲਾਵਰ ਗੋਰੇ (ਅੰਗਰੇਜ਼) ਸਨ। ਇੱਕ ਸ਼ੱਕੀ ਦਾ ਸਰੀਰ ਥੋੜ੍ਹਾ ਭਾਰੀ ਸੀ ਅਤੇ ਸਿਰ ਮੁੰਨਿਆ ਹੋਇਆ ਸੀ, ਜਿਸ ਨੇ ਕਾਲੀ ਸਵੈਟਸ਼ਰਟ ਅਤੇ ਦਸਤਾਨੇ ਪਾਏ ਹੋਏ ਸਨ। ਦੂਜਾ ਸ਼ੱਕੀ ਸਲੇਟੀ ਰੰਗ ਦਾ ਟਾਪ ਪਹਿਨਿਆ ਹੋਇਆ ਸੀ, ਜਿਸ 'ਤੇ ਸਿਲਵਰ ਜ਼ਿੱਪ ਸੀ। ਇਹ ਹੁਲੀਆ ਪੁਲਿਸ ਨੇ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਪਛਾਣਿਆ ਹੈ।

ਘਟਨਾ ਤੋਂ ਬਾਅਦ ਵੈਸਟ ਮਿਡਲੈਂਡਸ ਪੁਲਿਸ ਨੇ ਇਲਾਕੇ ਨੂੰ ਸੀਲ ਕਰ ਦਿੱਤਾ ਅਤੇ ਸੀਸੀਟੀਵੀ ਫੁਟੇਜ ਦੀ ਜਾਂਚ ਨੂੰ ਤੇਜ਼ ਕਰ ਦਿੱਤਾ। ਫੋਰੈਂਸਿਕ ਟੀਮਾਂ ਮਾਮਲੇ ਦੀ ਤਹਿਕੀਕਾਤ ਕਰ ਰਹੀਆਂ ਹਨ। ਪੁਲਿਸ ਬੁਲਾਰੇ ਨੇ ਕਿਹਾ ਕਿ ਇਸ ਘਟਨਾ ਨੇ ਸਥਾਨਕ ਭਾਈਚਾਰੇ ਵਿੱਚ ਗੁੱਸਾ ਅਤੇ ਡਰ ਪੈਦਾ ਕੀਤਾ ਹੈ। ਅਸੀਂ ਪੀੜਤਾ ਨੂੰ ਇਨਸਾਫ ਦਵਾਉਣ ਅਤੇ ਦੋਸ਼ੀਆਂ ਨੂੰ ਫੜਨ ਲਈ ਹਰ ਸੰਭਵ ਕਦਮ ਚੁੱਕ ਰਹੇ ਹਾਂ।

**ਯੂਕੇ ਸਿੱਖ ਫੈਡਰੇਸ਼ਨ ਦੀ ਸਖ਼ਤ ਨਿੰਦਾ**

ਯੂਕੇ ਸਿੱਖ ਫੈਡਰੇਸ਼ਨ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਸਰਕਾਰ ਤੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਫੈਡਰੇਸ਼ਨ ਦੇ ਮੁਖੀ ਦਵਿੰਦਰਜੀਤ ਸਿੰਘ ਨੇ ਕਿਹਾ, "ਅਸੀਂ ਸਾਰੇ ਸਿਆਸੀ ਦਲਾਂ ਨੂੰ ਇਸ ਹਮਲੇ ਦੀ ਸਰਵਜਨਕ ਨਿੰਦਾ ਕਰਨ ਦੀ ਅਪੀਲ ਕਰਦੇ ਹਾਂ।" ਉਨ੍ਹਾਂ ਨੇ ਯੂਕੇ ਵਿੱਚ ਰਹਿਣ ਵਾਲੇ ਸਿੱਖ ਭਾਈਚਾਰੇ ਨੂੰ ਵੀ ਸੁਚੇਤ ਰਹਿਣ ਦੀ ਸਲਾਹ ਦਿੱਤੀ। ਉਨ੍ਹਾਂ ਅੱਗੇ ਕਿਹਾ ਕਿ ਇਹ ਹਮਲਾ ਦਿਨ-ਦਿਹਾੜੇ ਵਿਅਸਤ ਸੜਕ 'ਤੇ ਹੋਇਆ, ਪਰ ਹੁਣ ਤੱਕ ਕਿਸੇ ਵੀ ਰਾਜਨੇਤਾ ਨੇ ਇਸ ਨਸਲੀ ਅਤੇ ਜਿਨਸੀ ਹਮਲੇ ਦੀ ਜਨਤਕ ਨਿੰਦਾ ਨਹੀਂ ਕੀਤੀ। ਉਨ੍ਹਾਂ ਨੇ ਮੌਜੂਦਾ ਸਿਆਸੀ ਮਾਹੌਲ ਨੂੰ ਪਾਪੂਲਿਜ਼ਮ ਅਤੇ ਪ੍ਰਵਾਸੀ-ਵਿਰੋਧੀ ਰਾਜਨੀਤੀ ਦਾ ਨਤੀਜਾ ਦੱਸਿਆ।

**ਯੂਕੇ ਦੇ ਸਿੱਖ ਸੰਸਦ ਮੈਂਬਰ ਦੀ ਪ੍ਰਤੀਕਿਰਿਆ**

ਲੇਬਰ ਪਾਰਟੀ ਦੇ ਸੰਸਦ ਮੈਂਬਰ ਗੁਰਿੰਦਰ ਸਿੰਘ ਜੋਸਨ ਨੇ ਸੋਸ਼ਲ ਮੀਡੀਆ 'ਤੇ ਇਸ ਘਟਨਾ ਨੂੰ ਭਿਆਨਕ ਹਮਲਾ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਦੀਆਂ ਸੰਵੇਦਨਾਵਾਂ ਪੀੜਤਾ ਨਾਲ ਹਨ। ਉਨ੍ਹਾਂ ਪੁਸ਼ਟੀ ਕੀਤੀ ਕਿ ਪੁਲਿਸ ਇਸ ਮਾਮਲੇ ਨੂੰ ਨਫ਼ਰਤੀ ਅਪਰਾਧ (ਹੇਟ ਕ੍ਰਾਈਮ) ਮੰਨ ਕੇ ਸੰਵੇਦਨਸ਼ੀਲਤਾ ਨਾਲ ਜਾਂਚ ਕਰ ਰਹੀ ਹੈ। ਸੰਸਦ ਮੈਂਬਰ ਜੋਸਨ ਨੇ ਇਹ ਵੀ ਕਿਹਾ ਕਿ ਪੀੜਤਾ ਸਦਮੇ ਵਿੱਚ ਹੈ, ਇਸ ਲਈ ਪੁਲਿਸ ਉਸ ਦੀ ਇੱਛਾ ਅਤੇ ਸਹੂਲਤ ਅਨੁਸਾਰ ਕਾਰਵਾਈ ਕਰ ਰਹੀ ਹੈ।

# ਅਮਰੀਕਾ 'ਚ 3 ਪੁਲਿਸ ਵਾਲੇ ਮਾਰੇ ਗਏ



ਅਮਰੀਕਾ ਦੇ ਪੈਨਸਿਲਵੇਨੀਆ ਰਾਜ ਵਿੱਚ ਇੱਕ ਦੁਖਦਾਈ ਘਟਨਾ ਵਾਪਰੀ ਹੈ, ਜਿੱਥੇ ਇੱਕ ਸ਼ੱਕੀ ਦੀ ਗੋਲੀਬਾਰੀ ਵਿੱਚ ਤਿੰਨ ਪੁਲਿਸ ਅਧਿਕਾਰੀ ਮਾਰੇ ਗਏ ਅਤੇ ਦੋ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਇਹ ਘਟਨਾ ਯੌਰਕ ਕਾਉਂਟੀ ਦੇ ਉੱਤਰੀ ਕੋਡੋਰਸ ਟਾਊਨਸ਼ਿਪ ਖੇਤਰ ਵਿੱਚ ਵਾਪਰੀ, ਜਦੋਂ ਪੁਲਿਸ ਇੱਕ ਘਰੇਲੂ ਮਾਮਲੇ ਦੀ ਜਾਂਚ ਕਰ ਰਹੀ ਸੀ।

ਪੁਲਿਸ ਅਧਿਕਾਰੀ ਵਾਰੰਟ ਦੀ ਤਾਮੀਲ ਲਈ ਇੱਕ ਦਿਨ ਪਹਿਲਾਂ ਵਾਪਰੀ ਘਰੇਲੂ ਘਟਨਾ ਦੇ ਸਬੰਧ ਵਿੱਚ ਇੱਕ ਪੇਂਡੂ ਖੇਤਰ ਵਿੱਚ ਗਏ ਸਨ। ਇਸ ਦੌਰਾਨ, ਸ਼ੱਕੀ ਨੇ ਉਨ੍ਹਾਂ 'ਤੇ ਗੋਲੀਬਾਰੀ ਕਰ ਦਿੱਤੀ। ਇਸ ਹਮਲੇ ਵਿੱਚ ਤਿੰਨ ਅਧਿਕਾਰੀ ਸ਼ਹੀਦ ਹੋ ਗਏ। ਗੋਲੀਬਾਰੀ ਤੋਂ ਬਾਅਦ, ਸ਼ੱਕੀ ਨੇ ਜਾਂ ਤਾਂ ਖੁਦਕੁਸ਼ੀ ਕਰ ਲਈ ਜਾਂ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ, ਕਿਉਂਕਿ ਅਧਿਕਾਰੀ ਦੋਵਾਂ ਸੰਭਾਵਨਾਵਾਂ ਬਾਰੇ ਵੱਖ-ਵੱਖ ਜਾਣਕਾਰੀ ਦੇ ਰਹੇ ਹਨ।

ਪੈਨਸਿਲਵੇਨੀਆ ਦੇ ਗਵਰਨਰ ਜੋਸ਼ ਸ਼ਾਪੀਰੋ ਨੇ ਇਸ ਘਟਨਾ ਨੂੰ "ਇੱਕ ਬਹੁਤ ਹੀ ਦੁਖਦਾਈ ਅਤੇ ਵਿਨਾਸ਼ਕਾਰੀ ਦਿਨ" ਦੱਸਿਆ ਅਤੇ ਸ਼ਹੀਦਾਂ ਦੀ ਆਤਮਾ ਲਈ ਸੋਗ ਪ੍ਰਗਟਾਇਆ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੀ ਹਿੰਸਾ ਸਮਾਜ ਵਿੱਚ ਠੀਕ ਨਹੀਂ ਹੈ। ਪੈਨਸਿਲਵੇਨੀਆ ਰਾਜ ਦੇ ਪੁਲਿਸ ਕਮਿਸ਼ਨਰ ਕ੍ਰਿਸਟੋਫਰ ਪੈਰੀਸੀ ਨੇ ਪੂਰੀ ਅਤੇ ਨਿਰਪੱਖ ਜਾਂਚ ਦਾ ਵਾਅਦਾ ਕੀਤਾ ਹੈ। ਇਹ ਘਟਨਾ ਪਿਛਲੇ ਕੁਝ ਸਾਲਾਂ ਵਿੱਚ ਪੈਨਸਿਲਵੇਨੀਆ ਵਿੱਚ ਕਾਨੂੰਨ ਲਾਗੂ ਕਰਨ ਵਾਲਿਆਂ ਲਈ ਸਭ ਤੋਂ ਘਾਤਕ ਹਮਲਿਆਂ ਵਿੱਚੋਂ ਇੱਕ ਹੈ। ਇਸ ਤੋਂ ਪਹਿਲਾਂ, 2009 ਵਿੱਚ ਵੀ ਪਿਟਸਬਰਗ ਵਿੱਚ ਇੱਕ ਘਰੇਲੂ ਕਾਲ ਦਾ ਜਵਾਬ ਦਿੰਦੇ ਸਮੇਂ ਤਿੰਨ ਪੁਲਿਸ ਅਧਿਕਾਰੀ ਮਾਰੇ ਗਏ ਸਨ। ਇਸ ਘਟਨਾ ਤੋਂ ਬਾਅਦ, ਪੂਰੇ ਖੇਤਰ ਦੇ ਪੁਲਿਸ ਵਿਭਾਗਾਂ ਨੇ ਸੋਸ਼ਲ ਮੀਡੀਆ 'ਤੇ ਸ਼ੋਕ ਸੰਦੇਸ਼ ਸਾਂਝੇ ਕੀਤੇ ਹਨ ਅਤੇ ਆਮ ਜਨਤਾ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣੀ ਸ਼ੁਰੂ ਕਰ ਦਿੱਤੀ ਹੈ।

# ਭਾਰਤ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਸਿੱਖ ਜਥਾ ਨਾ ਭੇਜਣ ਦਾ ਫ਼ੈਸਲਾ ਗਲਤ- ਜਥੇਦਾਰ ਗੜਗੱਜ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਨਵੰਬਰ ਮਹੀਨੇ ਵਿੱਚ ਸਿੱਖ ਸ਼ਰਧਾਲੂਆਂ ਦਾ ਜਥਾ ਇਸ ਸਾਲ ਭਾਰਤ ਤੋਂ ਪਾਕਿਸਤਾਨ ਨਾ ਭੇਜਣ ਦੇ ਫ਼ੈਸਲੇ ਨੂੰ ਗਲਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਦੋਵੇਂ ਦੇਸ਼ਾਂ ਵਿਚਕਾਰ ਕ੍ਰਿਕਟ ਖੇਡਿਆ ਜਾ ਸਕਦਾ ਹੈ ਤਾਂ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਕਿਉਂ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰਾਂ ਇਸ ਖ਼ਿੱਤੇ ਵਿੱਚ ਸ਼ਾਂਤੀ ਤੇ ਤਰੱਕੀ ਚਾਹੁੰਦੀਆਂ ਹਨ ਤਾਂ ਇਸ ਲਈ ਜ਼ਰੂਰੀ ਹੈ ਕਿ ਭਾਰਤ ਤੇ ਪਾਕਿਸਤਾਨ ਦੇ ਸਬੰਧ ਆਪਸ ਵਿੱਚ ਸੁਖਾਵੇਂ ਹੋਣ ਅਤੇ ਇਹ ਦੇਸ਼ ਆਪਸ ਵਿੱਚ ਵਪਾਰ ਦੇ ਰਸਤੇ ਖੋਲ੍ਹਣ।



ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਵਿਚਕਾਰ ਹੋਏ ਸਮਝੌਤੇ ਅਨੁਸਾਰ ਹਰ ਸਾਲ ਸਿੱਖ ਜਥੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਜਾਂਦੇ ਹਨ, ਲੇਕਿਨ ਭਾਰਤ ਸਰਕਾਰ ਵੱਲੋਂ ਇਸ ਵਾਰ ਲਏ ਗਏ ਫ਼ੈਸਲੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਗੁਰਪੁਰਬ ਮੌਕੇ ਸਮਾਗਮਾਂ ਵਿੱਚ ਸ਼ਮੂਲੀਅਤ ਤੋਂ ਸਿੱਖ ਸੰਗਤ ਨੂੰ ਵਾਂਝੇ ਰੱਖਣਾ ਬਿਲਕੁਲ ਗਲਤ ਹੈ। ਉਨ੍ਹਾਂ ਕਿਹਾ ਕਿ ਵਿਸ਼ਵਭਰ ਵਿੱਚ ਵੱਸਦੀ ਸਿੱਖ ਸੰਗਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਉਂਦੀ ਹੈ ਅਤੇ ਸ੍ਰੀ ਨਨਕਾਣਾ ਸਾਹਿਬ ਗੁਰੂ ਸਾਹਿਬ ਜੀ ਦਾ ਜਨਮ ਅਸਥਾਨ ਹੋਣ ਕਰਕੇ ਹਰ ਸਾਲ ਹਜ਼ਾਰਾਂ ਹੀ ਸਿੱਖ ਸੰਗਤਾਂ ਇੱਥੇ ਨਤਮਸਤਕ ਹੋਣ ਪੁੱਜਦੀਆਂ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ ਦੋਵੇਂ ਦੇਸ਼ਾਂ ਵਿਚਕਾਰ ਪਿਛਲੇ ਸਮੇਂ ਜੋ ਵੀ ਤਲਖ਼ੀ ਵਾਲਾ ਮਾਹੌਲ ਬਣਿਆ ਸੀ ਇਸ ਦਾ ਅਸਰ ਭਾਈਚਾਰਿਆਂ ਦੇ ਸਬੰਧਾਂ ਉੱਤੇ ਨਹੀਂ ਪੈਣਾ ਚਾਹੀਦਾ ਬਲਕਿ ਸਦਭਾਵਨਾ ਤੇ ਗੱਲਬਾਤ ਨਾਲ ਮਸਲੇ ਹੱਲ ਕਰਨੇ ਚਾਹੀਦੇ ਹਨ। ਉਨ੍ਹਾਂ ਪਾਕਿਸਤਾਨ ਸਰਕਾਰ ਨੂੰ ਆਖਿਆ ਕਿ ਉਹ ਵੀ ਭਾਰਤ ਸਰਕਾਰ ਨੂੰ ਇਹ ਯਕੀਨੀ ਬਣਾਵੇ ਕਿ ਜੇਕਰ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਆਉਂਦਾ ਹੈ ਤਾਂ ਉਹ ਉਨ੍ਹਾਂ ਦੀ ਸੁਰੱਖਿਆ ਦੀ ਪੂਰੀ ਜ਼ਿੰਮੇਵਾਰੀ ਲੈਣਗੇ। ਜਥੇਦਾਰ ਗੜਗੱਜ ਨੇ ਕਿਹਾ ਕਿ ਜੇਕਰ ਦੋਵੇਂ ਦੇਸ਼ ਆਪਸ ਵਿੱਚ ਕ੍ਰਿਕਟ ਜਾਂ ਕੋਈ ਹੋਰ ਖੇਡ ਖੇਡਦੇ ਹਨ ਤਾਂ ਇਹ ਇੱਕ ਚੰਗੀ ਪਹਿਲ ਹੈ, ਇਸਦਾ ਸੁਆਗਤ ਹੈ, ਇਸ ਨਾਲ ਆਪਸੀ ਰਿਸ਼ਤਿਆਂ ਵਿੱਚ ਸੁਧਾਰ ਹੋਵੇਗਾ, ਪਰੰਤੂ ਸਿੱਖ ਜਥਿਆਂ ਸਬੰਧੀ ਵੀ ਇਹੀ ਨੀਤੀ ਅਪਣਾਉਣੀ ਚਾਹੀਦੀ ਹੈ। ਪਾਕਿਸਤਾਨ ਨਾਲ ਕ੍ਰਿਕਟ ਮੈਚ ਖੇਡਣ ਉੱਤੇ ਭਾਰਤ ਅੰਦਰ ਵਿਰੋਧੀ ਸਿਆਸੀ ਧਿਰਾਂ ਖ਼ਾਸਕਰ ਜਿਹੜੀਆਂ ਧਿਰਾਂ ਪੰਜਾਬ ਅੰਦਰ ਕੰਮ ਕਰ ਰਹੀਆਂ ਹਨ, ਉਨ੍ਹਾਂ ਵੱਲੋਂ ਇਸ ਮਸਲੇ ਉੱਤੇ ਸਰਕਾਰ ਦਾ ਵਿਰੋਧ ਕਰਨਾ ਵੀ ਗਲਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕੰਮ ਕਰਦੀ ਕਿਸੇ ਵੀ ਸਿਆਸੀ ਧਿਰ ਨੂੰ ਵੱਡਾ ਦਿਲ ਕਰਕੇ ਉਸ ਕਦਮ ਦਾ ਸੁਆਗਤ ਕਰਨਾ ਚਾਹੀਦਾ ਹੈ ਜਿਸ ਨਾਲ ਦੋਵੇਂ ਦੇਸ਼ਾਂ ਦੇ ਸਬੰਧਾਂ ਵਿੱਚ ਸੁਧਾਰ ਹੁੰਦਾ ਹੋਵੇ, ਕਿਉਂਕਿ ਆਪਸੀ ਸਾਂਝ ਤੇ ਪਿਆਰ ਨਾਲ ਹੀ ਖ਼ਿੱਤੇ ਵਿੱਚ ਅਮਨ ਤੇ ਸ਼ਾਂਤੀ ਕਾਇਮ ਰਹੇਗੀ ਨਾ ਕਿ ਨਫ਼ਰਤ ਨਾਲ। ਉਨ੍ਹਾਂ ਕਿਹਾ ਕਿ ਭਾਰਤ ਪਾਕਿਸਤਾਨ ਵਿਚਕਾਰ ਕ੍ਰਿਕਟ ਮੈਚ ਖੇਡੇ ਜਾਣ ਨਾਲ ਕੁਝ ਵੀ ਮਾੜਾ ਜਾਂ ਗਲਤ ਨਹੀਂ ਹੋਇਆ ਅਤੇ ਸਿੱਖ ਸ਼ਰਧਾਲੂਆਂ ਦੇ ਜਥਿਆਂ ਬਾਰੇ ਵੀ ਇਹੀ ਪਹੁੰਚ ਰੱਖਣੀ ਚਾਹੀਦੀ ਹੈ।

# ਹੁਣ ਪ੍ਰਵਾਸੀਆਂ ਨੂੰ ਪੰਜਾਬ ਦੇ ਇਸ ਪਿੰਡ 'ਚ ਨਹੀਂ ਮਿਲੇਗੀ ਜ਼ਮੀਨ ਅਤੇ ਘਰ, ਪੰਚਾਇਤ ਨੇ ਲਿਆ ਫ਼ੈਸਲਾ

ਬਠਿੰਡਾ :ਹੁਸ਼ਿਆਰਪੁਰ ਘਟਨਾ ਤੋਂ ਬਾਅਦ ਪੰਜਾਬ ਦੇ ਪਿੰਡਾਂ ਵਿੱਚ ਪ੍ਰਵਾਸੀਆਂ ਵਿਰੁੱਧ ਬਹੁਤ ਗੁੱਸਾ ਦੇਖਣ ਨੂੰ ਮਿਲ ਰਿਹਾ ਹੈ। ਹੁਣ ਪਿੰਡਾਂ ਦੀਆਂ ਪੰਚਾਇਤਾਂ ਵਿੱਚ ਪ੍ਰਵਾਸੀਆਂ ਵਿਰੁੱਧ ਸਖ਼ਤ ਫੈਸਲੇ ਲਏ ਜਾ ਰਹੇ ਹਨ। ਬਠਿੰਡਾ ਦੇ ਪਿੰਡ ਗਾਗਰੀ ਭਾਗੀ ਦੇ ਗੁਰਦੁਆਰਾ ਸਾਹਿਬ ਤੋਂ ਐਲਾਨ ਕਰਕੇ ਪ੍ਰਵਾਸੀਆਂ ਵਿਰੁੱਧ ਸ਼ਰਤਾਂ ਲਗਾਈਆਂ ਗਈਆਂ ਹਨ।



- * ਪੰਚਾਇਤ ਨੇ ਪ੍ਰਵਾਸੀਆਂ ਲਈ ਜਾਰੀ ਕੀਤੀਆਂ ਇਹ ਸ਼ਰਤਾਂ
- * ਪ੍ਰਵਾਸੀ ਪਿੰਡ ਵਿੱਚ ਕੋਈ ਘਰ ਜਾਂ ਜ਼ਮੀਨ ਨਹੀਂ ਖਰੀਦ ਸਕਣਗੇ।
- * ਪ੍ਰਵਾਸੀ ਮਜ਼ਦੂਰਾਂ ਲਈ ਆਧਾਰ ਕਾਰਡ ਅਤੇ ਵੋਟਿੰਗ ਕਾਰਡ ਬਣਾਉਣ 'ਤੇ ਪਾਬੰਦੀ ਹੋਵੇਗੀ।
- * ਪਿੰਡ ਵਿੱਚ ਆਉਣ ਵਾਲੇ ਪ੍ਰਵਾਸੀ ਸਿਰਫ਼ ਖੇਤ ਦੀ ਮੋਟਰ 'ਤੇ ਹੀ ਰਹਿ ਸਕਣਗੇ।
- * ਜਿਸ ਕਿਸਾਨ ਦੇ ਖੇਤ ਵਿੱਚ ਪ੍ਰਵਾਸੀ ਮਜ਼ਦੂਰ ਕੰਮ ਕਰਦਾ ਹੈ, ਉਹ ਇਸ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ।
- * ਹਰੇਕ ਪ੍ਰਵਾਸੀ ਮਜ਼ਦੂਰ ਦੀ ਪੁਲਿਸ ਵੈਰੀਫਿਕੇਸ਼ਨ ਕੀਤੀ ਜਾਵੇਗੀ।
- * ਲਗਾਤਾਰ ਹੋ ਰਹੀਆਂ ਘਟਨਾਵਾਂ ਕਾਰਨ ਇਹ ਫੈਸਲਾ ਲਿਆ ਗਿਆ ਸੀ।

ਪਿੰਡ ਦੇ ਸਰਪੰਚ ਬਲਜੀਤ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਪੈਦਾ ਹੋਏ ਹਾਲਾਤ ਨੂੰ ਵੇਖਦੇ ਹੋਏ ਇਹ ਸਮੁੱਚੇ ਨਗਰ ਤੇ ਪੰਚਾਇਤ ਵੱਲੋਂ ਫੈਸਲਾ ਲਿਆ ਗਿਆ ਹੈ ਅਤੇ ਇਸ ਫੈਸਲੇ ਨੂੰ ਸਮੁੱਚੇ ਪਿੰਡ ਵੱਲੋਂ ਹੱਥ ਖੜ੍ਹੇ ਕਰਕੇ ਪ੍ਰਵਾਨ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਵਾਸੀਆਂ ਵੱਲੋਂ ਲਗਾਤਾਰ ਪੰਜਾਬ ਵਿੱਚ ਆ ਕੇ ਆਪਣੀਆਂ ਵੋਟਾਂ ਤੇ ਵੋਟਰ ਕਾਰਡ ਬਣਾਏ ਜਾ ਰਹੇ ਹਨ। ਉਨ੍ਹਾਂ ਦੇ ਪਿੰਡ ਵਿੱਚ ਵੀ ਕਈ ਪ੍ਰਵਾਸੀਆਂ ਵੱਲੋਂ ਪੁਰਾਣੇ ਸਮੇਂ ਵਿੱਚ ਵੋਟਰ ਕਾਰਡ ਅਤੇ ਆਧਾਰ ਕਾਰਡ ਬਣਾਏ ਗਏ ਹਨ ਜਿਨ੍ਹਾਂ ਵੱਲੋਂ ਹੁਣ ਪਿੰਡ ਵਾਸੀਆਂ ਨੂੰ ਤੰਗ ਪਰੇਸ਼ਾਨ ਵੀ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਮੁੱਚੇ ਪਿੰਡ ਵੱਲੋਂ ਇਸ ਫੈਸਲੇ ਸਬੰਧੀ ਪ੍ਰਸ਼ਾਸਨ ਨੂੰ ਜਾਣੂ ਕਰਵਾਇਆ ਜਾਵੇਗਾ ਤੇ ਬਾਹਰੋਂ ਆ ਕੇ ਇਸ ਪਿੰਡ ਵਿੱਚ ਵੋਟਾਂ ਬਣਾਉਣ ਵਾਲੇ ਪਰਵਾਸੀਆਂ ਦੀਆਂ ਵੋਟਾਂ ਕੱਟਣ ਸਬੰਧੀ ਵੀ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਮਿਲਿਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇੱਥੇ ਕਈ ਕਈ ਸਾਲ ਤੋਂ ਰਹਿ ਰਹੇ ਪ੍ਰਵਾਸੀਆਂ ਦੀ ਪੁਲਿਸ ਵੈਰੀਫਿਕੇਸ਼ਨ ਵੀ ਕਰਵਾਈ ਜਾਵੇਗੀ ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਇਹ ਆਪਣੇ ਘਰ ਵਾਪਸ ਨਹੀਂ ਗਏ ਕੀ ਪਤਾ ਇਹ ਪਿੱਛੇ ਕਿਸੇ ਤਰ੍ਹਾਂ ਦਾ ਅਪਰਾਧ ਕਰਕੇ ਆਏ ਹੋਣ ਉਨ੍ਹਾਂ ਕਿਹਾ ਕਿ ਪਰਵਾਸੀ ਖਿਲਾਫ਼ ਇਸ ਮਤੇ ਨੂੰ ਲਾਗੂ ਕਰਨ ਲਈ ਸਮੁੱਚਾ ਪਿੰਡ ਵਚਨਬੱਧ ਹੈ।

ਕਿਸਾਨ ਆਗੂ ਜਸਵੀਰ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਲਗਾਤਾਰ ਪ੍ਰਵਾਸੀਆਂ ਵੱਲੋਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ ਜਿਸ ਕਾਰਨ ਆਮ ਘਰਾਂ ਵਿੱਚ ਡਰ ਦਾ ਮਾਹੌਲ ਹੈ। ਉਨ੍ਹਾਂ ਨੇ ਕਿਹਾ ਕਿ ਆਮ ਤੌਰ ਦੇ ਉੱਪਰ ਪਰਵਾਸੀਆਂ ਦੇ ਰਾਮੂ ਅਤੇ ਰਾਜੂ ਹੀ ਨਾਮ ਹਨ। ਕੱਲ੍ਹ ਨੂੰ ਜੇਕਰ ਇਹ ਕੋਈ ਵਾਰਦਾਤ ਨੂੰ ਅੰਜਾਮ ਦੇ ਕੇ ਫਰਾਰ ਹੋ ਜਾਂਦੇ ਹਨ ਤਾਂ ਇਨ੍ਹਾਂ ਨੂੰ ਲੱਭਣਾ ਮੁਸ਼ਕਿਲ ਹੋ ਜਾਵੇਗਾ। ਇਸ ਲਈ ਪੰਚਾਇਤ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਜੋ ਵੀ ਕਿਸਾਨ ਇਨ੍ਹਾਂ ਨੂੰ ਕੰਮ ਕਰਨ ਲਈ ਲੈ ਕੇ ਆਵੇਗਾ। ਉਹ ਪਿੰਡ ਵਿੱਚ ਇਨ੍ਹਾਂ ਨੂੰ ਨਹੀਂ ਰੱਖੇਗਾ ਇਨ੍ਹਾਂ ਨੂੰ ਸਿਰਫ਼ ਖੇਤ ਦੀ ਮੋਟਰ ਉਤੇ ਰੱਖਣ ਦੀ ਇਜਾਜ਼ਤ ਹੋਵੇਗੀ।

**ਪ੍ਰਵਾਸੀਆਂ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਈ ਜਾਵੇਗੀ**

ਇਸ ਤੋਂ ਇਲਾਵਾ ਪ੍ਰਵਾਸੀਆਂ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਈ ਜਾਵੇਗੀ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਨ੍ਹਾਂ ਦਾ ਕੋਈ ਅਪਰਾਧਿਕ ਪਿਛੋਕੜ ਤਾਂ ਨਹੀਂ, ਘਟਨਾਵਾਂ ਵਾਪਰਨ ਤੋਂ ਬਾਅਦ ਅਕਸਰ ਹੀ ਲੋਕਾਂ ਵੱਲੋਂ ਸੜਕ ਜਾਮ ਕਰਕੇ ਇਨਸਾਫ ਦੀ ਮੰਗ ਕੀਤੀ ਜਾਂਦੀ ਹੈ ਪਰ ਜੇਕਰ ਇਨ੍ਹਾਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਣਾ ਹੈ ਤਾਂ ਅਜਿਹੇ ਸਖ਼ਤ ਫੈਸਲੇ ਲੈਣੇ ਪੈਣਗੇ। ਉਨ੍ਹਾਂ ਨੇ ਕਿਹਾ ਕਿ ਸਾਡੇ ਪਿੰਡ ਵਿੱਚ ਵੀ ਪ੍ਰਵਾਸੀਆਂ ਦੇ 8 ਤੋਂ 10 ਘਰ ਅਜਿਹੇ ਹਨ ਜਿਨ੍ਹਾਂ ਵੱਲੋਂ ਵੋਟ ਬਣਵਾਈ ਗਈ ਹੈ ਤੇ ਅਕਸਰ ਹੀ ਦੇਰ ਸਵੇਰ ਇਹ ਸਾਡੇ ਲੋਕਾਂ ਨਾਲ ਗਾਲੀ-ਗਲੋਚ ਕਰਦੇ ਹਨ।

**ਫੈਸਲੇ ਦਾ ਸਵਾਗਤ**

ਉਨ੍ਹਾਂ ਨੇ ਕਿਹਾ ਕਿ ਬਣਵਾਈਆਂ ਹੋਈਆਂ ਪ੍ਰਵਾਸੀਆਂ ਦੀਆਂ ਵੋਟਾਂ ਕਟਵਾਉਣ ਲਈ ਵੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਤੇ ਇਨ੍ਹਾਂ ਲੋਕਾਂ ਦੀ ਪੁਲਿਸ ਕਰਵਾਉਣ ਦੀ ਵੀ ਮੰਗ ਕੀਤੀ ਜਾ ਰਹੀ ਹੈ। ਅੱਜ ਸਮੁੱਚੇ ਨਗਰ ਵੱਲੋਂ ਇਸ ਫੈਸਲੇ ਦਾ ਜਿੱਥੇ ਸਵਾਗਤ ਕੀਤਾ ਹੈ ਉਥੇ ਹੀ ਦ੍ਰਿੜਤਾ ਨਾਲ ਲਾਗੂ ਕਰਨ ਲਈ ਸਾਥ ਦੇਣ ਦਾ ਵੀ ਭਰੋਸਾ ਦਿੱਤਾ ਗਿਆ ਹੈ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
ROKU
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਪੰਜਾਬੀ ਗਾਇਕ ਤੇ ਅਦਾਕਾਰ ਪਰਮੀਸ਼ ਵਰਮਾ ਫਿਲਮ ਦੀ ਸ਼ੂਟਿੰਗ ਦੌਰਾਨ ਹੋਏ ਜ਼ਖਮੀ



ਚੰਡੀਗੜ੍ਹ: ਪੰਜਾਬੀ ਗਾਇਕ ਅਤੇ ਅਦਾਕਾਰ ਪਰਮੀਸ਼ ਵਰਮਾ ਅੰਬਾਲਾ ਵਿੱਚ ਆਪਣੀ ਆਗਾਮੀ ਪੰਜਾਬੀ ਫਿਲਮ ਸ਼ੇਰਾ ਦੀ ਸ਼ੂਟਿੰਗ ਦੌਰਾਨ ਜ਼ਖਮੀ ਹੋ ਗਏ। ਸ਼ੂਟਿੰਗ ਦੌਰਾਨ ਉਨ੍ਹਾਂ ਦੇ ਚਿਹਰੇ 'ਤੇ ਸ਼ੀਸ਼ੇ ਦੇ ਤੇ ਟੁਕੜੇ ਲੱਗਾ, ਜਿਸ ਕਾਰਨ ਉਨ੍ਹਾਂ ਨੂੰ ਤੁਰੰਤ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ। ਇਲਾਜ ਤੋਂ ਬਾਅਦ ਉਹ ਚੰਡੀਗੜ੍ਹ ਵਾਪਸ ਪਰਤ ਗਏ ਹਨ। ਫਿਲਹਾਲ ਸ਼ੂਟਿੰਗ ਨੂੰ ਰੋਕ ਦਿੱਤਾ ਗਿਆ ਹੈ।

ਸੂਤਰਾਂ ਅਨੁਸਾਰ, ਸ਼ੂਟਿੰਗ ਦੌਰਾਨ ਪਰਮੀਸ਼ ਵਰਮਾ ਆਪਣੀ ਕਾਰ ਵਿੱਚ ਬੈਠੇ ਸਨ। ਸ਼ੂਟਿੰਗ ਲਈ ਵਰਤੀ ਗਈ ਨਕਲੀ ਗੋਲੀ ਉਨ੍ਹਾਂ ਦੀ ਕਾਰ ਦੇ ਸ਼ੀਸ਼ੇ ਨਾਲ ਟਕਰਾਈ, ਜਿਸ ਨਾਲ ਸ਼ੀਸ਼ਾ ਟੁੱਟ ਗਿਆ ਅਤੇ ਇੱਕ ਟੁਕੜਾ ਉਨ੍ਹਾਂ ਦੇ ਚਿਹਰੇ ਨੂੰ ਜਾ ਲੱਗਾ।

ਹਾਲਾਂਕਿ ਇਸ ਮਾਮਲੇ ਦੀ ਅਧਿਕਾਰਤ ਪੁਸ਼ਟੀ ਅਜੇ ਨਹੀਂ ਹੋਈ, ਪਰ ਪਰਮੀਸ਼ ਵਰਮਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਪੋਸਟ ਸਾਂਝੀ ਕੀਤੀ ਹੈ। ਉਨ੍ਹਾਂ ਨੇ ਲਿਖਿਆ, "ਇਹ ਘਟਨਾ ਸ਼ੇਰਾ ਮੂਵੀ ਦੇ ਸੈੱਟ 'ਤੇ ਵਾਪਰੀ। ਪਰਮਾਤਮਾ ਦੀ ਕਿਰਪਾ ਨਾਲ ਮੈਂ ਠੀਕ ਹਾਂ।"

**ਪਹਿਲਾਂ ਹੋਇਆ ਸੀ ਹਮਲਾ**

13 ਅਪ੍ਰੈਲ 2018 ਨੂੰ ਪਰਮੀਸ਼ ਵਰਮਾ 'ਤੇ ਮੋਹਾਲੀ ਵਿੱਚ ਇੱਕ ਹੋਰ ਹਮਲਾ ਹੋਇਆ ਸੀ। ਉਸ ਸਮੇਂ ਗੈਂਗਸਟਰ ਦਿਲਪ੍ਰੀਤ ਬਾਬਾ ਅਤੇ ਉਸ ਦੇ ਸਾਥੀਆਂ ਨੇ ਉਨ੍ਹਾਂ ਦੀ ਕਾਰ 'ਤੇ ਗੋਲੀਬਾਰੀ ਕੀਤੀ ਸੀ। ਇੱਕ ਗੋਲੀ ਪਰਮੀਸ਼ ਦੀ ਲੱਤ ਵਿੱਚ ਲੱਗੀ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ।

ਉਸ ਘਟਨਾ ਦੌਰਾਨ ਪਰਮੀਸ਼ ਰਾਤ ਨੂੰ ਚੰਡੀਗੜ੍ਹ ਤੋਂ ਇੱਕ ਪ੍ਰੋਗਰਾਮ ਤੋਂ ਬਾਅਦ ਸੈਕਟਰ-91, ਮੋਹਾਲੀ ਸਥਿਤ ਆਪਣੇ ਫਲੈਟ ਵੱਲ ਜਾ ਰਹੇ ਸਨ। ਗੈਂਗਸਟਰਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਸੈਕਟਰ-91 ਵਿੱਚ ਪਹੁੰਚ ਕੇ ਉਨ੍ਹਾਂ ਦੀ ਕਾਰ ਅੱਗੇ ਲਗਾ ਦਿੱਤੀ। ਫਿਰ ਗੋਲੀਬਾਰੀ ਸ਼ੁਰੂ ਕਰ ਦਿੱਤੀ। ਜ਼ਖਮੀ ਹੋਣ ਦੇ ਬਾਵਜੂਦ ਪਰਮੀਸ਼ ਨੇ 6 ਕਿਲੋਮੀਟਰ ਤੱਕ ਕਾਰ ਚਲਾਈ ਅਤੇ ਮੋਹਾਲੀ ਦੇ ਤਤਕਾਲੀ SSP ਕੁਲਦੀਪ ਸਿੰਘ ਚਾਹਲ ਨੂੰ ਸੂਚਿਤ ਕੀਤਾ। ਬਾਅਦ ਵਿੱਚ ਉਨ੍ਹਾਂ ਨੂੰ ਫੋਰਟਿਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

ਜੁਲਾਈ 2018 ਵਿੱਚ ਇੱਕ ਐਨਕਾਊਂਟਰ ਦੌਰਾਨ ਗੈਂਗਸਟਰ ਦਿਲਪ੍ਰੀਤ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੁੱਛਗਿੱਛ ਵਿੱਚ ਸਾਹਮਣੇ ਆਇਆ ਸੀ ਕਿ ਦਿਲਪ੍ਰੀਤ ਨੇ ਪਰਮੀਸ਼ ਵਰਮਾ ਤੋਂ 20 ਲੱਖ ਰੁਪਏ ਦੀ ਉਗਰਾਹੀ ਮੰਗੀ ਸੀ। ਇਹ ਮਾਮਲਾ ਅਜੇ ਵੀ ਮੋਹਾਲੀ ਅਦਾਲਤ ਵਿੱਚ ਚੱਲ ਰਿਹਾ ਹੈ।

# ਸਿੱਖ ਮਰਿਆਦਾ ਦੀ ਉਲੰਘਣਾ?

## ਰਾਹੁਲ ਗਾਂਧੀ ਨੂੰ ਸਿਰੋਪਾ ਦੇਣ ਦੇ ਮਾਮਲੇ ਦੀ ਹੋਵੇਗੀ ਜਾਂਚ



ਅੰਮ੍ਰਿਤਸਰ: 15 ਸਤੰਬਰ ਨੂੰ ਅੰਮ੍ਰਿਤਸਰ ਵਿੱਚ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ। ਇਸ ਦੌਰਾਨ, ਉਹ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਨਤਮਸਤਕ ਹੋਏ, ਜਿੱਥੇ ਗੁਰਦੁਆਰਾ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸਿਰੋਪਾ ਪਹਿਨਾ ਕੇ ਸਨਮਾਨਿਤ ਕੀਤਾ।

ਸਿਰੋਪਾ ਸਨਮਾਨ ਦੇਣ ਤੋਂ ਬਾਅਦ ਹੁਣ ਵਿਵਾਦ ਖੜ੍ਹਾ ਹੋ ਗਿਆ ਹੈ। ਕਈ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਅੱਗੇ ਇਸ ਦਾ ਵਿਰੋਧ ਕੀਤਾ ਹੈ। SGPC ਨੇ ਇਸ ਮਾਮਲੇ ਦਾ ਨੋਟਿਸ ਲੈਂਦਿਆਂ ਜਾਂਚ ਸ਼ੁਰੂ ਕਰ ਦਿੱਤੀ ਹੈ।

**SGPC ਪ੍ਰਧਾਨ ਦਾ ਬਿਆਨ**

SGPC ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੀਤੀ ਰਾਤ ਇੱਕ ਪ੍ਰੈਸ ਨੋਟ ਜਾਰੀ ਕਰਕੇ ਕਿਹਾ, "ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਜੇ ਕੋਈ ਦੋਸ਼ੀ ਪਾਇਆ ਗਿਆ, ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।"

ਉਨ੍ਹਾਂ ਨੇ ਅੱਗੇ ਕਿਹਾ ਕਿ SGPC ਦੀ ਅੰਤਰਿਮ ਕਮੇਟੀ ਨੇ ਪਹਿਲਾਂ ਹੀ ਫੈਸਲਾ ਲਿਆ ਸੀ ਕਿ ਗੁਰਦੁਆਰਾ ਸਾਹਿਬ ਵਿੱਚ ਸਿਰਫ ਧਾਰਮਿਕ ਸ਼ਖਸੀਅਤਾਂ, ਰਾਗੀ ਸਿੰਘਾਂ ਅਤੇ ਸਿੱਖ ਮਹਾਪੁਰਸ਼ਾਂ ਨੂੰ ਹੀ ਸਿਰੋਪਾ ਦਿੱਤਾ ਜਾ ਸਕਦਾ ਹੈ। ਕਿਸੇ ਹੋਰ ਵਿਅਕਤੀ ਨੂੰ ਇਹ ਸਨਮਾਨ ਦੇਣ 'ਤੇ ਪਾਬੰਦੀ ਹੈ।

**ਰਾਹੁਲ ਗਾਂਧੀ ਦਾ ਦੌਰਾ**

ਰਾਹੁਲ ਗਾਂਧੀ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਕਾਂਗਰਸ ਪ੍ਰਦੇਸ਼ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਨਤਮਸਤਕ ਹੋਏ। ਇਸ ਦੌਰਾਨ ਹੋਈ ਇਸ ਘਟਨਾ ਦੀ ਜਾਂਚ ਜਾਰੀ ਹੈ। ਧਾਮੀ ਨੇ ਕਿਹਾ ਕਿ ਜਲਦੀ ਹੀ ਇਸ ਮਾਮਲੇ ਦੀ ਪੂਰੀ ਰਿਪੋਰਟ ਤਿਆਰ ਕੀਤੀ ਜਾਵੇਗੀ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ।

ਪ੍ਰਧਾਨ ਧਾਮੀ ਨੇ ਜ਼ੋਰ ਦੇ ਕੇ ਕਿਹਾ ਕਿ ਸਿੱਖ ਨਸਲਕੁਸ਼ੀ ਲਈ ਜ਼ਿੰਮੇਵਾਰ ਕਾਂਗਰਸ ਪਾਰਟੀ ਅਤੇ ਗਾਂਧੀ ਪਰਿਵਾਰ ਦੇ ਮੈਂਬਰ ਰਾਹੁਲ ਗਾਂਧੀ ਨੂੰ ਗੁਰਦੁਆਰਾ ਸਾਹਿਬ ਵਿੱਚ ਸਿਰੋਪਾ ਦੇਣਾ ਸਿੱਖ ਮਰਿਆਦਾ ਅਤੇ ਪਰੰਪਰਾਵਾਂ ਦੀ ਉਲੰਘਣਾ ਹੈ। ਉਨ੍ਹਾਂ ਨੇ ਇਸ ਨੂੰ ਕਿਸੇ ਵੀ ਸੂਰਤ ਵਿੱਚ ਸਵੀਕਾਰ ਨਾ ਕਰਨ ਯੋਗ ਦੱਸਿਆ।

## ਰਾਹੁਲ ਨੂੰ ਸਿਰੋਪਾ: ਸ਼੍ਰੋਮਣੀ ਕਮੇਟੀ ਵੱਲੋਂ ਚਾਰ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ

ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਰਮਦਾਸ ਦੇ ਅੰਦਰ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਸਿਰੋਪਾ ਦੇਣ ਦੇ ਮਾਮਲੇ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਚਾਰ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਮਰਿਆਦਾ ਦੀ ਉਲੰਘਣਾ ਅਤੇ ਸਨਮਾਨ ਦੇਣ ਸਬੰਧੀ ਨਿਯਮਾਂ ਦੀ ਪਾਲਣਾ ਨਾ ਕਰਨ ਲਈ ਜ਼ਿੰਮੇਵਾਰ ਠਹਿਰਾਇਆ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਮਾਮਲੇ ਦੀ ਪੜਤਾਲ ਕਰਵਾਈ ਗਈ ਸੀ, ਜਿਸ ਦੀ ਅੱਜ ਰਿਪੋਰਟ ਪ੍ਰਾਪਤ ਹੋਣ ਮਗਰੋਂ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਰਮਦਾਸ ਦੇ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਦੇ ਕਥਾਵਾਚਕ ਭਾਈ ਪਲਵਿੰਦਰ ਸਿੰਘ ਅਤੇ ਸੇਵਾਦਾਰ ਭਾਈ ਹਰਵਿੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਇਵਜ਼ੀ ਤੌਰ 'ਤੇ ਸੇਵਾ ਨਿਭਾਅ ਰਹੇ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਦੀਆਂ ਸੇਵਾਵਾਂ ਸਮਾਪਤ ਕਰ ਦਿੱਤੀਆਂ ਗਈਆਂ ਹਨ ਅਤੇ ਮੈਨੇਜਰ ਪ੍ਰਗਟ ਸਿੰਘ ਨੂੰ ਚੇਤਾਵਨੀ ਦਿੰਦਿਆਂ ਉਸ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੜਤਾਲੀਆ ਰਿਪੋਰਟ ਵਿਚ ਇਹ ਪੱਖ ਸਾਹਮਣੇ ਆਇਆ ਹੈ ਕਿ ਰਾਹੁਲ ਗਾਂਧੀ ਗੁਰਦੁਆਰੇ ਦੇ ਦਰਬਾਰ ਵਿਚ ਨਿਰਧਾਰਤ ਜੰਗਲੇ ਦੇ ਅੰਦਰ ਗਏ ਸਨ, ਜੋ ਮਰਿਆਦਾ ਦੀ ਸਿੱਧੇ ਤੌਰ 'ਤੇ ਉਲੰਘਣਾ ਹੈ।

# ਬਰੈਂਪਟਨ ਸੀਨੀਅਰ ਵੂਮੈਨ ਕਲੱਬ ਵੱਲੋਂ ਤੀਆਂ ਦਾ ਮੇਲਾ



6 ਸਤੰਬਰ,2025 ਦਿਨ ਸ਼ਨਿਚਰਵਾਰ ਨੂੰ ਬਰੈਂਪਟਨ ਸੀਨੀਅਰ ਵੂਮੈਨ ਕਲੱਬ ਵਲੋਂ ਰਿਵਰਸਟੋਨ ਕਮਿਊਨਟੀ ਸੈਂਟਰ ਵਿਖੇ ਸਲਾਨਾ ਤੀਆਂ ਦਾ ਮੇਲਾ ਕਰਵਾਇਆ ਗਿਆ। ਇਹ ਸਮਾਗਮ ਦੁਪਿਹਰ 12 ਵਜ਼ੇ ਤੋਂ ਲੈਕੇ ਸ਼ਾਮ 4 ਵਜ਼ੇ ਤੱਕ ਚਲਿਆ। ਸਮਾਗਮ ਦੀ ਸ਼ੁਰੂਆਤ ਕਲੱਬ ਦੀ ਪ੍ਰਧਾਨ ਸ੍ਰੀਮਤੀ ਕੁਲਦੀਪ ਗਰੇਵਾਲ ਵਲੋਂ ਕੀਤੀ ਗਈ। ਉਸ ਉਪਰੰਤ ਸਟੇਜ ਦੀ ਜ਼ਿੰਮੇਵਾਰੀ ਕਲੱਬ ਦੀ ਸਕੱਤਰ ਸ੍ਰੀਮਤੀ ਇੰਦਰਜੀਤ ਢਿਲੋਂ ਨੇ ਸੰਭਾਲੀ। ਸਭ ਤੋਂ ਪਹਿਲਾਂ ਧਾਰਮਿਕ ਸ਼ਬਦ ਅਤੇ "ਓ ਕਨੈਡਾ" ਪੇਸ਼ ਕੀਤਾ ਗਿਆ। ਚਾਹ ਅਤੇ ਸਨੈਕਸ ਦਾ ਲੰਗਰ ਚਲਦਾ ਰਿਹਾ। ਉਸ ਤੋਂ ਬਾਅਦ ਬੀਬੀਆਂ ਨੇ ਗੀਤ ਸੰਗੀਤ ਅਤੇ ਡਾਂਸ ਨਾਲ ਖ਼ੂਬ ਰੌਣਕਾਂ ਲਾਈਆਂ। ਊਸ਼ਾ ਕਿਰਨ,ਸਿੰਗਰ ਨੇ ਆਪਣੇ ਗੀਤਾਂ ਅਤੇ ਬੋਲੀਆਂ ਦੇ ਨਾਲ ਸਭਨੂੰ ਖ਼ੂਬ ਨਚਾਇਆ। 2ਵਜ਼ੇ ਤੋਂ ਬਾਅਦ ਲੰਚ ਵਰਤਾਇਆ ਗਿਆ। ਕਲੱਬ ਦੀ ਮੀਤ ਪ੍ਰਧਾਨ ਸ਼ਿੰਦਰਪਾਲ ਬਰਾੜ ਅਤੇ ਡਾਇਰੈਕਟਰਜ਼ ਹਰਦੀਪ ਹਲਨ,ਅੰਮ੍ਰਿਤ ਸੋਹੀ,ਪਰਮਜੀਤ ਗਿੱਲ, ਪਰਮਜੀਤ ਬਾਜਵਾ ਅਤੇ ਰਾਜ ਪੰਨੂ ਵਲੋਂ ਸਮਾਗਮ ਨੂੰ ਸਫਲ ਕਰਨ ਵਾਸਤੇ ਆਪਣਾ ਪੂਰਾ ਯੋਗਦਾਨ ਪਾਇਆ। ਸ੍ਰ ਜਗਜੀਤ ਸਿੰਘ ਗਰੇਵਾਲ ਅਤੇ ਹਰਜੋਤ ਗਰੇਵਾਲ ਵਲੋਂ ਕਲੱਬ ਨੂੰ ਮਾਇਕ ਸਹਾਇਤਾ ਦਿੱਤੀ ਗਈ। ਰੂਬੀ ਸਹੋਤਾ,ਐਮ ਪੀ ਨੇ ਸਮਾਗਮ ਵਿੱਚ ਆਈਟਮਾਂ ਪੇਸ਼ ਕਰਨ ਵਾਲੀਆਂ ਬੀਬੀਆਂ ਨੂੰ ਸਨਮਾਨਿਤ ਕੀਤਾ।

ਅਮਰਜੀਤ ਸਿੰਘ ਗਿੱਲ,ਐਮ ਪੀ ਨੇ ਸਮਾਗਮ ਵਿੱਚ ਪਹੁੰਚ ਕੇ ਕਲੱਬ ਦੀ ਹੌਂਸਲਾ ਅਫਜਾਈ ਕੀਤੀ। ਹਰਦੀਪ ਸਿੰਘ ਗਰੇਵਾਲ,ਐਮ ਪੀ ਪੀ ਵਲੋਂ ਕਲੱਬ ਲਈ ਮਠਿਆਈ ਭੇਜੀ ਗਈ। ਡਿਸਟ੍ਰਿਕ ਸਕੂਲ ਬੋਰਡ ਦੇ ਡਿਪਟੀ ਚੇਅਰਮੈਨ ਸਤਪਾਲ ਜੋਹਲ ਨੇ ਵੀ ਸਮਾਗਮ ਵਿੱਚ ਆਪਣੀ ਹਾਜ਼ਰੀ ਲਗਵਾਈ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਆਖੀਰ ਵਿੱਚ ਕਲੱਬ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ।

# ਦਿਸ਼ਾ ਪਟਾਨੀ ਦੇ ਘਰ ਫਾਇਰਿੰਗ ਕਰਨ ਵਾਲਿਆਂ ਦਾ ਐਨਕਾਊਂਟਰ

## ਮੁਕਾਬਲੇ 'ਚ ਚਾਰ ਪੁਲਿਸ ਵਾਲੇ ਵੀ ਹੋਏ ਜ਼ਖਮੀ



ਅਦਾਕਾਰਾ ਦਿਸ਼ਾ ਪਟਾਨੀ ਦੇ ਘਰ 'ਤੇ ਫਾਇਰਿੰਗ ਕਰਨ ਵਾਲਿਆਂ ਦਾ ਐਨਕਾਊਂਟਰ ਕੀਤਾ ਗਿਆ ਤੇ ਇਸ ਮੁਕਾਬਲੇ ਵਿਚ 4 ਪੁਲਿਸ ਮੁਲਾਜ਼ਮਾਂ ਨੂੰ ਵੀ ਗੋਲੀ ਲੱਗੀ ਤੇ ਉਹ ਜ਼ਖਮੀ ਹੋ ਗਏ। ਬਦਮਾਸ਼ਾਂ ਦੀ ਗੋਲੀ ਨਾਲ ਦਿੱਲੀ ਦੀ ਸਪੈਸ਼ਲ ਸੈੱਲ ਦੇ 2 ਤੇ ਨੋਇਡਾ ਸ਼ਠਫ ਦੇ 2 ਪੁਲਿਸ ਮੁਲਾਜ਼ਮ ਜ਼ਖਮੀ ਹੋਏ ਹਨ।

ਬਦਮਾਸ਼ਾਂ ਤੇ ਪੁਲਿਸ ਵਿਚਾਲੇ ਲਗਭਗ 15 ਮਿੰਟ ਤੱਕ ਫਾਇਰਿੰਗ ਹੋਈ ਸੀ। ਪੁਲਿਸ ਵੱਲੋਂ ਇਸ ਕਾਰਵਾਈ ਨੂੰ ਬੀਤੀ ਦੇਰ ਸ਼ਾਮ ਯੂਪੀ ਐੱਸਟੀਐੱਫ, ਸਪੈਸ਼ਲ ਸੈਲ ਦਿੱਲੀ, ਐੱਸਟੀਐੱਫ ਹਰਿਆਣਾ ਤੇ ਯੂਪੀ ਪੁਲਿਸ ਦੀ ਟੀਮ ਨੇ ਅੰਜਾਮ ਦਿੱਤਾ ਹੈ।

ਨੋਇਡਾ ਸ਼ਠਫ ਯੂਨਿਟ ਦੇ ਐਡੀਸ਼ਨਲ ਐੱਸਪੀ ਰਾਜਕੁਮਾਰ ਮਿਸ਼ਰਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਬਦਮਾਸ਼ਾਂ ਦੀ ਪਛਾਣ ਰਵਿੰਦਰ ਉਰਫ ਬਿੰਦਰ ਵਾਸੀ ਰੋਹਤਕ, ਹਰਿਆਣਾ ਤੇ ਅਰੁਣ ਵਾਸੀ ਸੋਨੀਪਤ ਹਰਿਆਣਾ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਸਾਂਝੀ ਕਾਰਵਾਈ ਦੌਰਾਨ ਹੋਏ ਮੁਕਾਬਲੇ ਵਿਚ ਦੋਵੇਂ ਬਦਮਾਸ਼ ਜ਼ਖਮੀ ਹੋ ਗਏ ਸਨ ਜਿਨ੍ਹਾਂ ਦੀ ਇਲਾਜ ਦੌਰਾਨ ਮੌਤ ਹੋ ਗਈ।

ਯੂਪੀ ਐੱਸਟੀਐੱਫ ਏਐੱਸਪੀ ਮਿਸ਼ਰਾ ਨੇ ਦੱਸਿਆ ਕਿ ਜਾਣਕਾਰੀ ਮਿਲੀ ਸੀ ਕਿ ਰੋਹਤਕ ਦੇ ਰਵਿੰਦਰ ਉਰਫ ਕੁਲੂ ਤੇ ਸੋਨੀਪਤ ਦੇ ਅਰੁਣ ਬਰੇਲੀ ਕੋਲ ਪਹੁੰਚਣ ਵਾਲੇ ਹਨ, ਪੁਲਿਸ ਨੇ ਪਹਿਲਾਂ ਤੋਂ ਜਾਲ ਵਿਛਾਇਆਤੇ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਪੁਲਿਸ ਦੇ ਫੜਨ ਦੀ ਕੋਸ਼ਿਸ਼ ਦੌਰਾਨ ਦੋਵਾਂ ਨੇ ਪੁਲਿਸ ਨੂੰ ਹੀ ਚੁਣੌਤੀ ਦਿੰਦੇ ਹੋਏ ਫਾਇਰਿੰਗ ਸ਼ੁਰੂ ਕਰ ਦਿੱਤੀ। ਇਸ ਦੇ ਜਵਾਬ ਵਿਚ ਐੱਸਟੀਐੱਫ ਨੇ ਵੀ ਫਾਇਰਿੰਗ ਸ਼ੁਰੂ ਕੀਤੀ ਤੇ ਗੋਲੀ ਲੱਗਣ ਨਾਲ ਦੋਵੇਂ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

# ਕਿਤਾਬਾਂ ਆਪ ਚੱਲ ਕੇ ਆਈਆਂ ਸ਼ਹਿਰ ਬਰੈਂਪਟਨ

## 'ਚੇਤਨਾ ਪ੍ਰਕਾਸ਼ਨ' ਤੇ 'ਗੁਲਾਟੀ ਪਬਲਿਸ਼ਰਜ਼' ਨੇ ਲਗਾਈ ਪੁਸਤਕ-ਪ੍ਰਦਰਸ਼ਨੀ




ਬਰੈਂਪਟਨ (ਡਾ. ਝੰਡ)- 'ਚੇਤਨਾ ਪ੍ਰਕਾਸ਼ਨ ਲੁਧਿਆਣਾ' ਅਤੇ 'ਗੁਲਾਟੀ ਪਬਲਿਸ਼ਰਜ਼ ਲਿਮਟਿਡ' ਵੱਲੋਂ ਲੰਘੇ 12 ਸਤੰਬਰ ਤੋਂ ਪੁਸਤਕ ਪ੍ਰਦਰਸ਼ਨੀ 'ਵਿਸ਼ਵ ਪੰਜਾਬੀ ਭਵਨ' 114 ਕੈਨੇਡੀ ਰੋਡ ਵਿਖੇ ਲਗਾਈ ਗਈ ਹੈ ਅਤੇ ਇਹ 28 ਸਤੰਬਰ ਤੱਕ ਚੱਲਦੀ ਰਹੇਗੀ। ਪ੍ਰਦਰਸ਼ਨੀ ਵਿੱਚ ਪੰਜਾਬੀ ਕਵਿਤਾ, ਕਹਾਣੀ, ਨਾਵਲ, ਵਾਰਤਕ, ਸਫ਼ਰਨਾਮੇ, ਸਵੈ-ਜੀਵਨੀ, ਆਮ-ਵਾਕਫ਼ੀ ਦੀਆਂ, ਗੱਲ ਕੀ ਹਰੇਕ ਪ੍ਰਕਾਰ ਦੀਆਂ ਪੁਸਤਕਾਂ ਇਸ ਪਬਲੀਕੇਸ਼ਨ ਦੇ ਮਾਲਕ ਤੇ ਸੰਚਾਲਕ ਸਤੀਸ਼ ਗੁਲਾਟੀ ਹੁਰਾਂ ਵੱਲੋਂ ਬੜੇ ਵਧੀਆ ਕਲਾਤਮਿਕ ਢੰਗ ਨਾਲ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ। ਪ੍ਰਦਰਸ਼ਨੀ ਦੇ ਵੱਖ-ਵੱਖ ਭਾਗਾਂ ਵਿੱਚ ਜਾ ਕੇ ਤੁਸੀ ਇਹ ਪੁਸਤਕਾਂ ਵੇਖ ਸਕਦੇ ਹੋ ਅਤੇ ਆਪਣੀ ਦਿਲਚਸਪੀ ਤੇ ਲੋੜ ਅਨੁਸਾਰ ਇਹ ਪੁਸਤਕਾਂ ਖ਼ਰੀਦ ਸਕਦੇ ਹੋ। ਐਤਵਾਰ 14 ਸਤੰਬਰ ਵਾਲੇ ਦਿਨ 'ਵਿਸ਼ਵ ਪੰਜਾਬੀ ਭਵਨ' ਵਿੱਚ ਉੱਘੇ ਖੇਡ-ਲੇਖਕ ਵੱਖਪ੍ਰਿੰਸੀਪਲ ਸਰਵਣ ਸਿੰਘ ਹੁਰਾਂ ਨੂੰ 'ਕਲਮਾਂ ਦੀ ਸਾਂਝ ਸਾਹਿਤ ਸਭਾ' ਵੱਲੋਂ 'ਸਤਿਗੁਰੂ ਰਾਮ ਸਿੰਘ ਲਾਈਫ਼ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕਰਨ ਸਮੇਂ ਸਵੇਰ ਤੋਂ ਹੀ ਇੱਥੇ ਮੇਲੇ ਵਾਲਾ ਮਾਹੌਲ ਬਣਿਆ ਰਿਹਾ। ਸਮਾਗ਼ਮ ਵਿੱਚ ਸ਼ਾਮਲ ਹੋਣ ਲਈ ਆਏ ਵੱਡੀ ਗਿਣਤੀ ਵਿੱਚ ਪੰਜਾਬੀ ਲੇਖਕਾਂ ਤੇ ਪਾਠਕਾਂ ਨੇ ਇਸ ਪ੍ਰਦਰਸ਼ਨੀ ਦਾ ਚੱਕਰ ਲਗਾਇਆ ਅਤੇ ਆਪਣੀ ਦਿਲਚਸਪੀ ਦੇ ਖ਼ੇਤਰ ਦੀਆਂ ਕਿਤਾਬਾਂ ਖ਼ਰੀਦੀਆਂ।

ਸਤੀਸ਼ ਗੁਲਾਟੀ ਹੁਰਾਂ ਨਾਲ ਹੋਈ ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਪਾਠਕਾਂ ਵੱਲੋਂ ਉਨ੍ਹਾਂ ਨੂੰ ਬੜਾ ਵਧੀਆ ਹੁੰਗਾਰਾ ਮਿਲ ਰਿਹਾ ਹੈ। ਉਹ ਨਾਵਲ, ਕਹਾਣੀ, ਵਾਰਤਕ, ਸਵੈ-ਜੀਵਨੀ ਤੇ ਸਫ਼ਰਨਾਮੇਂ ਪੜ੍ਹਨ ਵਿੱਚ ਵਧੇਰੇ ਰੁਚੀ ਵਿਖਾ ਰਹੇ ਹਨ ਅਤੇ ਇਸ ਦੇ ਮੁਕਾਬਲੇ ਕਵਿਤਾ ਵਿੱਚ ਦਿਲਚਸਪੀ ਕੁਝ ਘੱਟ ਰਹੀ ਲੱਗਦੀ ਹੈ। ਅਲਬੱਤਾ! ਕਈ ਕਾਵਿ-ਪੁਸਤਕਾਂ ਵੀ ਪਾਠਕਾਂ ਵੱਲੋਂ ਖ਼ਰੀਦੀਆਂ ਜਾ ਰਹੀਆਂ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਵੱਖ-ਵੱਖ ਲੇਖਕਾਂ ਦੀਆਂ ਵੱਖ-ਵੱਖ ਵਿਸ਼ਿਆਂ ਦੀਆਂ ਇੱਥੇ ਲੱਗਭੱਗ 5,000 ਪੁਸਤਕਾਂ ਪਾਠਕਾਂ ਲਈ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀ ਸਾਹਿਤ ਨਾਲ ਸਬੰਧਿਤ ਪੁਸਤਕਾਂ ਦੀ ਹੈ। ਦੂਰ-ਦੁਰਾਢੇ 'ਬੁੱਕ ਸ਼ਾਪ' ਜਾਂ ਬੁੱਕ-ਸਟੋਰ ਤੇ ਜਾ ਕੇ ਪੁਸਤਕਾਂ ਖ਼ਰੀਦਣ ਦੀ ਪਾਠਕ ਆਮ ਤੌਰ 'ਤੇ ਘੌਲ਼ ਕਰ ਜਾਂਦਾ ਹੈ। ਵੈਸੇ ਵੀ, ਇਨ੍ਹਾਂ ਦੇਸ਼ਾਂ ਵਿੱਚ ਪੰਜਾਬੀ ਪੁਸਤਕਾਂ ਬੜੀ ਮੁਸ਼ਕਲ ਨਾਲ ਉਪਲੱਭਧ ਹੁੰਦੀਆਂ ਹਨ। ਇਸ ਲਈ ਬਰੈਂਪਟਨ-ਵਾਸੀਆਂ ਲਈ ਇਹ ਸੁਨਹਿਰੀ ਮੌਕਾ ਹੈ ਕਿ ਹੁਣ ਜਦੋਂ ਪੁਸਤਕਾਂ ਆਪ ਚੱਲ ਕੇ ਉਨ੍ਹਾਂ ਕੋਲ ਆਈਆਂ ਹਨ ਤਾਂ ਉਹ ਇਸ ਮੌਕੇ ਦਾ ਲਾਭ ਉਠਾਉਣ। ਉਹ 'ਵਿਸ਼ਵ ਪੰਜਾਬੀ ਭਵਨ' ਜਾ ਕੇ ਇਹ ਪੁਸਤਕਾਂ ਵੇਖ ਸਕਦੇ ਹਨ ਅਤੇ ਲੋੜ ਅਨੁਸਾਰ ਇਨ੍ਹਾਂ ਦੀ ਖ਼ਰੀਦ ਕਰ ਸਕਦੇ ਹਨ। ਇਸ ਪੁਸਤਕ ਪ੍ਰਦਰਸ਼ਨੀ ਦਾ ਸਮਾਂ ਸ਼ਨੀਵਾਰ/ਐਤਵਾਰ ਸਮੇਤ ਸਵੇਰੇ 11.00 ਵਜੇ ਤੋਂ ਸ਼ਾਮ 7.00 ਵਜੇ ਤੱਕ ਹੈ।

ਅਜਵਾ ਖਜ਼ੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS




100% NATURAL PRODUCT
PRODUCT OF CANADA

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲੇਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਰਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market
20 Red Maple Dr. Brampton
Indian Food Land
45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.



Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjor
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

# 'ਔਰਤ ਦੀ ਦਾਸਤਾਨ'- ਅਨੁ: ਮਨ ਕੌਰ

(ਪ੍ਰਕਾਸ਼ਕ : ਲਾਹੌਰ ਬੁੱਕ ਸ਼ਾਪ, ਲੁਧਿਆਣਾ)
ਓਸ਼ੋ ਰਜਨੀਸ਼ ਦੀ ਕਿਤਾਬ 'ਦ ਬੁੱਕ ਆਫ਼ ਵੂਮਨ' ਦਾ ਮਨ ਕੌਰ ਦੇ ਦ੍ਰਿਸ਼ਟੀਕੋਣ ਤੋਂ ਅਨੁਵਾਦ
ਮਦਨਦੀਪ ਸਿੰਘ

'ਦ ਬੁੱਕ ਆਫ਼ ਵੂਮਨ' ਓਸ਼ੋ ਰਜਨੀਸ਼ ਦੀ ਇਕ ਮਹੱਤਵਪੂਰਨ ਕਿਤਾਬ ਹੈ। ਇਹ ਕਿਤਾਬ ਓਸ਼ੋ ਦੇ ਭਾਸ਼ਨਾਂ, ਵੱਖ-ਵੱਖ ਸਮਿਆਂ 'ਤੇ ਕੀਤੀ ਗਈ ਚਰਚਾ (ਡਿਸਚੋਰਸਜ਼) ਅਤੇ ਸਵਾਲਾਂ-ਜਵਾਬਾਂ ਦੇ ਸੰਗ੍ਰਹਿ 'ਤੇ ਆਧਾਰਤ ਹੈ।

ਓਸ਼ੋ ਨੇ ਆਪਣੇ ਜੀਵਨ ਦੌਰਾਨ ਕਿਸੇ ਵੀ ਕਿਤਾਬ ਨੂੰ ਖ਼ੁਦ ਕਾਗਜ਼ 'ਤੇ ਨਹੀਂ ਲਿਖਿਆ ਸੀ। ਉਹ ਸਿਰਫ਼ ਵਿਚਾਰ ਪ੍ਰਗਟ ਕਰਦੇ ਸਨ। ਉਹਨਾਂ ਦੁਆਰਾ ਕੀਤੇ ਗਏ ਸੰਬੋਧਨ, ਧਿਆਨ ਸੈਸ਼ਨ, ਸਵਾਲ-ਜਵਾਬ ਅਤੇ ਭਾਸ਼ਨਾਂ ਨੂੰ ਓਸ਼ੋ ਦੇ ਸ਼ਿਸ਼ ਕਿਤਾਬ ਦਾ ਰੂਪ ਦਿੰਦੇ ਸੀ। ਰਜਨੀਸ਼ ਦੀ ਇਸ ਕਿਤਾਬ ਵਿਚ ਮਨੁੱਖੀ ਚੇਤਨਾ, ਸਮਾਜਕ ਬਣਤਰਾਂ ਅਤੇ ਲੰਗ ਸਬੰਧੀ ਧਾਰਨਾਵਾਂ ਦੀ ਡੂੰਘੀ ਚਰਚਾ ਸ਼ਾਮਲ ਹੈ। ਇਹ ਸਿਰਫ਼ ਔਰਤਾਂ ਦੀ ਜ਼ਿੰਦਗੀ ਬਾਰੇ ਨਹੀਂ ਹੈ, ਬਲਕਿ ਮਨੁੱਖਤਾ ਦੇ ਅੰਦਰਲੇ ਸੰਘਰਸ਼ਾਂ ਦੀ ਖੋਜ ਹੈ।

ਇਸ ਕਿਤਾਬ ਦਾ ਪੰਜਾਬੀ ਅਨੁਵਾਦ ਮਨ ਕੌਰ ਵੱਲੋਂ 'ਔਰਤ ਦੀ ਦਾਸਤਾਨ' ਦੇ ਨਾਂਅ ਹੇਠ ਕੀਤਾ ਗਿਆ ਹੈ। ਇਹ ਅਨੁਵਾਦ ਪੰਜਾਬੀ ਪਾਠਕਾਂ ਲਈ ਇੱਕ ਅਜਿਹੀ ਖਿੜਕੀ ਖੋਲ੍ਹਦਾ ਹੈ ਜਿਸ ਰਾਹੀਂ ਉਹ ਔਰਤ ਦੇ ਜੀਵਨ ਨੂੰ, ਉਸਦੀ ਸੰਘਰਸ਼ਸ਼ੀਲ ਕਹਾਣੀ ਨੂੰ ਅਤੇ ਉਸਦੇ ਅੰਦਰਲੇ ਅਸਲ ਨੂੰ ਸਮਝ ਸਕਦੇ ਹਨ।

ਮਨ ਕੌਰ ਨੇ ਓਸ਼ੋ ਦੇ ਵਿਚਾਰਾਂ ਨੂੰ ਬਹੁਤ ਹੀ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਹੈ। ਮੈਂ ਸਮਝਦਾ ਹਾਂ ਓਸ਼ੋ ਦੇ ਵਿਚਾਰਾਂ ਦੀ ਰੂਹ ਪੰਜਾਬੀ ਵਿਚ ਮਨ ਕੌਰ ਨੇ ਅਨੁਵਾਦ ਕਰਦਿਆਂ ਸਿਰਫ਼ ਸ਼ਬਦਾਂ ਦਾ ਹੀ ਨਹੀਂ, ਸਗੋਂ ਓਸ਼ੋ ਦੇ ਵਿਚਾਰਾਂ ਦੇ ਤੱਤ ਦਾ ਵੀ ਅਨੁਵਾਦ ਕੀਤਾ ਹੈ। ਕਿਤਾਬ ਦੇ ਇਨ੍ਹਾਂ ਪੰਨਿਆਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਉਹਨਾਂ ਨੇ ਪੰਜਾਬੀ ਭਾਸ਼ਾ ਦੀ ਸਾਧਾਰਣਤਾ ਅਤੇ ਸੁੰਦਰਤਾ ਨੂੰ ਵਰਤਦਿਆਂ ਓਸ਼ੋ ਦੀ ਸੋਚ ਨੂੰ ਬੜੀ ਹੀ ਗਹਿਰਾਈ ਨਾਲ ਪ੍ਰਸਤੁਤ ਕੀਤਾ ਹੈ। ਉਹ ਜਾਣਦੀ ਹੈ ਕਿ ਓਸ਼ੋ ਦੀ ਸੋਚ ਦੇ ਕੇਂਦਰ ਵਿਚ ਇਹ ਵਿਚਾਰ ਹੈ ਕਿ ਔਰਤ ਕੋਈ ਵਸਤੂ ਨਹੀਂ ਹੈ, ਨਾ ਹੀ ਉਹ ਸਿਰਫ਼ ਪਰਿਵਾਰ ਜਾਂ ਸਮਾਜ ਦੀ ਕਿਸੇ ਇੱਕ ਭੂਮਿਕਾ ਤੱਕ ਸੀਮਤ ਹੈ। ਔਰਤ ਜੀਵੰਤ ਚੇਤਨਾ ਹੈ, ਸੁਤੰਤਰ ਬ੍ਰਹਿਮੰਡੀ ਇਕਾਈ ਹੈ ਜੋ ਆਪਣੇ ਆਪ ਵਿਚ ਪੂਰਨ ਹੈ।

ਓਸ਼ੋ ਦਰਸ਼ਨ ਮੁਤਾਬਕ, ਔਰਤ ਨੂੰ ਹਮੇਸ਼ਾ ਸਮਾਜ ਵਲੋਂ ਸੰਕੁਚਿਤ ਪਰਿਭਾਸ਼ਾ ਵਿਚ ਬੰਨ੍ਹਣ ਦੀ ਕੋਸ਼ਿਸ਼ ਕੀਤੀ ਗਈ। ਉਸ ਨੂੰ ਮਾਂ, ਧੀ, ਪਤਨੀ, ਭੈਣ ਆਦਿ ਦੀ ਭੂਮਿਕਾ ਵਿਚ ਬੰਨ੍ਹ ਕੇ ਰੱਖਿਆ ਗਿਆ ਜਦਕਿ ਔਰਤ ਦੀ ਅਸਲ ਪਛਾਣ, ਉਸਦੀ ਅੰਦਰੂਨੀ ਸ਼ਕਤੀ ਅਤੇ ਉਸ ਦੀ ਸੁਤੰਤਰਤਾ ਨੂੰ ਅਕਸਰ ਅਣਦੇਖਿਆ ਕੀਤਾ ਗਿਆ। ਮਨ ਕੌਰ ਦੇ ਅਨੁਵਾਦ ਵਿਚ ਇਹ ਵਿਚਾਰ ਬੜੀ ਖ਼ੂਬਸੂਰਤੀ ਨਾਲ ਉਭਰਦਾ ਹੈ। ਕਿਤਾਬ ਦੀ ਇਸ ਮੂਲ ਆਤਮਾ ਨੂੰ ਚੇਤਨ ਪੱਧਰ 'ਤੇ ਕੇਂਦਰ ਵਿਚ ਰੱਖਿਆ ਗਿਆ ਹੈ। ਮਨ ਕੌਰ ਇਸ ਗੱਲ ਨੂੰ ਉਭਾਰਨ ਵਿਚ ਸਫਲ ਰਹੀ ਹੈ ਕਿ ਔਰਤ ਦੀ ਕਹਾਣੀ ਸਿਰਫ਼ ਉਸਦੇ ਦੁੱਖਾਂ ਦੀ ਕਹਾਣੀ ਨਹੀਂ ਹੈ ਸਗੋਂ ਉਸਦੀ ਰਚਨਾਤਮਕ ਸ਼ਕਤੀ, ਉਸਦੇ ਸੁਪਨਿਆਂ ਅਤੇ ਉਸਦੀ ਅੰਦਰੂਨੀ ਤਾਕਤ ਦੀ ਕਹਾਣੀ ਹੈ। ਅਨੁਵਾਦਕ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਕਿ ਕਿਤਾਬ ਦੀ ਪ੍ਰਸਤੁਤੀ ਕਰਨ ਵਾਲੇ ਰਜਨੀਸ਼ ਦੇ ਸ਼ਿਸ਼ਾਂ ਦੁਆਰਾ ਰੱਖੇ ਨਾਂਅ 'ਔਰਤ ਦੀ ਦਾਸਤਾਨ' ਤੋਂ ਹੀ ਇਹ ਸਪਸ਼ਟ ਹੈ ਕਿ ਇਹ ਸਿਰਫ਼ ਇਤਿਹਾਸਕ ਜਾਂ ਸਮਾਜਕ ਗੱਲਬਾਤ ਨਹੀਂ, ਸਗੋਂ ਮਨੁੱਖ ਦੇ ਉਸ ਅੰਦਰੂਨੀ ਸਫ਼ਰ ਦੀ ਯਾਤਰਾ ਹੈ ਜੋ ਔਰਤ ਆਪਣੇ ਆਪ ਵਿਚ ਕਰਦੀ ਹੈ।

ਸਮਾਜ ਨੇ ਔਰਤ ਨੂੰ ਇਕ ਵਸਤੂ ਵਜੋਂ ਦੇਖਿਆ ਹੈ ਅਤੇ ਉਸ ਦੀ ਅਸਲਤਾ ਤੇ ਸਫਲਤਾ ਨੂੰ ਕਦੇ ਮਰਦ ਦੇ ਬਰਾਬਰ ਸਵੀਕਾਰ ਨਹੀਂ ਕੀਤਾ। ਉਹ ਇਹ ਵੀ ਕਹਿੰਦੇ ਹਨ ਕਿ ਔਰਤ ਦੀ ਮੁਕਤੀ ਸਿਰਫ਼ ਬਾਹਰੀ ਬੰਧਨਾਂ ਤੋਂ ਮੁਕਤੀ ਨਹੀਂ ਹੈ, ਸਗੋਂ ਉਹ ਅੰਦਰੂਨੀ ਜਾਗਰੂਕਤਾ ਤੋਂ ਸ਼ੁਰੂ ਹੁੰਦੀ ਹੈ। ਮਨ ਕੌਰ ਨੇ ਇਸ ਵਿਚਾਰ ਨੂੰ ਪੰਜਾਬੀ ਵਿਚ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ ਤਾਂ ਜੋ ਪਾਠਕ ਵਿਚਾਰ ਦੇ ਮੂਲ ਤੱਤ ਨੂੰ ਸਮਝ ਸਕੇ ਅਤੇ ਪੜ੍ਹਦਿਆਂ ਇਹ ਮਹਿਸੂਸ ਵੀ ਕਰੇ ਕਿ ਔਰਤ ਦੀ ਕਹਾਣੀ ਸਿਰਫ਼ ਇਤਿਹਾਸ ਨਹੀਂ, ਅੰਦਰੂਨੀ ਯਾਤਰਾ ਵੀ ਹੈ। ਪਾਠਕ ਇਹ ਵੀ ਸਮਝ ਸਕੇ ਕਿ ਔਰਤ ਦੀ ਦਾਸਤਾਨ ਸਿਰਫ਼ ਉਸਦੇ




ਸੰਘਰਸ਼ਾਂ ਜਾਂ ਉਸ 'ਤੇ ਹੋਏ ਜ਼ੁਲਮਾਂ ਦੀ ਕਹਾਣੀ ਨਹੀਂ ਹੈ। ਇਹ ਵਿਅਕਤੀ ਦੀ ਕਹਾਣੀ ਹੈ ਜੋ ਅਜੇ ਵੀ ਸਮਾਜ ਦੇ ਬਣਾਏ ਹੋਏ ਪਰਦਿਆਂ ਦੇ ਪਿੱਛੇ ਲੁਕੋ ਕੇ ਰੱਖਿਆ ਹੋਇਆ ਹੈ।

ਓਸ਼ੋ ਦੇ ਵਿਚਾਰ ਅਨੁਸਾਰ ਜਦ ਤਕ ਔਰਤ ਆਪਣੇ ਅੰਦਰ ਝਾਕ ਕੇ ਆਪਣੇ ਆਪ ਨੂੰ ਨਹੀਂ ਜਾਣਦੀ, ਉਸਦੀ ਅਸਲੀ ਮੁਕਤੀ ਸੰਭਵ ਨਹੀਂ। ਇਹ ਵਿਚਾਰ ਮਨ ਕੌਰ ਦੇ ਅਨੁਵਾਦ ਵਿਚ ਬਹੁਤ ਹੀ ਸਪਸ਼ਟਤਾ ਨਾਲ ਸਾਹਮਣੇ ਆਉਂਦਾ ਹੈ। ਉਹ ਪੰਜਾਬੀ ਭਾਸ਼ਾ ਦੇ ਆਸਾਨ ਪਰ ਗਹਿਰੇ ਸ਼ਬਦਾਂ ਰਾਹੀਂ ਇਹ ਪੇਸ਼ ਕਰਦੀ ਹੈ ਕਿ ਔਰਤ ਦੀ ਅਸਲੀ ਲੜਾਈ ਬਾਹਰਲੇ ਸੰਸਾਰ ਨਾਲੋਂ ਵੱਧ ਆਪਣੇ ਅੰਦਰ ਦੇ ਸੰਸਾਰ ਨਾਲ ਹੈ। ਸਮਾਜਕ ਪ੍ਰਸੰਗ ਅਤੇ ਆਧੁਨਿਕ ਮਹੱਤਤਾ ਸੰਦਰਭ ਵਿਚ ਇਸ ਅਨੁਵਾਦ ਦੀ ਮਹੱਤਤਾ ਸਿਰਫ਼ ਸਾਹਿਤਕ ਹੀ ਨਹੀਂ, ਸਮਾਜਿਕ ਵੀ ਹੈ। ਅੱਜ ਦੇ ਸਮੇਂ ਵਿਚ ਜਦੋਂ ਔਰਤਾਂ ਹਰੇਕ ਖੇਤਰ ਵਿਚ ਆਪਣੀ ਪਛਾਣ ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ, ਓਸ਼ੋ ਦੇ ਵਿਚਾਰ ਉਹਨਾਂ ਲਈ ਪ੍ਰੇਰਣਾ ਦਾ ਸਰੋਤ ਹਨ।

ਮਨ ਕੌਰ ਨੇ ਇਸ ਕਿਤਾਬ ਉੱਤੇ ਗੰਭੀਰਤਾ ਨਾਲ ਤੇ ਚੇਤਨ ਰੂਪ ਵਿਚ ਕੰਮ ਕਰਕੇ ਪੰਜਾਬੀ ਸਮਾਜ ਨੂੰ ਇਕ ਵੱਡਾ ਯੋਗਦਾਨ ਦਿੱਤਾ ਹੈ। ਪੰਜਾਬੀ ਭਾਸ਼ਾ ਵਿਚ ਅਜੇ ਤਕ ਇਸ ਤਰ੍ਹਾਂ ਦੀਆਂ ਕਿਤਾਬਾਂ ਦੀ ਘਾਟ ਰਹੀ ਹੈ ਜੋ ਔਰਤ ਦੀ ਅੰਦਰੂਨੀ ਯਾਤਰਾ ਬਾਰੇ ਇੰਨੀ ਡੂੰਘਾਈ ਨਾਲ ਗੱਲ ਕਰਦੀਆਂ ਹੋਣ। 'ਔਰਤ ਦੀ ਦਾਸਤਾਨ' ਇਸ ਘਾਟ ਨੂੰ ਪੂਰਾ ਕਰਦੀ ਹੈ।

ਮਨ ਕੌਰ ਦਾ ਇਹ ਅਨੁਵਾਦ ਸਿਰਫ਼ ਭਾਸ਼ਾ ਦਾ ਕੰਮ ਨਹੀਂ, ਸਗੋਂ ਇਹ ਸਾਹਿਤਕ ਰਚਨਾ ਵੀ ਹੈ। ਉਹਨਾਂ ਨੇ ਪੰਜਾਬੀ ਭਾਸ਼ਾ ਦੇ ਰਸ, ਰਿਦਮ ਅਤੇ ਸੰਵੇਦਨਸ਼ੀਲਤਾ ਨੂੰ ਵਰਤਦਿਆਂ ਓਸ਼ੋ ਦੇ ਵਿਚਾਰਾਂ ਨੂੰ ਵੀ ਤਾਜ਼ਗੀ ਦਿੱਤੀ ਹੈ। ਇਸ ਕਿਤਾਬ ਨੂੰ ਪੜ੍ਹਦਿਆਂ ਪਾਠਕ ਮਹਿਸੂਸ ਕਰਦਾ ਹੈ ਕਿ ਉਹ ਸਿਰਫ਼ ਸ਼ਬਦਾਂ ਨੂੰ ਨਹੀਂ, ਸਗੋਂ ਇਕ ਜੀਵੰਤ ਦਰਸ਼ਨ ਨੂੰ ਪੜ੍ਹ ਰਿਹਾ ਹੈ। ਇਸ ਕਾਰਨ ਇਹ ਕਿਤਾਬ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਵਿਚ ਇਕ ਮਹੱਤਵਪੂਰਨ ਜੋੜ ਹੈ।

'ਔਰਤ ਦੀ ਦਾਸਤਾਨ' ਮਨ ਕੌਰ ਦਾ ਉਹ ਅਨੁਵਾਦਿਤ ਸ਼ਾਹਕਾਰ ਹੈ ਜਿਸ ਉੱਤੇ ਪੰਜਾਬੀ ਪਾਠਕਾਂ ਨੂੰ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਇਹ ਕਿਤਾਬ ਹਰ ਔਰਤ ਲਈ, ਹਰ ਉਸ ਵਿਅਕਤੀ ਲਈ ਹੈ ਜੋ ਔਰਤ ਦੀ ਅਸਲੀ ਪਛਾਣ ਨੂੰ ਸਮਝਣਾ ਚਾਹੁੰਦਾ ਹੈ, ਇਕ ਮਾਰਗ ਦਰਸ਼ਕ ਦੀ ਭੂਮਿਕਾ ਨਿਭਾਉਂਦੀ ਹੈ।

ਮਨ ਕੌਰ ਦਾ ਇਹ ਯੋਗਦਾਨ ਸਿਰਫ਼ ਇਕ ਅਨੁਵਾਦ ਨਹੀਂ; ਬਲਕਿ ਪੰਜਾਬੀ ਭਾਸ਼ਾ ਵਿਚ ਔਰਤ ਦੀ ਆਵਾਜ਼ ਨੂੰ ਨਵੀਂ ਉਚਾਈ ਤੱਕ ਪਹੁੰਚਾਉਣ ਦੀ ਕੋਸ਼ਿਸ਼ ਹੈ। ਇਸ ਲਈ ਇਹ ਕਿਤਾਬ ਸਿਰਫ਼ ਪੜ੍ਹਨ ਲਈ ਨਹੀਂ; ਸਗੋਂ ਜੀਣ ਲਈ ਹੈ।

'ਔਰਤ ਦੀ ਦਾਸਤਾਨ' ਹਰ ਔਰਤ ਦੀ ਅੰਦਰੂਨੀ ਯਾਤਰਾ ਦਾ ਸਫ਼ਰ ਹੈ।

'ਦ ਬੁੱਕ ਆਫ਼ ਵੂਮਨ' ਵਿਚ ਓਸ਼ੋ ਰਜਨੀਸ਼ ਨਾਰੀ ਸੱਤ ਅਤੇ ਉਸ ਦੀ ਆਤਮਾ ਨੂੰ ਸਿਰਫ਼ ☬ਲਿੰਗ ਤੱਕ ਸੀਮਿਤ ਨਹੀਂ ਕਰਦਾ; ਇਸ ਨੂੰ ਅਸਤਿਤਵ ਦੀ ਇਕ ਮਹੱਤਵਪੂਰਨ ਗੁਣਵੱਤਾ ਵਜੋਂ ਵੇਖਦਾ ਹੈ। ਇਹ ਕਿਤਾਬ ਔਰਤ ਦੇ ਅੰਦਰੂਨੀ ਸੰਸਾਰ ਵਿਚ ਡੁਬ ਕੇ ਉਸ ਦੇ ਸੰਘਰਸ਼ਾਂ, ਸਮਾਜਕ ਬੰਧਨਾਂ ਅਤੇ ਮੁਕਤੀ ਦੀਆਂ ਸੰਭਾਵਨਾਵਾਂ ਨੂੰ ਪਰਖਦੀ ਹੈ। ਓਸ਼ੋ ਔਰਤ ਨੂੰ ਦਬਾਉਣ ਜਾਂ ਸਮਾਜਕ ਉਮੀਦਾਂ ਵਿਚ ਕੈਦ ਕਰਨ ਦੀ ਬਜਾਏ ਉਸਨੂੰ ਰਚਨਾਤਮਕਤਾ ਅਤੇ ਪ੍ਰੇਮ ਦੀ ਉਹ ਸ਼ਕਤੀ ਮੰਨਦੇ ਹਨ ਜੋ ਸਾਰੇ ਜੀਵਨ ਨੂੰ ਬਦਲਣ ਦੀ ਸਮਰੱਥਾ ਰਖਦੀ ਹੈ। ਕਿਤਾਬ ਸਦੀਆਂ ਤੋਂ ਬਣੀਆਂ ਪਰੰਪਰਾਗਤ ਨਾਰੀਵਾਦੀ ਧਾਰਨਾਵਾਂ ਨੂੰ ਚੁਣੌਤੀ ਦਿੰਦੀ ਹੈ ਅਤੇ ਔਰਤ ਨੂੰ ਆਪਣੀ ਅਸਲ ਪਹਿਚਾਣ ਨੂੰ ਮੁੜ ਖੋਜਣ ਲਈ ਪ੍ਰੇਰਿਤ ਕਰਦੀ ਹੈ। ਉਸ ਪਹਿਚਾਣ ਤੋਂ ਪਰ੍ਹੇ, ਜੋ ਸਿਰਫ਼ ਮਾਂ, ਪਤਨੀ ਜਾਂ ਧੀ ਦੇ ਰੂਪ ਵਿਚ ਉਸ 'ਤੇ ਲੱਦ ਦਿੱਤੀ ਗਈ ਹੈ। ਓਸ਼ੋ ਅੰਦਰੂਨੀ ਤੇ ਬਾਹਰੀ ਦੋਵੇਂ ਤਰ੍ਹਾਂ ਦੀ ਆਜ਼ਾਦੀ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹਨ ਤਾਂ ਜੋ ਔਰਤ ਆਪਣੀ ਸੂਝ-ਬੂਝ ਅਤੇ ਜਾਗਰੂਕਤਾ ਦੇ ਆਧਾਰ 'ਤੇ ਪੂਰੀ ਤਰ੍ਹਾਂ ਖਿੜ ਸਕੇ, ਨਾ ਕਿ ਕਿਸੇ ਬਾਹਰੀ ਨਿਯੰਤਰਣ ਦੇ ਅਧੀਨ।

ਇਹ ਕਿਤਾਬ ਪੁਰਸ਼ਾਂ ਨਾਲ ਵੀ ਗੱਲ ਕਰਦੀ ਹੈ, ਉਨ੍ਹਾਂ ਨੂੰ ਪ੍ਰੇਰਿਤ ਕਰਦੀ ਹੈ ਕਿ ਉਹ ਆਪਣੇ ਅੰਦਰ ਦੇ ਨਾਰੀ ਸੱਤ ਨੂੰ ਅਤੇ ਆਪਣੇ ਆਲੇ-ਦੁਆਲੇ ਦੀਆਂ ਔਰਤਾਂ ਨੂੰ ਸਮਝਣ ਅਤੇ ਆਦਰ ਕਰਨ। ਓਸ਼ੋ ਦੇ ਵਿਚਾਰ ਅਨੁਸਾਰ, ਨਾਰੀ ਸੱਤ ਸੂਝ, ਸਵੀਕਾਰਤਾ ਅਤੇ ਡੂੰਘੇ ਸੁਰ ਮਿਲਾਪ ਨਾਲ ਗਹਿਰਾਈ ਨਾਲ ਜੁੜੀ ਹੁੰਦੀ ਹੈ, ਜੋ ਅਕਸਰ ਉਸ ਸੰਸਾਰ ਤੇ ਉਸ ਛਲ ਥੱਲੇ ਦੱਬ ਜਾਂਦੀ ਹੈ ਜੋ ਹਿੰਸਾ, ਮੁਕਾਬਲੇਬਾਜ਼ੀ ਅਤੇ ਦਬਦਬੇ ਨਾਲ ਭਰਿਆ ਹੋਇਆ ਹੈ। ਜਦੋਂ ਔਰਤ ਦੀ ਸੱਤ ਸ਼ਕਤੀ ਨੂੰ ਸਮਝ ਲਿਆ ਜਾਵੇਗਾ, ਤਦ ਹੀ ਸਬੰਧ ਟਕਰਾਅ ਅਤੇ ਹਕੂਮਤ ਦੀ ਸੱਤਾ ਤੋਂ ਮੁਕਤ ਹੋ ਕੇ ਮਨੁੱਖੀ ਸਮਾਜ ਵਿਚ ਵਿਕਾਸ ਅਤੇ ਉਤਸਵ ਦਾ ਸਥਾਨ ਬਣ ਸਕਦਾ ਹੈ। ਆਪਣੇ ਮੂਲ ਵਿਚ 'ਦ ਬੁਕ ਆਫ ਵੂਮੈਨ' ਕੋਈ ਨਿਯਮਾਂ ਦੀ ਪੁਸਤਕ ਜਾਂ ਨੈਤਿਕ ਸਿੱਧਾਤਾਂ ਦਾ ਸੰਗ੍ਰਹਿ ਨਹੀਂ ਹੈ, ਸਗੋਂ ਇਹ ਇਕ ਅਜਿਹੀ ਯਾਤਰਾ ਹੈ ਜੋ ਜੀਵਨ ਦੇ ਮੂਲ ਤੱਤ ਤੱਕ ਪਹੁੰਚਾਉਂਦੀ ਹੈ। ਇਹ ਪਾਠਕ ਨੂੰ ਤੰਗ ਪਰਿਭਾਸ਼ਾਵਾਂ ਤੋਂ ਪਾਰ ਜਾਣ ਲਈ ਸੱਦਾ ਦਿੰਦੀ ਹੈ ਤਾਂ ਜੋ ਉਹ ਜੀਵਨ ਨੂੰ ਇਕ ਸੰਤੁਲਿਤ ਨਾਚ ਵਜੋਂ ਅਨੁਭਵ ਕਰ ਸਕਣ, ਜਿੱਥੇ ਨਾਰੀ ਜੀਵਨ ਲਈ ਬੇਹੱਦ ਮਹੱਤਵਪੂਰਨ ਅਤੇ ਪਵਿੱਤਰ ਹੈ।

# ਕਿਸੇ ਵੇਲੇ ਅਸੀਂ ਵੀ ਦਾਤੇ ਹੋਇਆ ਕਰਦੇ ਸਾਂ...!



ਮਾਂ ਅਕਸਰ ਆਖਿਆ ਕਰਦੀ..ਕਿਸੇ ਵੇਲੇ ਅਸੀਂ ਵੀ ਦਾਤੇ ਹੋਇਆ ਕਰਦੇ ਸਾਂ..ਹਾਲਾਤਾਂ ਸਾਨੂੰ ਮੰਗਤੇ ਬਣਾ ਛੱਡਿਆ..!

ਸਾਨੂੰ ਕੋਈ ਬਹੁਤੀ ਸਮਝ ਨਾ ਆਉਂਦੀ!

ਮੱਸਿਆ ਵਾਲਾ ਦਿਨ..ਮੈਂ ਖਹਿੜੇ ਪੈ ਗਿਆ..ਅਖੀਰ ਮਾਂ ਨੇ ਦਿਹਾੜੀ ਲਾਉਣ ਗਏ ਪਿਓ ਤੋਂ ਚੋਰੀ ਚਵਾਨੀ ਦਿੱਤੀ..ਆਖਣ ਲੱਗੀ ਫਲੂਦੇ ਵਾਲੀ ਕੁਲਫੀ ਖਾ ਲਵੀਂ..ਉਸਦੇ ਆਉਣ ਤੋਂ ਪਹਿਲੋਂ ਪਰਤ ਆਵੀਂ ਤੇ ਨਿੱਕੇ ਲਈ ਵੀ ਕੁਝ ਲੈਂਦਾ ਆਵੀਂ..!

ਗੱਲਬਾਤ ਸੁਣ ਕੋਲ ਸੁੱਤਾ ਪਿਆ ਨਿੱਕਾ ਉਬਭੜਵਾਹੇ ਉੱਠ ਖਲੋਤਾ..ਮੈਂ ਵੀ ਨਾਲ ਜਾਣਾ..ਮੈਂ ਝਕਾਨੀ ਦੇ ਕੇ ਨੱਸ ਆਇਆ..ਉਹ ਬਿਨਾ ਤਿਆਰ ਹੋਏ ਹੀ ਟਾਂਗੇ ਵਿਚ ਆਣ ਚੜਿਆ..ਮਾਂ ਮਗਰੋਂ ਟਾਹਰਾਂ ਦਿੰਦੀ ਰਹੀ ਵੇ ਨਿੱਕੇ ਵੀਰ ਨੂੰ ਕੁਝ ਨਾ ਆਖੀਂ..ਉਹ ਕੋਲ ਬੈਠਾ ਬਹੁਤ ਖੁਸ਼ ਪਰ ਮੈਨੂੰ ਉਸਤੇ ਬਹੁਤ ਜਿਆਦਾ ਕਹਿਰ ਆ ਰਿਹਾ ਸੀ!

ਮੇਲੇ ਅੱਪੜ ਪਹਿਲਾਂ ਖਿਡੌਣਿਆਂ ਵਾਲੀ ਦੁਕਾਨ ਤੇ ਗਏ..ਚਾਬੀ ਵਾਲੀ ਕਾਰ ਪੂਰੀ ਅਠਿਆਨੀ ਦੀ..ਨਿੱਕੇ ਨੂੰ ਬਾਂਹ ਫੜ ਅੱਗੇ ਤੋਰ ਲਿਆ..ਮਹਿੰਗੀ ਏ..ਸਾਡੇ ਕੋਲ ਸਿਰਫ ਚਵਾਨੀ!

ਅੱਗੇ ਪੰਘੂੜਿਆਂ ਦੀ ਰੌਣਕ..ਇੱਕ ਝੂਟਾ ਪੂਰੇ ਦਸ ਪੈਸਿਆਂ ਦਾ..ਦਲੀਲ ਦਿੱਤੀ ਜੇ ਇਥੇ ਖਰਚ ਲਏ ਤਾਂ ਵਾਪਿਸ ਟਾਂਗੇ ਜੋਗੇ ਨਹੀਂ ਬਚਣੇ..ਹੋਰ ਬਹਾਨਾ ਲਾ ਓਥੋਂ ਵੀ ਅੱਗੇ ਨੂੰ ਹੋ ਤੁਰੇ..!

ਅੱਗੇ ਹਲਵਾਈ ਦੀ ਦੁਕਾਨ..ਕਿੰਨੇ ਰੰਗਾ ਦਾ ਵੇਸਣ ਅਤੇ ਜਲੇਬੀਆਂ..ਚਾਰ ਆਨਿਆਂ ਦੀਆਂ ਛੇ ਟੁਕੜੀਆਂ..ਹਿਸਾਬ ਲਾਇਆ ਤੇ ਫੇਰ ਓਥੋਂ ਵੀ ਉਸਦਾ ਧਿਆਨ ਦੂਜੇ ਪਾਸੇ ਨੂੰ ਲਾ ਲਿਆ!

ਏਨੇ ਨੂੰ ਵੇਖਿਆ ਇੱਕ ਮੰਗਤਾ ਹੱਥ ਅੱਡ ਸਾਡੇ ਵੱਲ ਤੱਕੀ ਜਾ ਰਿਹਾ ਸੀ..ਮੈਂ ਮੁੱਠ ਵਿਚ ਫੜੀ ਚੁਵਾਨੀ ਜ਼ੋਰ ਨਾਲ ਮੀਚ ਲਈ ਤੇ ਛੇਤੀ ਨਾਲ ਅੱਗੇ ਲੰਘ ਗਏ..!

ਥੋੜੀ ਵਿਥ ਤੋਂ ਮੁੜ ਕੇ ਵੇਖਿਆ..ਉਹ ਅਜੇ ਵੀ ਸਾਡੇ ਵੱਲ ਹੀ ਵੇਖੀ ਜਾ ਰਿਹਾ ਸੀ..ਮੈਂ ਡਰ ਗਿਆ ਕਿਧਰੇ ਨਿੱਕੇ ਨੂੰ ਬੋਰੀ ਵਿਚ ਪਾ ਕੇ ਲੈ ਹੀ ਨਾ ਜਾਵੇ!

ਓਥੋਂ ਵਾਹਵਾ ਦੂਰ ਇੱਕ ਰੁੱਖ ਦੀ ਛਾਵੇਂ ਬੈਠ ਗਏ..ਨਿੱਕਾ ਦੀਆਂ ਅੱਖੀਆਂ ਗਿੱਲੀਆਂ ਸਨ..ਵੀਰੇ ਭੁੱਖ ਲੱਗੀ ਏ..ਕੁਝ ਖਵਾਦੇ..ਮੈਂ ਆਖਿਆ ਪਾਣੀ ਪੀ ਲੈ..ਸ਼ਾਮ ਹੋਣ ਵਾਲੀ ਏ..ਫਲੂਦਾ ਅਤੇ ਵੇਸਣ ਬਰਫ਼ੀ ਅੱਧੇ ਮੁੱਲ ਤੇ ਲਾ ਦੇਣੀ ਫੇਰ ਦੋ ਦੋ ਖਾਵਾਂਗੇ..ਪਰ ਉੱਚੀ-ਉੱਚੀ ਰੋ ਪਿਆ..ਹੁਣ ਹੋਰ ਨਹੀਂ ਜਰੀ ਜਾਂਦੀ..!

ਉਸਦੇ ਰੋਣੇ ਅੱਗੇ ਮੇਰੀਆਂ ਸਾਰੀਆਂ ਯੋਜਨਾਵਾਂ ਰੇਤ ਦੇ ਕਿਲੇ ਵਾਂਙ ਢਹਿ ਢੇਰੀ ਹੁੰਦੀਆਂ ਨਜਰ ਆਉਣ ਲੱਗੀਆਂ..ਏਨੇ ਨੂੰ ਪਿੱਛਿਓਂ ਕਿਸੇ ਨੇ ਹਲੂਣਿਆਂ..ਓਹੀ ਮੰਗਤਾ ਸੀ..ਦੋਵੇਂ ਡਰ ਗਏ..ਨਿੱਕੇ ਨੂੰ ਕਲਾਵੇ ਵਿਚ ਲੈ ਕੇ ਦੂਰ ਖਿਸਕਣ ਲੱਗਾ ਤਾਂ ਉਸ ਨੇ ਰੋਕ ਲਿਆ..ਅਖ਼ੇ ਡਰੋ ਨਾ ਪੁੱਤਰੋ..ਮੇਰੇ ਵੀ ਦੋ ਜਵਾਕ ਸਨ ਐਨ ਤੁਹਾਡੇ ਜਿੱਡੇ..ਹੜਾਂ ਦੀ ਭੇਂਟ ਚੜ ਗਏ..ਫੇਰ ਉਸਨੇ ਕਾਸੇ ਵਿਚੋਂ ਮੁੱਠ ਪੈਸਿਆਂ ਦੀ ਭਰੀ ਤੇ ਨਿੱਕੇ ਦੀ ਝੋਲੀ ਪਾ ਦਿੱਤੀ..ਤੇ ਦੋਹਾਂ ਦੇ ਸਿਰ ਚੁੰਮ ਦੂਰ ਚਲਾ ਗਿਆ..!

ਅਸੀਂ ਕਦੀ ਪੈਸਿਆਂ ਵੱਲ ਵੇਖੀ ਜਾਈਏ ਤੇ ਕਦੀ ਓਧਰ ਨੂੰ ਜਿਧਰ ਨੂੰ ਉਹ ਗਿਆ ਸੀ..ਸਮਝ ਨਾ ਆਵੇ ਕੀ ਹੋਇਆ..ਮੀਚੀ ਹੋਈ ਚਵਾਨੀ ਤੇ ਪਕੜ ਵੀ ਢਿੱਲੀ ਪੈ ਗਈ..!

ਫੇਰ ਦੋਹਾਂ ਨੇ ਕਿੰਨੀਆਂ ਸ਼ੈਵਾਂ..ਕਿੰਨੇ ਖਿਡੌਣੇ ਲਏ..ਪੂਰਾ ਰੱਜ ਮਾਰਿਆ..ਨਿੱਕਾ ਬੜਾ ਹੀ ਖੁਸ਼..ਨਾਲ ਤੁਰਿਆ ਜਾਂਦਾ ਵਾਰ ਵਾਰ ਇੱਕੋ ਗੱਲ ਪੁੱਛੀ ਜਾਵੇ..ਉਹ ਕੌਣ ਸੀ ਜੋ ਸਾਨੂੰ ਏਨੇ ਸਾਰੇ ਪੈਸੇ ਦੇ ਗਿਆ..?

ਡੁੱਬਦਾ ਸੂਰਜ..ਘਰੇ ਅੱਪੜਨ ਦੀ ਕਾਹਲੀ..ਅਖੀਰ ਆਖਣਾ ਪਿਆ..ਉਹ ਮੰਗਤੇ ਤੋਂ ਦਾਤਾ ਬਣਿਆ ਇੱਕ ਰੱਬ ਸੀ ਜਿਸਤੋਂ ਤੇਰੀ ਭੁੱਖ ਵੇਖੀ ਨਹੀਂ ਗਈ..!

ਅੱਗਿਓਂ ਉਸੇ ਵੇਲੇ ਬੋਲ ਪਿਆ..ਵੀਰੇ ਓਹੀ ਰੱਬ ਜਿਸਨੇ ਸਾਡੇ ਮਾਪਿਆਂ ਨੂੰ ਦਾਤੇ ਤੋਂ ਮੰਗਤਾ ਬਣਾ ਛੱਡਿਆ?

ਇਸ ਵੇਰ ਜੁਆਬ ਨਾ ਦਿੱਤਾ ਗਿਆ ਕਿਓਂਕੇ ਐਨ ਉਸੇ ਵਕਤ ਮੇਰੀ ਇੱਕ ਹੋਰ ਰੱਬ ਨਾਲ ਬਹਿਸ ਜੁ ਚੱਲ ਰਹੀ ਸੀ..ਪਿੰਡ ਪਰਤਦੇ ਵਕਤ ਟਾਂਗੇ ਦਾ ਮਾਲਕ ਆਖ ਰਿਹਾ ਸੀ.."ਤੁਹਾਥੋਂ ਕਾਹਦੇ ਪੈਸੇ ਪੁੱਤਰੋ..ਜਾਓ ਖੇਡੋ ਮੱਲੋ..ਵੱਡੇ ਹੋਵੋਗੇ ਹੱਥੀਂ ਕਮਾਓਗੇ ਤਾਂ ਓਦੋਂ ਦੇ ਦਿਓ..ਬੱਸ ਮੇਰੀ ਘੋੜੀ ਦੀ ਦੁਆ ਮੰਗਦੇ ਜਾਇਓ..ਢਿੱਲੀ-ਮੱਠੀ ਰਹਿੰਦੀ ਏ"। ਦੋਸਤੋ ਓਹਨਾ ਵੇਲਿਆਂ ਦੀ ਗੱਲ ਏ ਜਦੋਂ ਰੋਜ ਮਰਾ ਦੀ ਜਿੰਦਗੀ ਵਿੱਚ ਤੁਰੇ ਫਿਰਦਿਆਂ ਇਨਸਾਨ ਘੱਟ ਤੇ ਰੱਬ ਜਿਆਦਾ ਟੱਕਰ ਜਾਇਆ ਕਰਦੇ ਸਨ..!



ਹਰਪ੍ਰੀਤ ਸਿੰਘ ਜਵੰਦਾ

CANADIAN TRUCK TRAINING CENTRE






ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college, Training Classes for Air Brakes, Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level1
LIC# M14000011
BROKERAGE LIC#10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

ਬੁੱਧ ਚਿੰਤਨ

# ਜਦੋਂ ਅਸੀਂ ਸਿਰਾਂ ਤੇ ਕੱਫ਼ਨ ਬੰਨ੍ਹ ਕੇ ਤੁਰੇ!

ਕਾਫ਼ਲਾ ਸ਼ਬਦ-ਸੰਗੀਤ ਤੇ ਕਿਤਾਬਾਂ ਦੇ ਨਾਲ ਤੁਰਿਆ ਸੀ। ਕਾਫ਼ਲੇ ਦੀ ਸਮੁੱਚੀ ਵਿਚਾਰਧਾਰਾ ਨੂੰ ਕਮਲਜੀਤ ਨੀਲੋਂ ਨੇ ਗੀਤਾਂ ਦੇ ਰਾਹੀ ਮਣਕਿਆਂ ਦੇ ਵਿਚ ਪਰੋ ਕੇ ਬੱਚਿਆਂ ਦੀ ਮੱਦਦ ਦੇ ਨਾਲ ਇਕ ਮਾਲਾ ਵਿਚ ਪਰੋ ਦਿੱਤਾ ਸੀ। ਸੰਗੀਤ 'ਤੇ ਸਾਥ ਦੇ ਲਈ ਕ੍ਰਿਸ਼ਨ ਲਾਲ ਬੱਗਾ, ਜੀਲਾ, ਨੀਲਾ ਤੇ ਧਰਮ ਸਿੰਘ ਸਨ। ਭਾਵੇਂ ਹਰ ਸਾਲ ਨਵੇਂ ਲੋਕ ਜੁੜਦੇ ਤੇ ਕਿਰਦੇ ਗਏ। ਪਰ ਕਾਫਲੇ ਦੀ ਟੀਮ ਪੰਜ ਸਾਲ ਸਿਰ ਸੁਟ ਕੇ ਨਾਲ ਤੁਰਦੀ ਰਹੀ।

ਉਦੋਂ ਮਨਾਂ ਵਿਚ ਡਰ ਵੀ ਸੀ ਤੇ ਨਹੀਂ ਵੀ। ਪੰਜਾਬ ਤਾਂ ਦੋ ਪੁੜਾਂ ਹੇਠ ਪਿਸ ਰਿਹਾ ਅਸੀਂ ਵੀ ਪਿਸਣ ਦੇ ਲਈ ਤੁਰੇ ਸੀ ਕਿ ਮਰਨਾ ਤਾਂ ਇੱਕ ਹੀ ਦਿਨ ਹੈ। ਚੰਗੇ ਕਾਜ ਲਈ ਮਰਾਂਗੇ ਦੇਖੀ ਜਾਊ ਕਾਫ਼ਲਾ ਰੋਕਣਾ ਨਹੀਂ। ਦੋਵੇ ਪਾਸੇ ਪੰਜਾਬੀ ਮਰ ਰਹੇ ਸਨ। ਦੋਵੇ ਧਿਰਾਂ ਆਪਣੀ-ਆਪਣੀ ਹਿੱਕ ਥਾਪੜ ਰਹੀਆਂ ਸਨ। ਭਰਮ ਦੀ ਫ਼ਸਲ ਬੀਜੀ ਜਾ ਰਹੀ ਸੀ। ਥਾਣਿਆਂ ਤੇ ਮੜ੍ਹੀਆਂ ਵਿਚ ਲੋਕ ਬੇਵਸੀ ਦੇ ਹੰਝੂ ਵਹਾਅ ਰਹੇ ਸਨ। ਕਿਸੇ ਦੀ ਕਿਤੇ ਵੀ ਕੋਈ ਸੁਣਵਾਈ ਨਹੀਂ ਸੀ। ਡਰ ਦੇ ਨਾਲ ਘਰਾਂ ਦੀਆਂ ਜੁੜੀਆਂ ਕੰਧਾਂ ਵੀ ਹਉਕੇ ਭਰਦੀਆਂ ਘਰਦੇ ਜੀਆਂ ਦੀ ਖੈਰ ਮੰਗਦੀਆਂ ਸਨ। ਪਰ ਖੈਰ 'ਚ ਹੰਝੂ ਪੈਂਦੇ ਸਨ।

ਕਾਫ਼ਲੇ ਦੀ ਤਿਆਰੀ ਸਾਲ ਪਹਿਲਾਂ ਸ਼ੁਰੂ ਕਰ ਲਈ ਸੀ। ਸਕੂਲਾਂ ਵਿਚ ਸਾਹਿਤ ਦੀ ਹਰ ਵੰਨਗੀ ਦੇ ਮੁਕਾਬਲੇ ਕਰਵਾ ਲਏ ਸਨ। ਹੁਣ ਤਾਂ ਵਿਦਿਆਰਥੀਆਂ ਨੂੰ ਇਨਾਮ ਵੰਡਣੇ ਸਨ ਤੇ ਕਿਤਾਬਾਂ ਦੇ ਇਹ ਇਨਾਮ ਸਨ। ਜੇਤੂ ਵਿਦਿਆਰਥੀਆਂ ਨੂੰ ਕੂਪਨ ਦੇਣੇ ਸੀ। ਉਨ੍ਹਾਂ ਨੇ ਆਪਣੀ ਮਰਜ਼ੀ ਦੀਆਂ ਕਿਤਾਬਾਂ ਲੈਣੀਆਂ ਸਨ। ਗੀਤ ਸੰਗੀਤ ਦਾ ਆਨੰਦ ਲੈਣਾ ਸੀ। ਕਾਫ਼ਲੇ ਤੇ ਸਥਾਨਕ ਲੋਕ ਤਾਂ ਪ੍ਰਬੰਧਕ ਸਨ।

ਕਾਫ਼ਲੇ ਵਾਲੇ ਇਕ ਦਿਨ ਪਹਿਲਾਂ ਪ੍ਰੀਤ ਨਗਰ ਪੁੱਜ ਗਏ। ਉਥੇ ਵੀ ਧਮਕੀਆਂ ਦੇ ਖਤਾਂ ਦੀ ਮੋਟੀ ਫਾਈਲ ਬਣ ਗਈ ਸੀ ਪਰ ਬੱਚਿਆਂ, ਅਧਿਆਪਕਾਂ, ਸਥਾਨਕ ਪ੍ਰਬੰਧਕਾਂ ਤੇ ਲੋਕਾਂ ਵਿਚ ਪੂਰਾ ਉਤਸ਼ਾਹ, ਜਜ਼ਬਾ, ਲਗਨ, ਹਿੰਮਤ,ਦਲੇਰੀ ਤੇ ਕੁਝ ਕਰਨ ਦਾ ਚਾਅ ਸੀ। ਕਿਵੇਂ ਪੰਜ ਵਰ੍ਹੇ ਲੰਘੇ, ਕਿਵੇਂ ਖੱਜਲ ਖੁਆਰ ਹੋਏ ਪਰ ਕਾਫਲਾ ਆਪਣੀ ਮੰਜ਼ਿਲ ਵਧਦਾ ਹੀ ਗਿਆ। ਪ੍ਰੀਤ ਨਗਰ ਵਿਚ ਹਿਰਦੇਪਾਲ ਸਿੰਘ ਦਾ ਪਰਿਵਾਰ ਕਾਫ਼ਲੇ ਨੂੰ ਨਾ ਤੋਰਨ ਦੀਆਂ ਦਲੀਲਾਂ ਦੇ ਰਿਹਾ ਸੀ, ਕਿ ਉਹ ਤਾਂ ਪਹਿਲਾਂ ਸੁਮੀਤ ਸਿੰਘ ਨੂੰ ਗੁਆ ਬੈਠੇ ਸਨ। ਸਾਡੀਆਂ ਦਲੀਲਾਂ ਨੇ ਉਨਾਂ ਨੂੰ ਹੌਸਲਾ ਦਿੱਤਾ। ਦੂਜੇ ਦਿਨ ਜਿਉ ਹੀ ਦਿਨ ਚੜ੍ਹਿਆ ਪ੍ਰੀਤ ਨਗਰ ਵਿਚ ਤਿੱਲ ਸੁਟਣ ਜੋਗੀ ਥਾਂ ਨਾ ਬਚੀ। ਚਾਰੇ ਹੀ ਪਾਸੇ ਲੋਕਾਂ ਦਾ ਹੜ੍ਹ ਆ ਗਿਆ। ਵਿਦਿਆਰਥਣ ਦੀਆਂ ਚਿੱਟੀਆਂ ਚੁੰਨੀਆਂ ਕਿਸੇ ਸੋਗ ਦਾ ਦ੍ਰਿਸ਼ ਲੱਗ ਰਹੀਆਂ ਸਨ। ਜਿਉ ਹੀ ਕਾਫ਼ਲਾ ਤੁਰਿਆ ਅਸਮਾਨ ਬੱਚਿਆਂ ਦੇ ਨਾਅਰਿਆਂ ਦੇ ਨਾਲ ਗੂੰਜਣ ਲੱਗਾ।

'ਪਾਪਾ ਤੁਸੀਂ ਨਾ ਪੀਓ ਸ਼ਰਾਬ, ਮੈਨੂੰ ਲੈ ਦਿਓ ਇਕ ਕਿਤਾਬ'

'ਪੁਸਤਕ ਸੱਭਿਆਚਾਰ ਆਏਗਾ, ਹੱਸਦਾ ਪੰਜਾਬ ਮੋੜ ਲਿਆਏਗਾ'

ਸਥਾਨਕ ਸਕੂਲ ਵਿੱਚ ਸਮਾਗਮ ਹੋਣਾ ਸੀ। ਸਟੇਜ ਉਤੇ ਮਾਸਟਰ ਹਜ਼ਾਰਾ ਸਿੰਘ ਆਜੜੀ ਸੀ, ਜਿਹੜੇ ਬਹੁਤ ਹੀ ਉਤਸ਼ਾਹ ਦੇ ਨਾਲ ਨਾਅਰੇ ਲਵਾ ਰਹੇ ਸਨ। ਪੰਡਾਲ ਵਿਚ ਪੁੱਜਦਿਆਂ ਹੀ ਡਾ. ਬ. ਸ. ਰਤਨ ਤੇ ਡਾ. ਰਮਾ ਰਤਨ ਨੇ ਕਾਫ਼ਲੇ ਦੇ ਮਕਸਦ ਬਾਰੇ ਵਿਸਥਾਰ ਵਿਚ ਤਕਰੀਰ ਕੀਤੀ। ਜਿਉ ਹੀ ਕਮਲਜੀਤ ਨੀਲੋਂ ਤੇ ਬੱਚਿਆਂ ਨੇ ਸਟੇਜ ਸੰਭਾਲੀ ਤਾਂ ਗੀਤ ਦੇ ਬੋਲ ਗੂੰਜੇ-
ਆਏ ਨੇ ਕਾਫਲੇ ਵਾਲੇ ਕਿਤਾਬਾਂ ਨਾਲ ਲਿਆਏ ਨੇ ,




ਆਓ ਬੱਚਿਓ ਭੱਜ ਕੇ ਕਿਤਾਬਾਂ ਨੇ ਬੁਲਾਉਂਦੀਆਂ।

ਦੋ ਘੰਟੇ ਕਿਵੇਂ ਲੰਘ ਗਏ ਪਤਾ ਹੀ ਨਾ ਲੱਗਾ। ਚਾਰੇ ਪਾਸੇ ਭਾਵੇਂ ਪੁਲਸ ਦਾ ਪਹਿਰਾ ਸੀ ਪਰ ਧਮਾਕੇ ਦਾ ਡਰ ਸੀ। ਪਰ ਕੁੱਝ ਵੀ ਨਾ ਹੋਇਆ। ਪ੍ਰੋਗ੍ਰਾਮ ਖਤਮ ਹੋਣ ਵੇਲੇ ਦਾ ਗੀਤ 'ਚੰਗਾ ਤਾਰਿਓ ਆਪਾਂ ਫੇਰ ਵੀ ਮਿਲਾਂਗੇ 'ਤੋਂ ਬਾਅਦ ਸਭ ਘਰਾਂ ਨੂੰ ਪਰਤ ਗਏ। ਅਸੀਂ ਜੰਗ ਜਿੱਤ ਕੇ ਜਰਨੈਲ ਵਾਂਗ ਹਿੱਕ ਤਾਣ ਕੇ ਤੁਰ ਰਹੇ ਸੀ। ਧਮਕੀਆਂ ਦੇਣ ਵਾਲੇ ਚੁੱਪ ਸਨ। ਰਾਤ ਫੇਰ ਇਥੇ ਹੀ ਰੁਕਣਾ ਸੀ, ਡਰ ਅਜੇ ਸੀ ਪਰ ਘੱਟ ਸੀ। ਰਾਤ ਦਾ ਡਰ ਸੀ। ਹਮਲਾ ਰਾਤ ਨੂੰ ਵੀ ਹੋ ਸਕਦਾ ਪਰ ਸਭ ਨੂੰ ਸੁਚੇਤ ਰਹਿਣ ਦਾ ਪਾਠ ਤਾਂ ਇੱਕ ਦਿਨ ਪਹਿਲਾਂ ਹੀ ਪੜ੍ਹਾ ਦਿੱਤਾ ਸੀ। ਮੁੱਢੀਰ ਤਾਂ ਖੋਰੂ ਪਾ ਰਹੀ ਸੀ। ਜਿੱਤ ਦਾ ਜਸ਼ਨ ਸੀ। ਜਿਸ ਥਾਂ ਅਸੀਂ ਠਹਿਰੇ ਸੀ, ਸਾਡੇ ਨਾਲ ਕਈ ਪੰਜਾਬ ਤੋਂ ਬਾਹਰ ਦੇ ਕਲਾਕਾਰ ਵੀ ਸਨ। ਮਹਾਂਭਾਰਤ ਸੀਰੀਅਲ ਵਿਚ ਹਰ ਹਰ ਮਹਾਂਦੇਵ ਦਾ ਨਾਅਰਾ ਦੇਣ ਵਾਲਾ ਕਲਾਕਾਰ ਸੀ। ਜਿਸ ਦੀ ਆਵਾਜ਼ ਵਿਚ ਹਜ਼ਾਰਾਂ ਦੀ ਆਵਾਜ਼ ਦਾ ਭੁਲੇਖਾ ਪੈਂਦਾ ਸੀ। ਪਰ ਉਸ ਦਿਨ ਏ ਨਾਅਰਾ ਤਾਂ ਨਹੀਂ ਸੀ ਲਗਾਇਆ ਪਰ ਉਸ ਨੇ ਆਪਣੀ ਆਵਾਜ਼ ਦਾ ਜਾਦੂ ਜਰੂਰ ਵਖੇਰਿਆ ਸੀ। ਜਦੋਂ ਉਹ ਸਟੇਜ ਤੇ ਹੁੰਦਾ ਤਾਂ ਇੰਜ ਲਗਦਾ ਕਈ ਹਜ਼ਾਰਾਂ ਦੀ ਆਵਾਜ਼ ਹੈ। ਰਾਤ 12 ਕੁ ਵਜੇ ਤੱਕ ਲਾਈਟ ਆਈ ਨਹੀਂ ਸੀ, ਗਰਮੀ ਨੇ ਜਾਨ ਕੱਢੀ ਪਈ ਸੀ । ਅਸੀਂ ਅੰਦਰੋਂ ਜਾਲੀ ਵਾਲਾ ਕੁੰਡਾ ਲਾ ਕੇ ਪਏ ਸੀ ਤਾਂ ਅਚਾਨਕ ਦਰਵਾਜ਼ੇ 'ਤੇ ਜ਼ੋਰ ਦੀ ਪਈ ਲਾਈਟ ਨੇ ਸਾਰਿਆਂ ਦੇ ਸਾਹ ਸੁਕਾ ਦਿੱਤੇ, ਦਰਵਾਜ਼ੇ ਦੇ ਨਾਲ ਮੈਂ ਤੇ ਬੱਗਾ ਪਏ ਸੀ। ਬਾਹਰੋਂ ਕਾਫੀ ਲੋਕਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ।



ਬੁੱਧ ਸਿੰਘ ਨੀਲੋਂ
94643 70823

'ਭਾਅ ਮੈਂ ਮੁਖਾ ਆਂ, ਨੀਲੋਂ ਏਥੇ ਜੇ ?
ਬਾਹਰੋਂ ਆਵਾਜ਼ ਆਈ।

'ਨਹੀਂ'। ਬੱਗਾ ਮਸਾਂ ਹੀ ਬੋਲਿਆ ਸੀ। ਮੈਂ ਚੁੱਪ ਸੀ।

'ਬੁੱਧ ਸਿਆਂ ਸਿਆਣਦਾ ਕਿਉਂ ਨਹੀਂ।' ਉਸ ਨੇ ਮੇਰਾ ਲੈ ਕੇ ਉਚੀ ਦੇਣੇ ਕਿਹਾ। ਮੈਂ ਕੁਝ ਬੋਲਦਾ ਤਾਂ ਬੱਗਾ ਬੋਲਿਆ 'ਪਹਿਲਾਂ ਆ ਲਾਈਟ ਬੰਦ ਕਰ।'

'ਸੋਂ ਜਾ ਬੱਬੂਆ ਵਾਲਾ ਨੀਲੋਂ ਕਿਥੇ ਜੇ'?

'ਉਹ ਤਾਂ ਦੂਜੇ ਪਾਸੇ ਕੋਠੀ ਚ ਪਿਆ ਏ।'

'ਦਾਰ ਜੀ ਆਦੇਂ ਏਥੇ ਆ, ਤੁਸੀਂ ਆਦੇ ਹੋ ਏਥੇ ਨਹੀਂ, ਮੇਰੇ ਨਾਲ ਪਿੰਡ ਦੀਆਂ ਔਰਤਾਂ ਨੇ ਜਿਹੜੀਆਂ ਕੱਲ੍ਹ ਦੀਆਂ ਲੰਗਰ ਬਣਾ ਰਹੀਆਂ ਨੇ ਉਨ੍ਹਾਂ ਨੇ ਨੀਲੋਂ ਨੂੰ ਸੁਨਣਾ ਜੇ'। ਬਾਹਰੋਂ ਆਵਾਜ਼ ਆਈ।

ਕਮਲਜੀਤ ਵੀ ਨੇੜੇ ਆ ਗਿਆ, ਬਸ ਫੇਰ ਕੀ ਅੱਧੀ ਰਾਤ ਨੂੰ ਨੀਲੋਂ ਨੇ ਆਪਣੀ ਡਫਲੀ ਨਾਲ ਕਈ ਗੀਤ ਸੁਣਾਏ। ਉਹ ਤਾੜੀਆਂ ਮਾਰ ਕੇ ਘਰਾਂ ਨੂੰ ਚਲੇ ਗਏ। ਪਰ ਅਸੀਂ ਇੱਕ ਦੂਜੇ ਨੂੰ ਬੋਲਦੇ ਰਹੇ। ਨੀਂਦ ਕਿੱਥੇ ਆਉਣੀ ਸੀ। ਡਰ ਵੀ ਲੱਗ ਰਿਹਾ ਸੀ। ਕਦੇ ਦੂਰੋਂ ਗੋਲੀਆਂ ਤੇ ਕੁੱਤਿਆਂ ਦੀ ਆਵਾਜ਼ ਇਸ ਡਰ ਨੂੰ ਹੋਰ ਵੀ ਸੰਘਣਾ ਕਰਦੀ ਸੀ। ਹੁੰਮਸ ਵੀ ਬਹੁਤ ਸੀ। ਨੀਂਦ ਖੰਭ ਲਾ ਕੇ ਉਡ ਗਈ ਸੀ।

# ਗੀਤ

ਹਾਲਾਤ ਹਨ ਕੁਝ, ਇਸ ਤਰ੍ਹਾਂ ਦੇ,
ਦੱਸ ਸਕਦਾ ਨਹੀਂ।

ਅਜੀਬ ਸਥਿਤੀ ਵਿੱਚ ਫਸਿਆ,
ਹੱਸ ਸਕਦਾ ਨਹੀ।

ਚੰਗੇ ਮਾੜੇ ਦਿਨ ਤਾਂ,
ਆਉਂਦੇ ਰਹਿੰਦੇ ਨੇ।
ਕਰਨ ਬਹਾਦਰ ਮੁਕਾਬਲਾ,
ਸਿਆਣੇ ਕਹਿੰਦੇ ਨੇ।
ਦੋ ਹੱਥ ਕਰਨੇ ਦਾ ਜੇਰਾ ਹੈ,
ਨੱਸ ਸਕਦਾ ਨਹੀਂ।
ਹਾਲਾਤ ਹਨ ਕੁੱਝ..........

ਲਿਖ ਲਿਖ,ਕੋਲ ਰੱਖਾਂਗਾ,
ਇਹੀ ਯਾਦਾਂ ਦਾ,ਖਜ਼ਾਨਾ ਏ।

ਜੇ ਗਾਇਆ,ਗੀਤ ਕਿਸੇ,
ਤਾਂ ਨੈਣ ਜੋਤੀ ਲਈ,ਨਜ਼ਰਾਨਾ ਏ।
ਰੱਖੂੰ ਯਾਦਾਂ,ਜਾਨ ਵਾਂਗ,ਸੰਭਾਲ ਕੇ,
ਖੱਸ ਸਕਦਾ ਨਹੀਂ।
ਹਾਲਾਤ ਹਨ ਕੁਝ........

ਆਦਤ ਸਾਡੀ,ਵਫ਼ਾ ਦੀ,
ਵਫ਼ਾ ਹੀ ਕਰਨੀ ਏ।
ਕਰ ਯਾਦ,ਗੀਤ ਲਿਖਣੇ,
ਨਾ ਦਫ਼ਾ ਕਰਨੀ ਏ।
ਖਾ ਧੋਖਾ,ਨੈਣ ਜੋਤੀ ਤੋਂ,
ਹੋਰ ਕਿਤੇ ਫਸ ਸਕਦਾ ਨਹੀਂ।
ਹਾਲਾਤ ਹਨ ਕੁਝ.........

ਨਾ ਕਰ ਸਕਿਆ,ਇਜ਼ਹਾਰ ਕਦੇ,
ਮੇਰੀ ਮਜ਼ਬੂਰੀ ਸੀ।

ਹੱਸ ਤੱਕਣਾ,ਪਾਸਾ ਵੱਟਣਾ,
ਉਸਦੀ ਮਗ਼ਰੂਰੀ ਸੀ।
ਇਜ਼ਹਾਰ ਕਰੂੰ "ਸੰਗ਼ਰੂਰਵੀ",ਗੀਤਾਂ 'ਚ

ਚੁੱਪ ਵੱਟ ਘੱਸ ਸਕਦਾ ਨਹੀਂ।
ਹਾਲਾਤ ਹਨ ਕੁਝ......।



ਸਰਬਜੀਤ ਸੰਗਰੂਰਵੀ

# 'ਸਾਹਿਤ ਦਾ ਉੱਚਾ ਬੁਰਜ' ਪ੍ਰਿੰ. ਸਰਵਣ ਸਿੰਘ 'ਕਲਮਾਂ ਦੀ ਸਾਂਝ' ਵੱਲੋਂ 'ਸਤਿਗੁਰੂ ਰਾਮ

## * ਸਿੰਘ ਲਾਈਫ਼ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ
## * ਹਰਦਿਆਲ ਸਿੰਘ ਝੀਤਾ ਦੀ ਪਲੇਠੀ ਕਾਵਿ-ਪੁਸਤਕ 'ਤੇਰੇ ਬਾਝੋਂ' ਹੋਈ ਲੋਕ-ਅਰਪਿਤ







ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 14 ਸਤੰਬਰ ਨੂੰ 'ਕਲਮਾਂ ਦੀ ਸਾਂਝ' ਸਾਹਿਤਕ ਸੰਸਥਾ ਵੱਲੋਂ ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ ਨੂੰ ਬਰੈਂਪਟਨ ਦੇ ਵਿਸ਼ਾਲ 'ਵਿਸ਼ਵ ਪੰਜਾਬੀ ਭਵਨ' ਵਿੱਚ 'ਸਤਿਗੁਰੂ ਰਾਮ ਸਿੰਘ ਲਾਈਫ਼ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਪਾਠਕਾਂ ਨੂੰ ਯਾਦ ਹੋਵੇਗਾ ਕਿ 2023 ਵਿੱਚ ਝੀਤਾ ਪਰਿਵਾਰ ਵੱਲੋਂ ਆਪਣੇ ਪਿਤਾ ਸ. ਮਿਹਰ ਸਿੰਘ ਝੀਤਾ ਤੇ ਮਾਤਾ ਸਰਦਾਰਨੀ ਪ੍ਰੀਤਮ ਕੌਰ ਦੀ ਯਾਦ ਵਿੱਚ ਸ਼ੁਰੂ ਕੀਤਾ ਗਿਆ ਪਹਿਲਾ ਐਵਾਰਡ ਪ੍ਰੋੜ੍ਹ-ਲੇਖਕ ਸ. ਪੂਰਨ ਸਿੰਘ ਪਾਂਧੀ ਨੂੰ ਦਿੱਤਾ ਗਿਆ ਸੀ ਅਤੇ ਪਿਛਲੇ ਸਾਲ 2024 ਵਿੱਚ ਦੂਸਰਾ ਐਵਾਰਡ ਇਹ ਕੰਪਿਊਟਰ ਧਨੰਤਰ ਸ. ਕਿਰਪਾਲ ਸਿੰਘ ਪੰਨੂੰ ਨੂੰ ਮਿਲਿਆ ਸੀ। ਇਸ ਦੇ ਨਾਲ ਹੀ ਇਸ ਸਮਾਗ਼ਮ ਵਿੱਚ ਹਰਦਿਆਲ ਸਿੰਘ ਝੀਤਾ ਦੀ ਪਲੇਠੀ ਕਾਵਿ-ਪੁਸਤਕ 'ਤੇਰੇ ਬਾਝੋਂ' ਵੀ ਲੋਕ- ਅਰਪਿਤ ਕੀਤੀ ਗਈ।



ਸਮਾਗ਼ਮ ਦੀ ਸ਼ੁਰੂਆਤ ਸੁਰੀਲੀ ਗਾਇਕਾ ਰਿੰਟੂ ਭਾਟੀਆ ਵੱਲੋਂ ਗਾਏ ਗਏ ਸ਼ਬਦ 'ਅਨੰਦ ਭਇਆ ਮੇਰੀ ਮਾਏ' ਨਾਲ ਕੀਤੀ ਗਈ। ਇਸ ਤੋਂ ਪਹਿਲਾਂ ਡਾ. ਵਰਿਆਮ ਸਿੰਘ ਸੰਧੂ, ਪ੍ਰਿੰਸੀਪਲ ਸਰਵਣ ਸਿੰਘ, ਕਿਰਪਾਲ ਸਿੰਘ ਪੰਨੂੰ, ਸੁਰਜੀਤ ਕੌਰ ਵੱਲੋਂ ਗਿਆਨ-ਰੂਪੀ ਜੋਤ ਜਗਾਉਣ ਦੀ ਰਸਮ ਅਦਾ ਕੀਤੀ ਗਈ। ਉੱਘੇ ਸਮਾਜ-ਸੇਵਕ ਇੰਦਰਜੀਤ ਸਿੰਘ ਸਿੰਘ ਬੱਲ ਨੇ ਆਏ ਮਹਿਮਾਨਾਂ ਤੇ ਸਮੂਹ ਸਰੋਤਿਆਂ ਨੂੰ ਨਿੱਘੀ 'ਜੀ-ਆਇਆਂ' ਕਹੀ ਅਤੇ ਰੇਡੀਓ 'ਸਰਗਮ' ਦੇ ਸੰਚਾਲਕ ਡਾ. ਬਲਵਿੰਦਰ ਨੇ ਪ੍ਰਿੰਸੀਪਲ ਸਰਵਣ ਸਿੰਘ ਤੇ ਹਰਦਿਆਲ ਸਿੰਘ ਝੀਤਾ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਡਾ. ਵਰਿਆਮ ਸਿੰਘ ਸੰਧੂ, ਪ੍ਰਿੰਸੀਪਲ ਸਰਵਣ ਸਿੰਘ, ਕਿਰਪਾਲ ਸਿੰਘ ਪੰਨੂੰ, ਪੀਲ ਡਿਸਟ੍ਰਿਕਟ ਸਕੂਲ ਸਿੱਖਿਆ ਬੋਰਡ ਦੇ ਵਾਈਸ-ਚੇਅਰਪਰਸਨ ਸਤਪਾਲ ਸਿੰਘ ਜੌਹਲ, ਉੱਘੇ ਚਿੰਤਕ ਪ੍ਰੋ. ਰਾਮ ਸਿੰਘ, ਕਵਿੱਤਰੀ ਸੁਰਜੀਤ ਕੌਰ, ਹਰਦਿਆਲ ਸਿੰਘ ਝੀਤਾ ਦੇ ਵੱਡੇ ਭਰਾ ਸਿੰਘ ਬਚਿੱਤਰ ਸਿੰਘ ਝੀਤਾ ਅਤੇ ਉਨ੍ਹਾਂ ਦੀ ਪਤਨੀ ਕਮਲਜੀਤ ਕੌਰ ਝੀਤਾ ਸ਼ਾਮਲ ਸਨ।

ਸਮਾਗ਼ਮ ਦੇ ਪਹਿਲੇ ਸੈਸ਼ਨ ਵਿੱਚ ਹਰਦਿਆਲ ਸਿੰਘ ਝੀਤਾ ਦੀ ਲੋਕ-ਅਰਪਿਤ ਕੀਤੀ ਜਾਣ ਵਾਲੀ ਪੁਸਤਕ ਉੱਪਰ ਆਪਣੇ ਵਿਚਾਰ ਪ੍ਰਗਟ ਕਰਨ ਲਈ ਮੰਚ-ਸੰਚਾਲਕ ਪਿਆਰਾ ਸਿੰਘ ਕੁੱਦੋਵਾਲ ਵੱਲੋਂ ਪ੍ਰੋ. ਤਲਵਿੰਦਰ ਸਿੰਘ ਮੰਡ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਪੁਸਤਕ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਹੋਇਆਂ ਕਿਹਾ ਕਿ ਇਸ ਵਿੱਚ ਹਰਦਿਆਲ ਝੀਤਾ ਵੱਲੋਂ ਲੰਮੀਆਂ ਤੇ ਲਘੂ ਦੋਵੇਂ ਤਰ੍ਹਾਂ ਦੀਆਂ 63 ਖੁੱਲ੍ਹੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ ਉਹ ਦੁੱਖ, ਦਰਦ, ਵਿਛੋੜੇ, ਉਡੀਕ, ਪਰਵਾਸ, ਰੱਬ, ਆਸਥਾ, ਧਰਮ, ਮਾਂ- ਬੋਲੀ ਪੰਜਾਬੀ, ਔਰਤ, ਆਦਿ ਵਿਸ਼ਿਆਂ ਦੀ ਗੱਲ ਕਰਦਾ ਹੈ। ਇਸ ਦੇ ਨਾਲ ਹੀ ਉਹ 'ਅੱਜ ਦੇ ਭਗਤ ਸਿੰਘ' ਅਤੇ 'ਅਸੀਂ ਤੇ ਨਾਨਕ' ਦੀ ਬਾਤ ਵੀ ਬਾਖ਼ੂਬੀ ਪਾਉਂਦਾ ਹੈ। ਆਪਣੇ ਸੰਬੋਧਨ ਵਿੱਚ 'ਕਲਮਾਂ ਦੀ ਸਾਂਝ ਸੰਸਥਾ' ਵੱਲੋਂ ਪ੍ਰੋੜ- ਲੇਖਕਾਂ ਨੂੰ ਇਸ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕਰਨ ਦੀ ਸ਼ਾਨਦਾਰ ਪ੍ਰਥਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਵੱਲੋਂ ਨਵੀਆਂ ਕਲਮਾਂ ਦੀ ਹੌਸਲਾ-ਅਫ਼ਜ਼ਾਈ ਕਰਨ ਦੀ ਗੱਲ ਵੀ ਛੇੜੀ ਗਈ। ਇਸ ਦੌਰਾਨ ਪੀਲ ਡਿਸਟ੍ਰਿਕਟ ਸਕੂਲ ਸਿਖਿਆ ਬੋਰਡ ਦੇ ਵਾਈਸ-ਚੇਅਰਪਰਸਨ ਸਤਪਾਲ ਸਿੰਘ ਜੌਹਲ, ਪ੍ਰੋ. ਜਗੀਰ ਸਿੰਘ ਕਾਹਲੋਂ ਅਤੇ ਮੰਚ-ਸੰਚਾਲਕ ਪਿਆਰਾ ਸਿੰਘ ਕੁੱਦੋਵਾਲ ਵੱਲੋਂ ਵੀ ਪੁਸਤਕ ਉੱਪਰ ਆਪਣੇ ਵਿਚਾਰ ਪੇਸ਼ ਕੀਤੇ ਗਏ। ਪੁਸਤਕ-ਲੇਖਕ ਹਰਦਿਆਲ ਸਿੰਘ ਝੀਤਾ ਵੱਲੋਂ ਉਨ੍ਹਾਂ ਦੀ ਪੁਸਤਕ ਉੱਪਰ ਬੋਲਣ ਵਾਲੇ ਬੁਲਾਰਿਆਂ ਤੇ ਸਮਾਗ਼ਮ ਵਿੱਚ ਆਏ ਸਮੂਹ ਮਹਿਮਾਨਾਂ ਤੇ ਸਰੋਤਿਆਂ ਦਾ ਬੜੇ ਭਾਵਪੂਰਤ ਸ਼ਬਦਾਂ ਵਿੱਚ ਧੰਨਵਾਦ ਕੀਤਾ ਗਿਆ। ਸਮਾਗ਼ਮ ਦੇ ਦੂਸਰੇ ਸੈਸ਼ਨ ਵਿੱਚ ਨਾਮਧਾਰੀ ਸੰਪਰਦਾਇ ਦੇ ਆਗੂ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ, ਸਮਾਜ ਸੁਧਾਰਾਂ ਅਤੇ ਕੂਕਾ ਲਹਿਰ ਦੌਰਾਨ ਨਾਮਧਾਰੀ ਯੋਧਿਆਂ ਦੀ ਕੁਰਬਾਨੀ ਬਾਰੇ 10 ਕੁ ਮਿੰਟ ਦੀ ਡਾਕੂਮੈਂਟਰੀ ਵਿਖਾਈ ਗਈ। ਉਪਰੰਤ, ਉੱਘੇ ਚਿੰਤਕ ਪ੍ਰੋਫ਼ੈਸਰ ਰਾਮ ਸਿੰਘ ਨੇ ਇਨ੍ਹਾਂ ਮੁੱਖ-ਨੁਕਤਿਆਂ 'ਤੇ ਆਧਾਰਿਤ ਆਪਣੇ ਸੰਬੋਧਨ ਵਿੱਚ ਸਤਿਗੁਰੂ ਰਾਮ ਸਿੰਘ ਨੂੰ ਮਹਾਨ ਸਮਾਜ ਸੁਧਾਰਕ ਤੇ ਕਰਾਂਤੀਕਾਰੀ ਆਗੂ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ 1857 ਦੀ ਵਿਸਾਖੀ ਵਾਲੇ ਦਿਨ 'ਬਾਣੀ' ਅਤੇ 'ਬਾਣੇ' ਨੂੰ ਸਮਰਪਿਤ 'ਸੰਤ ਖਾਲਸਾ' ਤਿਆਰ ਕਰਕੇ ਪੰਜਾਬ ਦੇ ਇਤਿਹਾਸ ਦੇ ਨਵੇਂ ਅਧਿਆਇ ਦਾ ਆਰੰਭ ਕੀਤਾ। ਉਨ੍ਹਾਂ ਵੱਲੋਂ ਸਮਾਜ ਵਿੱਚ ਪ੍ਰਚੱਲਿਤ ਸਤੀ ਪ੍ਰਥਾ ਦਾ ਸਖ਼ਤ ਵਿਰੋਧ ਕੀਤਾ ਗਿਆ ਅਤੇ ਇਸ ਨੂੰ ਬੰਦ ਕਰਨ ਲਈ ਉਨ੍ਹਾਂ ਵੱਡਾ ਯੋਗਦਾਨ ਪਾਇਆ। ਅੰਗਰੇਜ਼ਾਂ ਵੱਲੋਂ ਮੁੜ ਖੋਲ੍ਹੇ ਗਏ ਬੁੱਚੜਖ਼ਾਨਿਆਂ ਵਿੱਚ ਹੋ ਰਹੀ ਗਊ-ਹੱਤਿਆ ਨੂੰ ਬੰਦ ਕਰਨ ਦੇ ਯਤਨ ਵਜੋਂ ਨਾਮਧਾਰੀਆਂ ਵੱਲੋਂ ਕਈ ਬੁੱਚੜਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਅਤੇ ਕਈ ਹੋਰ ਸਮਾਜ-ਸੁਧਾਰ ਵੀ ਕੀਤੇ ਗਏ। ਮਲੇਰਕੋਟਲਾ ਵਿਖੇ 40 ਕੂਕਿਆਂ ਨੂੰ ਤੋਪਾਂ ਅੱਗੇ ਬੰਨ੍ਹ ਕੇ ਉਡਾਉਣ ਦੀ ਘਟਨਾ ਦਾ ਜ਼ਿਕਰ ਕਰਦਿਆਂ ਪ੍ਰੋ. ਰਾਮ ਸਿੰਘ ਵੱਲੋਂ ਇਸ ਨੂੰ ਭਾਰਤ ਦੀ ਆਜ਼ਾਦੀ ਲਈ ਕੀਤੀ ਗਈ ਕੁਰਬਾਨੀ ਇੱਕ 'ਵੱਡਾ ਘਟਨਾਕਰਮ' ਦੱਸਿਆ ਗਿਆ।

ਪ੍ਰਿੰਸੀਪਲ ਸਰਵਣ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਨ੍ਹਾਂ ਦੇ ਖੇਡਾਂ ਬਾਰੇ ਲਿਖਣ ਤੇ ਉਨ੍ਹਾਂ ਦੇ ਪ੍ਰਕਾਸ਼ਿਤ ਹੋਣ ਦੀ ਪ੍ਰਕਿਰਿਆ ਮਾਸਿਕ ਰਿਸਾਲੇ 'ਆਰਸੀ' ਵਿੱਚ 1966 ਵਿੱਚ ਛਪੇ ਆਰਟੀਕਲ 'ਮੁੜ੍ਹਕੇ ਦਾ ਮੋਤੀ' ਨਾਲ ਹੋਈ ਪਰ ਅਸਲ ਵਿੱਚ ਲਿਖਣ ਦੀ 'ਜਾਗ' ਉਨ੍ਹਾਂ ਨੂੰ 1956 ਵਿੱਚ ਹੀ ਲੱਗ ਗਈ ਸੀ ਜਦੋਂ ਐੱਮ. ਆਰ. ਕਾਲਜ ਫ਼ਾਜ਼ਿਲਕਾ ਵਿੱਚ ਦਾਖ਼ਲ ਹੋਣ ਤੋਂ ਬਾਅਦ ਪਹਿਲੇ ਦਿਨ ਹੀ ਉਨ੍ਹਾਂ ਦੇ ਪੰਜਾਬੀ ਦੇ ਪ੍ਰੋਫ਼ੈਸਰ ਗੁਰਬਖ਼ਸ਼ ਸਿੰਘ ਹੁਰਾਂ ਵੱਲੋਂ ਵਿਦਿਆਰਥੀਆਂ ਨੂੰ ਆਪਣੀਆਂ ਕਾਪੀਆਂ ਵਿੱਚ 'ਕਾਲਜ ਵਿੱਚ ਪਹਿਲਾ ਦਿਨ' ਲੇਖ ਲਿਖਣ ਲਈ ਕਿਹਾ ਗਿਆ ਅਤੇ ਉਨ੍ਹਾਂ ਦੀ ਕਾਪੀ ਪ੍ਰੋ. ਸਾਹਿਬ ਨੇ ਆਪਣੇ ਕੋਲ ਇਹ ਕਹਿੰਦਿਆਂ ਰੱਖ ਲਈ ਕਿ ਉਹ ਇਸ ਲੇਖ ਨੂੰ ਕਾਲਜ ਦੇ ਮੈਗਜ਼ੀਨ 'ਫ਼ਾਊਂਟੇਨ' ਵਿੱਚ ਛਪਾਉਣਗੇ। ਉਨ੍ਹਾਂ ਦੱਸਿਆ ਕਿ 'ਮੁੜ੍ਹਕੇ ਦਾ ਮੋਤੀ' ਛਪਣ ਤੋਂ ਬਾਅਦ ਉਨ੍ਹਾਂ ਦਾ ਦੂਸਰਾ ਲੇਖ 'ਧਰਤੀ ਧੱਕ' ਹੈਮਰ ਥਰੋਅ ਤੇ ਜੈਵਲਿਨ ਥਰੋਅ ਦੇ ਚੈਂਪੀਅਨ ਸਵਾ ਸੱਤ ਫ਼ੁੱਟ ਉੱਚੇ-ਲੰਮੇਂ ਤਕੜੇ ਜੁੱਸੇ ਵਾਲੇ ਪ੍ਰਵੀਨ ਕੁਮਾਰ ਬਾਰੇ 'ਆਰਸੀ' ਵਿੱਚ 1966 ਵਿੱਚ ਛਪਿਆ ਤੇ ਫਿਰ ਅੱਗੋਂ ਚੱਲ ਸੋ ਚੱਲ। ਉਨ੍ਹਾਂ ਹੋਰ ਦੱਸਿਆ ਕਿ ਉਨ੍ਹਾਂ ਦੀਆਂ ਹੁਣ ਤੀਕ 50 ਤੋਂ ਵਧੇਰੇ ਕਿਤਾਬਾਂ ਛੱਪ ਚੁੱਕੀਆਂ ਹਨ ਅਤੇ ਇਨ੍ਹਾਂ ਵਿੱਚੋਂ ਅੱਧੀਆਂ ਖੇਡਾਂ ਸਬੰਧੀ ਹੀ ਹਨ। ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਹਰਿਭਜਨ ਸਿੰਘ ਨੇ ਉਨ੍ਹਾਂ ਨੂੰ ਖੇਡਾਂ ਬਾਰੇ ਹਿੰਦੀ ਜਾਂ ਅੰਗਰੇਜ਼ੀ ਵਿੱਚ ਲਿਖਣ ਦਾ ਸੁਝਾਅ ਇਹ ਕਹਿੰਦਿਆਂ ਹੋਇਆ ਦਿੱਤਾ ਕਿ ਪੰਜਾਬੀ ਵਿੱਚ ਲਿਖਣ ਵਾਲੇ ਸਾਈਕਲ ਤੋਂ ਸਕੂਟਰ/ਮੋਟਰਸਾਈਕਲ ਤੱਕ ਦਾ ਹੀ ਸਫ਼ਰ ਕਰ ਸਕਦੇ ਹਨ, ਕਾਰਾਂ ਤੱਕ ਪਹੁੰਚਣ ਦੀ ਤਵੱਕੋ ਨਹੀਂ ਕਰ ਸਕਦੇ ਪਰ ਉਨ੍ਹਾਂ ਦੀਆਂ ਪੰਜਾਬੀ ਵਿੱਚ ਲਿਖੀਆਂ ਗਈਆਂ 'ਖੇਡ-ਲਿਖਤਾਂ ਨੇ ਉਨ੍ਹਾਂ ਨੂੰ ਕਾਰਾਂ ਤਾਂ ਕੀ, ਹਵਾਈ-ਜਹਾਜ਼ਾਂ ਵਿੱਚ ਵੀ ਖ਼ੂਬ ਝੂਟੇ ਦਿਵਾਏ ਹਨ। ਉਨ੍ਹਾਂ ਨੂੰ ਸ਼ਾਨਦਾਰ ਯਾਦਗਾਰੀ ਸਨਮਾਨ-ਚਿੰਨ੍ਹ, ਸ਼ਾਲ, ਜਪਮਾਲ਼ਾ ਅਤੇ 500 ਡਾਲਰ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਪ੍ਰਾਪਤ ਹੋਏ ਇਸ ਮਾਣ-ਸਨਮਾਨ ਲਈ ਉਨ੍ਹਾਂ 'ਕਲਮਾਂ ਦੀ ਸਾਂਝ' ਸੰਸਥਾ ਅਤੇ ਝੀਤਾ ਪਰਿਵਾਰ ਦਾ ਹਾਰਦਿਕ ਧੰਨਵਾਦ ਕੀਤਾ ਅਤੇ ਨਾਲ ਹੀ ਇਸ ਵਿੱਚ ਸ਼ਾਮਲ ਨਕਦ-ਰਾਸ਼ੀ ਪੰਜਾਬ ਦੇ ਹੜ੍ਹ-ਪੀੜਤਾਂ ਨੂੰ ਪਹੁੰਚਾਉਣ ਲਈ ਬੇਨਤੀ ਕੀਤੀ।

ਪ੍ਰਧਾਨਗੀ-ਭਾਸ਼ਨ ਦੌਰਾਨ ਡਾ. ਵਰਿਆਮ ਸਿੰਘ ਸੰਧੂ ਨੇ ਹਰਦਿਆਲ ਝੀਤਾ ਨੂੰ ਉਨ੍ਹਾਂ ਦੀ ਪੁਸਤਕ 'ਤੇਰੇ ਬਾਝੋਂ' ਲੋਕ-ਅਰਪਿਤ ਹੋਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਇਸ ਵਿਚਲੀਆਂ 8-10 ਕਵਿਤਾਵਾਂ ਇਸ ਦੇ 'ਸੰਪੂਰਨ ਕਾਵਿ-ਪੁਸਤਕ' ਹੋਣ ਦੀ ਭਰਪੂਰ ਹਾਮੀ ਭਰਦੀਆਂ ਹਨ ਅਤੇ ਕਿਸੇ ਪੁਸਤਕ ਦੀ ਸਫ਼ਲਤਾ ਲਈ ਏਨੀਆਂ ਕਾਫ਼ੀ ਹੁੰਦੀਆਂ ਹਨ। ਸਤਿਗੁਰੂ ਰਾਮ ਸਿੰਘ ਬਾਰੇ ਪ੍ਰੋ. ਰਾਮ ਸਿੰਘ ਬਾਰੇ ਕਹੇ ਗਏ ਸ਼ਬਦਾਂ ਦੀ ਤਾਈਦ ਕਰਦਿਆਂ ਉਨ੍ਹਾਂ ਕਿਹਾ ਕਿ ਨਾਮਧਾਰੀ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੀ ਕੁਰਬਾਨੀ ਲਾਸਾਨੀ ਹੈ। ਸਮਾਜ ਸੁਧਾਰਕ ਵਜੋਂ ਉਨ੍ਹਾਂ ਦੀ ਭੂਮਿਕਾ ਦੀ ਪਸ਼ੰਸਾ ਕਰਦਿਆਂ ਕਈ ਬਹੁ-ਮੁੱਲੀਆਂ ਗੱਲਾਂ ਕਹੀਆਂ ਗਈਆਂ ਹਨ। ਪ੍ਰਿੰਸੀਪਲ ਸਰਵਣ ਸਿੰਘ ਹੁਰਾਂ ਨੂੰ ਇਸ ਐਵਾਰਡ ਦੀ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਵਿੱਚ ਉਹ ਆਮ ਤੌਰ 'ਤੇ ਉਹ 'ਖੇਡ-ਲੇਖਕ' ਵਜੋਂ ਜਾਣੇ ਜਾਂਦੇ ਹਨ ਪਰ ਉਹ ਕੇਵਲ ਖੇਡ-ਲੇਖਕ ਹੀ ਨਹੀਂ ਹਨ, ਬਲਕਿ ਉਨ੍ਹਾਂ ਨੇ ਕਈ ਖ਼ੂਬਸੂਰਤ ਕਹਾਣੀਆਂ ਤੇ ਸਫ਼ਰਨਾਮੇਂ ਵੀ ਲਿਖੇ ਹਨ ਅਤੇ ਉਨ੍ਹਾਂ ਦੀ ਸਵੈ-ਜੀਵਨੀ 'ਹਸੰਦਿਆਂ-ਖਿਲੰਦਿਆਂ' ਆਪਣੇ ਆਪ ਵਿੱਚ ਮਹਾਨ ਸਾਹਿਤਕ ਦਸਤਾਵੇਜ਼ ਹੈ। ਉਨ੍ਹਾਂ ਦੇ ਕਾਲਮ 'ਪਿੰਡ ਦੀ ਸੱਥ 'ਚੋਂ', 'ਖੇਡ ਦਰਸ਼ਨ', 'ਖੇਡ ਸੰਸਾਰ' ਆਦਿ ਬਹੁਤ ਸਾਰੇ ਅਖ਼ਬਾਰਾਂ ਤੇ ਰਿਸਾਲਿਆਂ ਵਿੱਚ ਕਈ ਕਈ ਸਾਲ ਚੱਲਦੇ ਰਹੇ ਹਨ। ਉਨ੍ਹਾਂ ਕਿਹਾ ਕਿ ਏਸੇ ਲਈ ਉਨ੍ਹਾਂ ਨੇ ਆਪਣੀ ਕਿਤਾਬ ਵਿੱਚ ਪ੍ਰਿੰਸੀਪਲ ਸਰਵਣ ਸਿੰਘ ਨੂੰ 'ਸਾਹਿਤ ਦਾ ਉੱਚਾ ਬੁਰਜ' ਕਿਹਾ ਹੈ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ 'ਕਲਮਾਂ ਦੀ ਸਾਂਝ' ਦੇ ਪ੍ਰਧਾਨ ਕਰਨੈਲ ਸਿੰਘ ਮਰਵਾਹਾ ਵੱਲੋਂ ਸਮੂਹ ਬੁਲਾਰਿਆਂ ਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰੋ. ਤਲਵਿੰਦਰ ਮੰਡ ਵੱਲੋਂ ਨਵੀਆਂ ਕਲਮਾਂ ਨੂੰ ਉਤਸ਼ਾਹਿਤ ਕਰਨ ਦੇ ਆਏ ਸੁਝਾਅ ਬਾਰੇ ਵਿਚਾਰ ਕੀਤੀ ਜਾਏਗੀ ਅਤੇ ਹੋ ਸਕਦਾ ਹੈ ਕਿ ਅਗਲੇ ਸਾਲ ਤੋਂ ਇਹ ਵੀ ਆਰੰਭ ਕਰ ਦਿੱਤਾ ਜਾਏ। ਸਮਾਗ਼ਮ ਦੇ ਅੰਤ 'ਤੇ ਸਾਰਿਆਂ ਨੇ ਮਿਲ ਕੇ ਪ੍ਰੀਤੀ-ਭੋਜਨ ਦਾ ਅਨੰਦ ਮਾਣਿਆਂ।

# 'ਪਾਕਿਸਤਾਨ ਡੇਲੀ' ਦੇ ਪੱਤਰਕਾਰ ਮੀਆਂ ਸਰਫ਼ਰਾਜ਼ ਅਲੀ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨਾਲ ਹੋਏ ਰੂ-ਬ-ਰੂ



ਬਰੈਂਪਟਨ, (ਡਾ. ਝੰਡ): ਲਾਹੌਰ ਤੋਂ ਛਪਦੇ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ 'ਪਾਕਿਸਤਾਨ ਡੇਲੀ' ਦੇ ਸੀਨੀਅਰ ਪੱਤਰਕਾਰ ਮੀਆਂ ਸਰਫ਼ਰਾਜ਼ ਅਲੀ ਪਿਛਲੇ ਹਫ਼ਤੇ ਟੋਰਾਂਟੋ ਡਾਊਨ ਟਾਊਨ ਵਿਖੇ ਹੋਏ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ ਦੀ ਰੀਪੋਰਟਿੰਗ ਕਰਨ ਲਈ ਉਚੇਚੇ ਤੌਰ 'ਤੇ 5 ਸਤੰਬਰ ਨੂੰ ਟੋਰਾਂਟੋ ਆਏ ਸਨ। 6 ਸਤੰਬਰ ਤੋਂ 13 ਸਤੰਬਰ ਤੱਕ ਹਫ਼ਤਾ-ਭਰ ਚੱਲੇ ਇਸ ਫ਼ਿਲਮ ਫ਼ੈਸਟੀਵਲ ਨੂੰ ਕੱਵਰ ਕਰਨ ਤੋਂ ਬਾਅਦ ਆਪਣਾ ਕੰਮ ਮੁਕਾ ਕੇ ਉਨ੍ਹਾਂ ਲੰਘੇ ਸ਼ਨੀਵਾਰ 13 ਸਤੰਬਰ ਨੂੰ ਉਨ੍ਹਾਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਨਾਲ 'ਕਿੰਗ ਤੰਦੂਰੀ' ਵਿਖੇ ਰਾਤ ਦੇ ਖਾਣੇ 'ਤੇ ਗੱਲਬਾਤ ਕੀਤੀ ਜੋ ਕਿ ਸ਼ਾਨਦਾਰ ਰੂ-ਬ-ਰੂ ਦਾ ਰੂਪ ਧਾਰ ਗਈ।

ਆਪਣੇ ਬਾਰੇ ਦੱਸਦਿਆਂ ਹੋਇਆਂ ਸਰਫ਼ਰਾਜ਼ ਅਲੀ ਨੇ ਕਿਹਾ ਕਿ ਦੋ ਦਹਾਕੇ ਪਹਿਲਾਂ ਉਹ ਪੱਤਰਕਾਰੀ ਦੇ ਖ਼ੇਤਰ ਵਿੱਚ ਆਏ ਅਤੇ ਅੱਜਕੱਲ੍ਹ 'ਪਾਕਿਸਤਾਨ ਡੇਲੀ' ਵਿੱਚ 'ਸਪੋਰਟਸ ਐਂਡ ਐਂਟਰਟੇਨਮੈਂਟ' ਸੈੱਕਸ਼ਨ ਦੇ ਸੀਨੀਅਰ ਰੀਪੋਰਟਰ ਵਜੋਂ ਕੰਮ ਕਰ ਰਹੇ ਹਨ। ਟੋਰਾਂਟੋ ਡਾਊਨਟਾਊਨ ਵਿਖੇ ਪਿਛਲੇ ਹਫ਼ਤੇ ਹੋਏ ਫ਼ਿਲਮ ਫੈੱਸਟੀਵਲ ਦੀ ਕੱਵਰੇਜ ਲਈ ਦਫ਼ਤਰ ਵੱਲੋਂ ਉਨ੍ਹਾਂ ਦੀ ਡਿਊਟੀ ਲਗਾਈ ਗਈ ਅਤੇ ਉਹ ਅੱਜ ਹੀ ਉੱਥੋਂ ਵਿਹਲੇ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਪੂਰਾ ਹਫ਼ਤਾ ਅੰਗਰੇਜ਼ੀ ਬੋਲ-ਬੋਲ ਕੇ ਥੱਕ ਗਏ ਸਨ ਅਤੇ ਅੱਜ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ ਨਾਲ ਪੰਜਾਬੀ ਵਿੱਚ ਗੱਲਬਾਤ ਕਰਕੇ ਉਨ੍ਹਾਂ ਨੂੰ ਬੜਾ ਸਕੂਨ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਹ ਅਹਿਮਦ ਰਜ਼ਾ, ਅੰਜੁਮ ਗਿੱਲ, ਫ਼ੈਸਲ ਅਲੀ ਤੇ ਹੋਰ ਸਾਥੀਆਂ ਵੱਲੋਂ 2014 ਤੋਂ ਸਫ਼ਲਤਾ ਪੂਰਵਕ ਚਲਾਈ ਜਾ ਰਹੀ ਸੰਸਥਾ 'ਪੰਜਾਬੀ ਪ੍ਰਚਾਰ ਆਰਗੇਨਾਈਜ਼ੇਸ਼ਨ' ਦੇ ਵਾਈਸ-ਪ੍ਰੈਜ਼ੀਡੈਂਟ ਹਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਇਹ ਸੰਸਥਾ ਦੋਹਾਂ ਪੰਜਾਬਾਂ ਵਿਚਕਾਰ ਸਾਹਿਤਕ ਅਤੇ ਸੱਭਿਆਚਾਰਕ ਸਾਂਝ ਲਈ ਵੱਡਮੁੱਲਾ ਯੋਗਦਾਨ ਪਾ ਰਹੀ ਹੈ। ਇਸ ਦੇ ਮੈਂਬਰ ਚੜ੍ਹਦੇ ਪੰਜਾਬ ਦੇ ਸਾਹਿਤਕਾਰਾਂ ਅਤੇ ਕਲਾਕਾਰਾਂ ਲਈ ਪੁਲ਼ ਦਾ ਕੰਮ ਰਹੀ ਹੈ। ਇਸ ਸੰਸਥਾ ਨੇ ਹੁਣ ਤੀਕ ਦੋ ਆਲਮੀ ਕਾਨਫ਼ਰੰਸਾਂ ਕਰਵਾਈਆਂ ਹਨ ਜਿਨ੍ਹਾਂ ਵਿੱਚ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਭਾਰਤ, ਜਰਮਨੀ, ਇਟਲੀ, ਆਦਿ ਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਆਏ ਸਾਹਿਤਕਾਰਾਂ ਤੇ ਕਲਾਕਾਰਾਂ ਨੇ ਇਨ੍ਹਾਂ ਵਿੱਚ ਸ਼ਿਰਕਤ ਕੀਤੀ ਜਿਸ ਸਦਕਾ ਇਹ ਦੋਵੇਂ ਕਾਨਫ਼ਰੰਸਾਂ ਪੂਰੀ ਤਰ੍ਹਾਂ ਸਫ਼ਲ ਹੋਈਆਂ ਹਨ। ਸੰਸਥਾ ਵੱਲੋਂ ਹੁਣ ਤੀਸਰੀ ਆਲਮੀ ਕਾਨਫ਼ਰੰਸ ਦਸੰਬਰ ਦੇ ਪਹਿਲੇ ਹਫ਼ਤੇ ਕਰਵਾਈ ਜਾ ਰਹੀ ਹੈ ਜਿਸ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਵੱਲੋਂ ਨਿੱਘਾ ਸੱਦਾ ਦਿੱਤਾ ਗਿਆ। ਲਹਿੰਦੇ ਪੰਜਾਬ ਵਿੱਚ ਸਕੂਲਾਂ ਵਿੱਚ ਪੰਜਾਬੀ ਜ਼ਰੂਰੀ ਵਿਸ਼ੇ ਵੱਲੋਂ ਸ਼ੁਰੂ ਕਰਨ ਬਾਰੇ ਉਨ੍ਹਾਂ ਦੱਸਿਆ ਕਿ ਇਸ ਉੱਪਰ ਤੇਜ਼ੀ ਨਾਲ ਅਮਲ ਹੋ ਰਿਹਾ ਹੈ। ਪੰਜਾਬੀ ਅਧਿਆਪਕਾਂ ਦੀ ਫ਼ਿਲਹਾਲ ਘਾਟ ਹੋਣ ਕਰਕੇ ਇਹ ਅਜੇ ਕੁਝ ਸਕੂਲਾਂ ਵਿੱਚ ਸ਼ੁਰੂ ਕਰਵਾਈ ਜਾਏਗੀ ਅਤੇ ਹੌਲ਼ੀ-ਹੌਲ਼ੀ ਇਹ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਲਾਗੂ ਹੋ ਜਾਏਗੀ। ਦੋਹਾਂ ਪੰਜਾਬਾਂ ਵਿੱਚ ਆਏ ਹੋਏ ਹੜ੍ਹਾਂ ਕਾਰਨ ਬਣੀ ਗੰਭੀਰ ਸਥਿਤੀ ਬਾਰੇ ਹੋਈ ਚਰਚਾ ਦੌਰਾਨ ਉਨ੍ਹਾਂ ਦੱਸਿਆ ਕਿ ਇਨ੍ਹਾਂ ਹੜ੍ਹਾਂ ਨਾਲ ਦੋਹਾਂ ਪੰਜਾਬਾਂ ਵਿੱਚ ਹੀ ਬੜਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਆਮ ਲੋਕ ਅਤੇ ਬਹੁਤ ਸਾਰੀਆਂ ਐੱਨ.ਜੀ.ਓਜ਼. ਹੜ੍ਹ-ਪੀੜਤਾਂ ਦੀ ਕਾਫ਼ੀ ਮਦਦ ਕਰ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਾਰੇ ਸਹਿਯੋਗੀ ਇਸ ਸਮੇਂ ਪੰਜਾਬ ਵਿੱਚ ਆਏ ਹੋਏ ਹੜ੍ਹਾਂ ਦੇ ਪੀੜਤਾਂ ਦੀ ਸਹਾਇਤਾ ਵਿੱਚ ਜੁੱਟੇ ਹੋਏ ਹਨ ਅਤੇ ਉਹ ਵੀ ਇੱਥੋਂ 15 ਸਤੰਬਰ ਨੂੰ ਉੱਥੇ ਪਹੁੰਚ ਕੇ ਉਨ੍ਹਾਂ ਵਿੱਚ ਸ਼ਾਮਲ ਹੋ ਜਾਣਗੇ।

ਆਪਣੀ ਇਸ ਗੱਲਬਾਤ ਦੌਰਾਨ ਉਨ੍ਹਾਂ ਦੋਹਾਂ ਪੰਜਾਬਾਂ ਵਿਚਕਾਰ ਸਮਾਜਿਕ ਤੇ ਸੱਭਿਆਚਾਰਕ ਸਾਂਝ ਅਤੇ ਆਪਸੀ ਮਿਲਵਰਤਣ ਵਧਾਉਣ ਉੱਪਰ ਜ਼ੋਰ ਦਿੰਦਿਆਂ ਕਿਹਾ ਕਿ ਇਸ ਦੀ ਬਹੁਤ ਜ਼ਰੂਰਤ ਹੈ। ਦੋਹਾਂ ਦੇਸ਼ਾਂ ਵਿਚਕਾਰ ਵਿਉਪਾਰ ਨੂੰ ਵਧਾਉਣਾ ਚਾਹੀਦਾ ਹੈ। ਇਹ ਦੋਹਾਂ ਲਈ ਹੀ ਲਾਭਦਾਇਕ ਹੈ। ਦੋਹਾਂ ਦੇਸ਼ਾਂ ਦੇ ਲੋਕ ਇੱਕ-ਦੂਸਰੇ ਨੂੰ ਮਿਲਣਾ ਚਾਹੁੰਦੇ ਹਨ ਪਰ ਪਤਾ ਨਹੀਂ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਇਹ ਕਿਉਂ ਨਹੀਂ ਚਾਹੁੰਦੀਆਂ। ਸਭਾ ਦੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਕਈ ਸੁਆਲ ਪੁੱਛੇ ਗਏ ਜਿਨ੍ਹਾਂ ਦੇ ਜੁਆਬ ਉਨ੍ਹਾਂ ਨੇ ਪੂਰੇ ਤਸੱਲੀ ਪੂਰਵਕ ਦਿੱਤੇ। ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਮੀਆਂ ਸਰਫ਼ਰਾਜ਼ ਅਲੀ ਵੱਲੋਂ ਸਭਾ ਦੇ ਮੈਂਬਰਾਂ ਨੂੰ ਆਪਣਾ ਕੀਮਤੀ ਸਮਾਂ ਦੇਣ ਲਈ ਧੰਨਵਾਦ ਕੀਤਾ ਗਿਆ। ਮੀਆਂ ਜੀ ਨੇ ਵੀ ਸਭਾ ਦੇ ਸਮੂਹ ਮੈਂਬਰਾਂ ਦਾ ਲਜ਼ੀਜ਼ ਖਾਣੇ ਅਤੇ ਇਸ ਦੌਰਾਨ ਹੋਈ ਸਾਰਥਿਕ ਗੱਲਬਾਤ ਲਈ ਸਾਰਿਆਂ ਦਾ ਤਹਿ-ਦਿਲੋਂ ਸ਼ੁਕਰੀਆ ਅਦਾ ਕੀਤਾ।

ਖਾਣੇ ਤੋਂ ਬਾਅਦ ਉਨ੍ਹਾਂ ਨੂੰ ਇੱਕ ਗਰਮ ਲੋਈ ਅਤੇ ਸਭਾ ਵੱਲੋਂ ਸਰਟੀਫ਼ੀਕੇਟ ਨਾਲ ਸਨਮਾਨਿਤ ਕੀਤਾ ਗਿਆ। ਲਹਿੰਦੇ ਪੰਜਾਬ ਦੇ ਹੜ-ਪੀੜਤਾਂ ਲਈ ਮਦਦ ਲਈ ਉਨ੍ਹਾਂ ਨੂੰ ਕੁਝ ਰਾਸ਼ੀ ਵੀ ਭੇਂਟ ਕੀਤੀ ਗਈ। ਇਸ ਦੌਰਾਨ ਸਭਾ ਦੇ ਮੀਡੀਆ ਕੋਆਰਡੀਨੇਟਰ ਡਾ. ਸੁਖਦੇਵ ਸਿੰਘ ਵੱਲੋਂ ਉਨ੍ਹਾਂ ਨੂੰ ਫ਼ਰਵਰੀ 2023 ਵਿੱਚ ਕੀਤੀ ਗਈ ਲਹਿੰਦੇ ਪੰਜਾਬ ਦੀ ਆਪਣੀ ਯਾਤਰਾ ਬਾਰੇ ਗੁਰਮੁਖੀ ਤੇ ਸ਼ਾਹਮੁਖੀ ਦੋਹਾਂ ਲਿਪੀਆਂ ਵਿੱਚ ਛਪੀ ਨਵ-ਪ੍ਰਕਾਸ਼ਿਤ ਪੁਸਤਕ 'ਪੁਰਖ਼ਿਆਂ ਦਾ ਦੇਸ : ਸਫ਼ਰਨਾਮਾ' ਭੇਂਟ ਕੀਤੀ ਗਈ।

GTA Plumbing & Electrical Supplies
GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ




ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ਼ ਤੋਂ ਛੁੜਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

# ਪਦਾਰਥਵਾਦ 'ਚ ਅਸੀਂ ਇੱਕ ਦੂਸਰੇ ਦੀਆਂ ਜੜ੍ਹਾਂ ਕਿਉਂ ਵੱਡਦੇ ਹਾਂ?




ਪਦਾਰਥਵਾਦ (Materialism) ਇੱਕ ਅਜਿਹੀ ਵਿਚਾਰਧਾਰਾ ਹੈ ਜੋ ਇਹ ਮੰਨਦੀ ਹੈ ਕਿ ਸਾਰਾ ਸੰਸਾਰ ਅਤੇ ਜੀਵਨ ਦਾ ਹਰ ਪੱਖ ਕੇਵਲ ਭੌਤਿਕ ਪਦਾਰਥਾਂ 'ਤੇ ਆਧਾਰਤ ਹੈ। ਇਹ ਵਿਚਾਰ ਧਾਰਾ ਮਨੁੱਖ ਦੇ ਲਾਲਚ, ਖਾਰ, ਅੰਦਰੂਨੀ ਸਾੜ ਦੇ ਤੱਥਾਂ ਅਤੇ ਪਦਾਰਥਵਾਦ ਦੇ ਮੋਹ ਮਾਇਆ ਦੇ ਤਰਕ ਦੀ ਆਧਾਰਤਾ 'ਤੇ ਟਿਕੀ ਹੋਈ ਹੈ। ਪਰ ਅਜਿਹੇ ਵਿਚਾਰਧਾਰਾ ਵਿੱਚ ਅਕਸਰ ਇੱਕ ਗੰਭੀਰ ਸਮਾਜਕ ਅਤੇ ਮਨੋਵਿਗਿਆਨਕ ਪ੍ਰਸ਼ਨ ਉਭਰਦਾ ਹੈ –"ਅਸੀਂ ਅੱਗੇ ਵੱਧਣ ਲਈ ਇੱਕ ਦੂਸਰੇ ਦੀਆਂ ਜੜ੍ਹਾਂ ਕਿਉਂ ਵੱਡਦੇ ਹਾਂ?"।

ਪਦਾਰਥਵਾਦ ਦੀ ਸੰਕਲਪਨਾ ਅੰਦਰੋਂ ਬਹੁਤ ਗੈਰ ਤਰਕਸ਼ੀਲ ਅਤੇ ਮਨੁੱਖੀ ਵਿਕਾਰਾਂ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦੀ ਹੈ। ਪਰ ਇਸ ਵਿੱਚ ਇੱਕ ਅਹੰਕਾਰਿਕ ਸੰਕਲਪਨਾ ਵੀ ਨਜ਼ਰ ਆਉਂਦੀ ਹੈ ਕਿ ਹਰ ਚੀਜ਼ ਦੀ ਜੜ੍ਹ ਤਕ ਪਹੁੰਚ ਕੇ ਉਹ ਕਮਜ਼ੋਰੀ ਨੂੰ ਸਮਝਿਆ ਜਾ ਸਕੇ ਜੋ ਚੜ੍ਹਤ ਵੱਲ ਕਦਮ ਵੱਧਾ ਰਹੇ ਵਿਅਕਤੀ ਦੀ ਯਾਤਰਾ ਨੂੰ ਰੋਕ ਜਾਂ ਪ੍ਰਭਾਵਿਤ ਕਰ ਸਕੇ। ਅਸੀਂ ਇਕ ਦੂਸਰੇ ਦੀਆਂ ਜੜ੍ਹਾਂ ਵੱਡਣ ਦੀ ਕੋਸ਼ਿਸ਼ ਇਸ ਲਏ ਕਰਦੇ ਹਾਂ ਤਾਂ ਜੋ ਉਸ ਵਿਅਕਤੀ ਨਾਲੋਂ ਆਪਣਾ ਸਮਾਜ ਦੀ ਸਮਝ ਅਨੁਸਾਰ ਵੱਡਾਪਣ ਸਾਬਿਤ ਹੋ ਸਕੇ ਪਰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਵਿਅਕਤੀ ਦੀ ਗੁੰਝਲਦਾਰਤਾ, ਆਤਮਿਕਤਾ ਅਤੇ ਅਹਿਸਾਸ ਦੀ ਭੂਮਿਕਾ ਵੀ ਬੇਮਿਸਾਲ ਹੁੰਦੀ ਹੈ ਅਤੇ ਇਹ ਹੀ ਉਸ ਦੀ ਚੜ੍ਹਦੀ ਕਲਾ ਦਾ ਮੂਲ ਸਰੋਤ ਹੁੰਦੀ ਹੈ। ਪਦਾਰਥਵਾਦੀ ਢੰਗ ਨਾਲ ਜਦੋਂ ਵੀ ਅਸੀਂ ਇਹ ਨਕਰਾਤਮਕ ਕੋਸ਼ਿਸ਼ ਕਰੀਏ ਤਾਂ ਸਾਨੂੰ ਆਪਣੇ ਕਿਰਦਾਰ,ਆਤਮ-ਪ੍ਰਤੀਬਿੰਬ ਅਤੇ ਸਵੈ-ਸਮਝ ਦੀ ਅਧਿਆਤਮਕ ਸ਼ੀਸ਼ੇ ਵਿੱਚ ਝਾਤ ਮਾਰ ਲੈਣ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ।

**1. ਪਦਾਰਥਵਾਦੀ ਸੋਚ ਦਾ ਅਧਾਰ**

ਪਦਾਰਥਵਾਦ ਅਨੁਸਾਰ ਮਨੁੱਖ ਨੂੰ ਦੁਨੀਆਂ ਵਿੱਚ ਸਰੀਰਕ ਖੁੱਸ਼ੀ ਅਤੇ ਆਤਮਿਕ ਸ਼ਾਂਤੀ ਸਿਰਫ ਭੌਤਿਕ ਪਦਾਰਥ ਦੀ ਪ੍ਰਾਪਤੀ ਨਾਲ ਹੀ ਮਿਲ ਸਕਦੀ ਹੈ। ਮਨ, ਚਿੰਤਨ, ਸੰਵੇਦਨਾਵਾਂ ਅਤੇ ਅਹੰਕਾਰ ਵੀ ਆਖਿਰ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਪਦਾਰਥਕ ਸਰੂਪ ਵਿੱਚ ਹੀ ਵੇਖੇ ਜਾਂਦੇ ਹਨ। ਇਹ ਦ੍ਰਿਸ਼ਟੀਕੋਣ ਸਮਾਜ ਅਤੇ ਜੀਵਨ ਨੂੰ ਇਕ ਨਕਰਾਤਮਕ ਢੰਗ ਨਾਲ ਦੇਖਣ ਲਈ ਪ੍ਰੇਰਿਤ ਕਰਦਾ ਹੈ। ਇਸ ਕਾਰਨ ਕਈ ਵਾਰੀ ਲੋਕ ਇਕ ਦੂਸਰੇ ਦੇ ਗੁਣਾਂ, ਚੜ੍ਹਾਈ,ਪ੍ਰਗਟਾਵੇ ਜਾਂ ਅਹੰਕਾਰ ਤੋਂ ਖਾਰ ਖਾਂਦੇ ਹਨ ਅਤੇ ਚੜ੍ਹਦੀ ਕਲਾਂ ਵਾਲੇ ਵਿਅਕਤੀ ਦੀਆਂ ਜੜ੍ਹਾਂ ਵੱਡਣ ਦੀ ਕੋਸ਼ਿਸ਼ ਕਰਦੇ ਹਨ। ਇਹ ਉਹ ਇਸ ਲਾਲਚ ਵੱਸ ਕਰਦੇ ਹਨ ਤਾਂ ਕਿ ਉਹ ਆਪਣੇ ਤੋਂ ਸਰਵੋਤਮ ਦੀਆਂ ਕਮਜ਼ੋਰੀਆਂ ਜਾਂ ਮਨੋਵਿਗਿਆਨਕ ਤਰੁੱਟੀਆਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਅਤੇ ਉਸ ਤੋਂ ਅੱਗੇ ਵੱਧਣ ਲਈ ਨਕਰਾਤਮਕ ਕਾਰਜ ਉਲੀਕੇ ਹਨ।

**2. ਜ਼ਰੂਰਤ**

ਪਦਾਰਥਵਾਦ ਵਿੱਚ "ਵਿਕਾਸ" ਅਤੇ " ਪੈਸੇ, ਰੰਗ ਰੂਪ, ਅਹੁਦੇ ਦੇ ਪ੍ਰਗਟਾਵੇ" ਨੂੰ ਤਰੱਕੀ ਦਾ ਮੂਲ ਮੰਨਿਆ ਜਾਂਦਾ ਹੈ। ਇਸ ਲਈ ਅਸੀਂ ਜਦੋਂ ਕਿਸੇ ਨੂੰ ਸਮਝਣ ਜਾਂ ਨਿੰਦਾ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਉਸ ਦੀਆਂ ਜੜ੍ਹਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੇ ਹਾਂ। ਇਹ ਦ੍ਰਿਸ਼ਟੀਕੋਣ ਨਕਰਾਤਮਕ ਤਰਕ ਅਤੇ ਤੱਥ ਦੀ ਆਧਾਰਤਾ ਤੋਂ ਆਉਂਦਾ ਹੈ। ਉਦਾਹਰਨ ਲਈ ਕਿਸੇ ਵਿਅਕਤੀ ਦੀ ਚੜ੍ਹਦੀ ਕਲਾ ਦੇ ਪਿੱਛੇ ਉਸਦੇ ਬਚਪਨ ਦੇ ਅਨੁਭਵ ਜਾਂ ਪਿਛੋਕੜ ਦੇ ਸਬਕ ਆਉਂਦੇ ਹਨ ਅਤੇ ਖਾਰ ਖਾਣ ਵਾਲਾ ਬਸ ਹਾਨੀ ਪਹੁੰਚਾਉਣ ਲਈ ਮੌਕੇ ਦੀ ਤਲਾਸ਼ ਵਿੱਚ ਰਹਿੰਦਾ ਹੈ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਵਿਅਕਤੀ ਦੀ ਚੜ੍ਹਤ ਵਾਲੀ ਪਤੰਗ ਦੀ ਡੋਰ ਕੱਟੀ ਜਾਵੇ।

**3. ਮਨੋਵਿਗਿਆਨਕ ਦ੍ਰਿਸ਼ਟੀਕੋਣ**

ਪਦਾਰਥਵਾਦ ਦਾ ਮਨੋਵਿਗਿਆਨਕ ਪਹਿਲੂ ਇਹ ਮੰਨਦਾ ਹੈ ਕਿ ਅੰਦਰੂਨੀ ਸਾੜ ਅਤੇ ਨਫ਼ਰਤਾਂ ਵਾਲੇ ਮਨੁੱਖੀ ਵਰਤਾਰੇ ਅਤੇ ਚਿੰਤਨ ਤੰਤਰ ਵੀ ਮਸ਼ੀਨੀ ਤਰੀਕੇ ਨਾਲ ਕਾਰਜ ਕਰਦੇ ਹਨ। ਇਸ ਦ੍ਰਿਸ਼ਟੀਕੋਣ ਅਨੁਸਾਰ ਅਸੀਂ ਆਪਣੇ ਤੋਂ ਅੱਗੇ ਵੱਧਣ ਵਾਲਿਆਂ ਦੀਆਂ ਜੜ੍ਹਾਂ ਇਸਲਈ ਵੱਡਦੇ ਹਾਂ ਤਾਂ ਜੋ ਮਨੁੱਖੀ ਵਿਹਾਰ ਦੀ ਖਾਰ ਖਾਣ ਦੀ ਆਦਤ ਦਾ ਵਿਗਿਆਨਕ ਤੌਰ 'ਤੇ ਸਮਝੌਤਾ ਕੀਤਾ ਜਾ ਸਕੇ। ਇਸ ਤਰੁੱਟੀ ਨੂੰ ਚਿੰਤਨ ਕਰਕੇ ਵਿਅਕਤੀ ਦੇ ਕੰਮਾਂ ਦਾ ਪਿੱਛੋਕੜ ਜਾਂ ਮੂਲ ਕਾਰਨ ਖੋਜ ਕੇ ਉਸਦੇ ਵਿਉਹਾਰ ਨੂੰ ਸੁਧਾਰਿਆ ਜਾ ਸਕੇ।

**4. ਸਮਾਜਿਕ ਪ੍ਰਭਾਵ**

ਪਦਾਰਥਵਾਦੀ ਸਮਾਜਿਕ ਸੰਰਚਨਾ ਵਿੱਚ ਵਿਅਕਤੀ ਦੀ ਪਛਾਣ ਉਸਦੇ ਸਮਾਜਿਕ ਸਥਾਨ, ਆਰਥਿਕ ਹਾਲਤ ਅਤੇ ਤਕਨੀਕੀ ਉਪਲੱਬਧੀਆਂ ਉੱਤੇ ਨਿਰਭਰ ਹੁੰਦੀ ਹੈ। ਅਸੀਂ ਇਕ ਦੂਸਰੇ ਦੀਆਂ ਜੜ੍ਹਾਂ ਵੱਡਦੇ ਹਾਂ ਤਾਂ ਜੋ ਸਮਾਜਿਕ ਤੌਰ 'ਤੇ ਆਪਣੇ ਲਈ ਇੱਕ ਪੱਕੀ ਸਥਿਤੀ ਬਣਾਈ ਜਾ ਸਕੇ। ਇਹ ਪ੍ਰਵਿਰਤੀ ਜ਼ਿਆਦਾਤਰ ਪੈਸਾ, ਸ਼ਕਤੀ, ਰੂਪ ਆਦਿ ਨਾਲ ਸੰਬੰਧਤ ਹੋ ਜਾਂਦੀ ਹੈ। ਅਕਸਰ ਵਿਅਕਤੀਆਂ ਦੀਆਂ ਜੜ੍ਹਾਂ ਵੱਡਕੇ ਕੇ ਉਹਨਾਂ ਦੀ ਮਿਆਰੀ ਪਛਾਣ ਅਤੇ ਦਰਜਾ ਤੈਅ ਕੀਤਾ ਜਾਂਦਾ ਹੈ।

**5. ਆਲੋਚਨਾਤਮਕ ਸੰਕੇਤ**

ਜਦੋਂ ਅਸੀਂ ਦੂਸਰੇ ਦੀਆਂ ਜੜ੍ਹਾਂ ਵੱਡਦੇ ਹਾਂ ਤਾਂ ਇਹ ਵੀ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਸਿਰਫ ਭੌਤਿਕ ਪਦਾਰਥਾਂ ਦੀ ਲਾਲਸਾ ਜਾਂ ਇੱਛਾ ਹਮੇਸ਼ਾ ਲਾਭਦਾਇਕ ਹੋ ਸਕਦੀ ਹੈ? ਅਕਸਰ ਅਹਿਸਾਸ, ਸੰਵੇਦਨਾਤਮਕ ਅਨੁਭਵ ਅਤੇ ਆਤਮਿਕ ਤੱਤਾਂ ਨੂੰ ਵਿਸ਼ਲੇਸ਼ਣ ਦੇ ਅੰਦਰ ਲਿਆਉਣਾ ਔਖਾ ਹੁੰਦਾ ਹੈ। ਇਸ ਲਈ ਪਦਾਰਥਵਾਦ ਇਕ ਪਾਸੇ ਵੱਡਾ ਨਕਰਾਤਮਕ ਰੂਪ ਲੈਂਦਾ ਹੈ, ਪਰ ਦੂਜੇ ਪਾਸੇ ਮਨੁੱਖਤਾ ਦੀਆਂ ਅਨਮੋਲ ਗੁਣਾਂ ਨੂੰ ਗ਼ੈਰ-ਭੌਤਿਕ ਤੌਰ 'ਤੇ ਵੀ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਵਿੱਚ ਕਾਮਯਾਬ ਵੀ ਹੋ ਜਾਂਦਾ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਕੀ ਤੁਹਾਡੀ ਵੀ ਮਿੱਠੇ ਤੋਂ ਪ੍ਰਹੇਜ਼ ਤੇ ਸਮੇਂ ਸਿਰ ਦਵਾਈ ਲੈਣ ਦੇ ਬਾਵਜੂਦ ਵਧੀ ਰਹਿੰਦੀ ਹੈ ਸ਼ੂਗਰ?




ਬਹੁਤ ਸਾਰੇ ਲੋਕਾਂ ਨੂੰ ਇਹ ਗਲਤਫਹਮੀ ਹੁੰਦੀ ਹੈ ਕਿ ਖ਼ੂਨ 'ਚ ਸ਼ੂਗਰ ਲੈਵਲ ਵਧਣਾ (High Blood Sugar) ਸਿਰਫ ਮਠਿਆਈ, ਚਾਕਲੇਟ ਜਾਂ ਸਵੀਟ ਡ੍ਰਿੰਕਸ ਨਾਲ ਹੁੰਦਾ ਹੈ। ਇਸ ਲਈ, ਜਦੋਂ ਕੋਈ ਵਿਅਕਤੀ ਮਿੱਠਾ ਖਾਣਾ ਛੱਡ ਦਿੰਦਾ ਹੈ ਤੇ ਫਿਰ ਵੀ ਉਸਦਾ ਸ਼ੂਗਰ ਲੈਵਲ ਹਾਈ ਰਹਿੰਦਾ ਹੈ ਤਾਂ ਇਹ ਹੈਰਾਨੀ ਤੇ ਚਿੰਤਾ ਦਾ ਕਾਰਨ ਬਣ ਜਾਂਦਾ ਹੈ।

ਨ ਟ ਸ ਜਿਹਿਅ ਂ

ਅਜਿਹੇ 'ਚ ਇਹ ਸਮਝਣਾ ਜ਼ਰੂਰੀ ਹੈ ਕਿ ਡਾਇਬਟੀਜ਼ ਕੰਟਰੋਲ 'ਚ ਨਾ ਰਹਿਣ ਦੇ ਪਿੱਛੇ ਹੋਰ ਵੀ ਕਈ ਕਾਰਨ ਜ਼ਿੰਮੇਵਾਰ ਹੁੰਦੇ ਹਨ। ਸਿਰਫ ਮਿੱਠਾ ਛੱਡਣਾ ਜਾਂ ਸਮੇਂ ਸਿਰ ਦਵਾਈਆਂ ਲੈਣਾ ਸ਼ੂਗਰ ਲੈਵਲ ਨੂੰ ਕੰਟਰੋਲ ਕਰਨ ਲਈ ਕਾਫੀ ਨਹੀਂ ਹੈ। ਇਸ ਤੋਂ ਇਲਾਵਾ ਹੋਰ ਕੁਝ ਗੱਲਾਂ 'ਤੇ ਵੀ ਧਿਆਨ ਦੇਣਾ ਜ਼ਰੂਰੀ ਹੈ। ਆਓ ਜਾਣੀਏ ਕਿ ਕਿਹੜੀਆਂ ਵਜ੍ਹਾ (Reasons of Uncontrolled Diabetes) ਨਾਲ ਖ਼ੂਨ 'ਚ ਸ਼ੂਗਰ ਲੈਵਲ ਵਧ ਸਕਦਾ ਹੈ।

**ਜ਼ਿਆਦਾ ਕਾਰਬੋਹਾਈਡਰੇਟ ਵਾਲਾ ਖਾਣਾ**

ਮਿੱਠਾ ਨਾ ਖਾਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਸਰੀਰ 'ਚ ਸ਼ੂਗਰ ਦੀ ਮਾਤਰਾ ਨਹੀਂ ਵਧੇਗੀ। ਕਾਰਬੋਹਾਈਡਰੇਟ ਸਰੀਰ 'ਚ ਜਾ ਕੇ ਗਲੂਕੋਜ਼ 'ਚ ਬਦਲ ਜਾਂਦੇ ਹਨ। ਇਸ ਲਈ, ਜੇ ਤੁਸੀਂ ਮਿੱਠਾ ਛੱਡ ਕੇ ਵੀ ਰੋਟੀ, ਚਾਵਲ, ਆਲੂ, ਪਾਸਤਾ, ਬ੍ਰੈਡ, ਨੂਡਲਜ਼ ਜਾਂ ਪ੍ਰੋਸੈਸਡ ਸਨੈਕਸ ਜਿਹੀਆਂ ਚੀਜ਼ਾਂ ਬਹੁਤ ਜ਼ਿਆਦਾ ਖਾਂਦੇ ਹੋ ਤਾਂ ਇਹ ਤੁਹਾਡੇ ਖ਼ੂਨ 'ਚ ਸ਼ੂਗਰ ਲੈਵਲ ਨੂੰ ਤੇਜ਼ੀ ਨਾਲ ਵਧਾ ਸਕਦੀਆਂ ਹਨ। ਇਸ ਲਈ ਕਾਰਬੋਹਾਈਡਰੇਟ ਦੀ ਮਾਤਰਾ 'ਤੇ ਕੰਟਰੋਲ ਜ਼ਰੂਰੀ ਹੈ।

**ਹਾਈ ਗਲਾਈਸੈਮਿਕ ਇੰਡੈਕਸ ਵਾਲਾ ਖਾਣਾ**

ਕੁਝ ਖੁਰਾਕਾਂ ਐਸੀਆਂ ਹੁੰਦੀਆਂ ਹਨ ਜੋ ਬਿਨਾਂ ਮਿੱਠੇ ਦੇ ਹੋਣ ਦੇ ਬਾਵਜੂਦ ਬਲੱਡ ਸ਼ੂਗਰ ਨੂੰ ਤੇਜ਼ੀ ਨਾਲ ਵਧਾਉਂਦੀਆਂ ਹਨ। ਇਨ੍ਹਾਂ ਨੂੰ ਹਾਈ ਗਲਾਈਸੈਮਿਕ ਇੰਡੈਕਸ ਫੂਡ ਕਿਹਾ ਜਾਂਦਾ ਹੈ। ਉਦਾਹਰਨ ਵਜੋਂ ਸਫੈਦ ਬ੍ਰੈਡ, ਸਫੈਦ ਚਾਵਲ, ਆਲੂ, ਤਰਬੂਜ਼ ਤੇ ਕੋਰਨਫਲੇਕਸ ਜਿਹੀਆਂ ਖੁਰਾਕਾਂ ਤੇਜ਼ੀ ਨਾਲ ਪਚਦੀਆਂ ਹਨ ਅਤੇ ਸਰੀਰ ਵਿਚ ਸ਼ੁਗਰ ਦੀ ਮਾਤਰਾ ਇਕਦਮ ਵਧਾ ਦਿੰਦੀਆਂ ਹਨ। ਇਸ ਦੇ ਉਲਟ ਦਾਲਾਂ, ਹਰੀਆਂ ਪੱਤੇਦਾਰ ਸਬਜ਼ੀਆਂ, ਸਾਬਤ ਅਨਾਜ ਤੇ

ਲ ਅ
ਗਲਾਈਸੈਮਿਕ
ਇੰਡੈਕਸ ਵਾਲੀਆਂ ਖੁਰਾਕਾਂ
ਹੌਲੀ-ਹੌਲੀ ਪਚਦੀਆਂ ਹਨ ਤੇ ਸ਼ੂਗਰ ਲੈਵਲ ਕੰਟਰੋਲ ਰੱਖਣ 'ਚ ਮਦਦ ਕਰਦੀਆਂ ਹਨ।

**ਫਿਜ਼ੀਕਲ ਐਕਟਿਵਿਟੀ ਘਟਾਉਣਾ**

ਫਿਜ਼ੀਕਲ ਐਕਟਿਵਿਟੀ ਦੀ ਘਾਟ ਇੰਸੁਲਿਨ ਰੈਜਿਸਟੈਂਸ ਨੂੰ ਵਧਾਉਂਦੀ ਹੈ। ਇੰਸੁਲਿਨ ਸੈੱਲਾਂ ਨੂੰ ਬਲੱਡ ਸ਼ੂਗਰ ਨੂੰ ਐਨਰਜੀ 'ਚ ਬਦਲਣ ਲਈ ਜ਼ਰੂਰੀ ਹੈ। ਜਦੋਂ ਤੁਸੀਂ ਸਰੀਰਕ ਤੌਰ 'ਤੇ ਐਕਟਿਵ ਨਹੀਂ ਹੁੰਦੇ ਤਾਂ ਤੁਹਾਡੀਆਂ ਮਾਸਪੇਸ਼ੀਆਂ ਨੂੰ ਐਨਰਜੀ ਦੀ ਲੋੜ ਘੱਟ ਹੁੰਦੀ ਹੈ ਅਤੇ ਇੰਸੁਲਿਨ ਸੰਵੇਦਨਸ਼ੀਲਤਾ ਘਟ ਜਾਂਦੀ ਹੈ। ਇਸ ਦਾ ਸਿੱਧਾ ਮਤਲਬ ਹੈ ਕਿ ਸ਼ੂਗਰ ਸੈੱਲਾਂ 'ਚ ਪ੍ਰਵੇਸ਼ ਨਹੀਂ ਕਰ ਪਾਉਂਦਾ ਤੇ ਖ਼ੂਨ 'ਚ ਹੀ ਜਮ੍ਹਾ ਰਹਿੰਦਾ ਹੈ, ਜਿਸ ਨਾਲ ਸ਼ੂਗਰ ਲੈਵਲ ਹਾਈ ਹੋ ਜਾਂਦਾ ਹੈ।

**ਜ਼ਿਆਦਾ ਤਣਾਅ ਲੈਣਾ**

ਤਣਾਅ ਤੇ ਬਲੱਡ ਸ਼ੂਗਰ ਦਾ ਡੂੰਘਾ ਸੰਬੰਧ ਹੈ। ਜਦੋਂ ਤੁਸੀਂ ਤਣਾਅ 'ਚ ਹੁੰਦੇ ਹੋ ਤਾਂ ਤੁਹਾਡਾ ਸਰੀਰ 'ਕੋਰਟਿਸੋਲ' ਅਤੇ 'ਐਡ੍ਰੇਨਾਲਾਈਨ' ਜਿਹੇ ਹਾਰਮੋਨ ਛੱਡਦਾ ਹੈ। ਇਹ ਹਾਰਮੋਨ ਸਰੀਰ ਨੂੰ "ਫਾਈਟ ਆਰ ਫਲਾਈਟ" ਮੋਡ 'ਚ ਲੈ ਜਾਂਦੇ ਹਨ, ਜਿਸ ਨਾਲ ਲਿਵਰ 'ਚ ਜਮ੍ਹਾ ਗੁਲੂਕੋਜ਼ ਖ਼ੂਨ 'ਚ ਛੱਡਿਆ ਜਾਂਦਾ ਹੈ ਤਾਂ ਜੋ ਤੁਰੰਤ ਊਰਜਾ ਮਿਲ ਸਕੇ। ਜੇ ਇਹ ਤਣਾਅ ਲੰਬੇ ਸਮੇਂ ਤੱਕ ਬਣਿਆ ਰਹਿੰਦਾ ਹੈ, ਤਾਂ ਬਲੱਡ ਸ਼ੂਗਰ ਦਾ ਲੈਵਲ ਲਗਾਤਾਰ ਹਾਈ ਰਹਿੰਦਾ ਹੈ।

**ਨੀਂਦ ਪੂਰੀ ਨਾ ਕਰਨਾ**

ਇਨਸੋਮਨੀਆ ਜਾਂ ਨੀਂਦ ਪੂਰੀ ਨਾ ਹੋਣਾ ਵੀ ਬਲੱਡ ਸ਼ੂਗਰ ਵਧਣ ਦਾ ਮਹੱਤਵਪੂਰਨ ਕਾਰਨ ਹੈ। ਪੂਰੀ ਨੀਂਦ ਨਾ ਲੈਣ ਨਾਲ ਸਰੀਰ ਦੀ ਸਰਕੈਡੀਅਨ ਰਿਦਮ ਗੜਬੜ ਜਾਂਦੀ ਹੈ, ਜਿਸ ਨਾਲ ਕੋਰਟਿਸੋਲ ਹਾਰਮੋਨ ਦਾ ਪੱਧਰ ਵਧ ਜਾਂਦਾ ਹੈ ਤੇ ਇੰਸੁਲਿਨ ਸੰਵੇਦਨਸ਼ੀਲਤਾ ਘਟ ਜਾਂਦੀ ਹੈ। ਘੱਟ ਨੀਂਦ ਨਾਲ ਭੁੱਖ ਨੂੰ ਕੰਟਰੋਲ ਕਰਨ ਵਾਲੇ ਹਾਰਮੋਨ 'ਘ੍ਰੇਲਿਨ' ਤੇ 'ਲੇਪਟਿਨ' ਦਾ ਸੰਤੁਲਨ ਵੀ ਖਰਾਬ ਹੋ ਜਾਂਦਾ ਹੈ, ਜਿਸ ਕਾਰਨ ਅਕਸਰ ਹਾਈ-ਕਾਰਬ ਅਤੇ ਮਿੱਠੀਆਂ ਚੀਜ਼ਾਂ ਖਾਣ ਦੀ ਖ਼ਾਹਿਸ਼ ਹੁੰਦੀ ਹੈ।

# ਦਿਨ ਦੇ ਇਸ ਸਮੇਂ ਦੁੱਗਣਾ ਹੋ ਜਾਂਦੈ ਦਿਲ ਦੇ ਦੌਰੇ ਦਾ ਖ਼ਤਰਾ; ਇਨ੍ਹਾਂ 6 ਕਾਰਨਾਂ ਤੋਂ ਰਹੋ ਸਾਵਧਾਨ

ਦਿਲ ਦੀ ਬਿਮਾਰੀ ਦੁਨੀਆ ਭਰ ਵਿੱਚ ਮੌਤਾਂ ਦੇ ਸਭ ਤੋਂ ਵੱਡੇ ਕਾਰਨਾਂ ਵਿੱਚੋਂ ਇੱਕ ਹੈ। ਹਾਲ ਹੀ ਦੇ ਸਮੇਂ ਵਿੱਚ ਦਿਲ ਦੇ ਦੌਰੇ ਦੇ ਬਹੁਤ ਸਾਰੇ ਮਾਮਲੇ ਸਾਹਮਣੇ ਆਏ ਹਨ। ਹਾਲਾਂਕਿ ਦਿਲ ਦਾ ਦੌਰਾ (ਇਓਰਟ ਅਟਟਓਚਕ੍ਸਕ ਧ੍ਰੋਬਲਇਸ ਓਟ ਗਿਹਟ) ਕਿਸੇ ਵੀ ਸਮੇਂ ਹੋ ਸਕਦਾ ਹੈ, ਪਰ ਰਾਤ ਨੂੰ ਜਾਂ ਸਵੇਰੇ 4 ਵਜੇ ਦੇ ਆਸ-ਪਾਸ ਇਸਦਾ ਖ਼ਤਰਾ ਜ਼ਿਆਦਾ ਹੁੰਦਾ ਹੈ।

ਅਜਿਹੀ ਸਥਿਤੀ ਵਿੱਚ, ਲੋਕਾਂ ਦੇ ਮਨਾਂ ਵਿੱਚ ਅਕਸਰ ਇਹ ਸਵਾਲ ਉੱਠਦਾ ਹੈ ਕਿ ਰਾਤ ਨੂੰ ਦਿਲ ਦੇ ਦੌਰੇ ਦਾ ਖ਼ਤਰਾ ਕਿਉਂ ਜ਼ਿਆਦਾ ਹੁੰਦਾ ਹੈ (ਇਓਰਟ ਅਟਟਓਚਕ ਧੁਰਿਨਗ ਸ਼ਲਇਇਪ)। ਦਰਅਸਲ, ਇਸ ਪਿੱਛੇ ਕੋਈ ਇੱਕ ਕਾਰਨ ਨਹੀਂ ਹੈ। ਰਾਤ ਨੂੰ ਦਿਲ ਦੇ ਦੌਰੇ ਦੇ ਵਧੇ ਹੋਏ ਜੋਖਮ ਲਈ ਕਈ ਸਰੀਰਕ ਅਤੇ ਜੀਵਨ ਸ਼ੈਲੀ ਨਾਲ ਸਬੰਧਤ ਕਾਰਨ ਜ਼ਿੰਮੇਵਾਰ ਹਨ। ਆਓ ਉਨ੍ਹਾਂ ਬਾਰੇ ਜਾਣੀਏ।

ਸਾਡਾ ਸਰੀਰ 24 ਘੰਟੇ ਦੀ ਸਰਕੇਡੀਅਨ ਤਾਲ 'ਤੇ ਕੰਮ ਕਰਦਾ ਹੈ। ਇਹ ਘੜੀ ਹਾਰਮੋਨ ਦੇ ਪੱਧਰ, ਬਲੱਡ ਪ੍ਰੈਸ਼ਰ ਅਤੇ ਦਿਲ ਦੀ ਧੜਕਣ ਨੂੰ ਨਿਯੰਤ੍ਰਿਤ ਕਰਦੀ ਹੈ। ਸਰੀਰ ਰਾਤ ਨੂੰ ਆਰਾਮ ਕਰਦਾ ਹੈ, ਪਰ ਜਿਵੇਂ-ਜਿਵੇਂ ਸਵੇਰ ਹੁੰਦੀ ਹੈ, ਬਲੱਡ ਪ੍ਰੈਸ਼ਰ ਅਤੇ ਦਿਲ ਦੀ ਧੜਕਣ ਅਚਾਨਕ ਵੱਧ ਜਾਂਦੀ ਹੈ। ਜਿਨ੍ਹਾਂ ਲੋਕਾਂ ਦੀਆਂ ਧਮਨੀਆਂ ਵਿੱਚ ਪਲੇਕ ਜਮ੍ਹਾਂ ਹੁੰਦਾ ਹੈ ਜਾਂ ਹਾਈ ਬਲੱਡ ਪ੍ਰੈਸ਼ਰ ਹੁੰਦਾ ਹੈ, ਉਨ੍ਹਾਂ ਵਿੱਚ ਇਸ ਸਮੇਂ ਦੌਰਾਨ ਦਿਲ 'ਤੇ ਇਹ ਵਧਿਆ ਹੋਇਆ ਦਬਾਅ ਦਿਲ ਦੇ ਦੌਰੇ ਦੇ ਜੋਖਮ ਨੂੰ ਵਧਾ ਸਕਦਾ ਹੈ।

ਰਾਤ ਨੂੰ ਲੇਟਣ ਵੇਲੇ ਖ਼ੂਨ ਦਾ ਸੰਚਾਰ ਹੌਲੀ ਹੋ ਜਾਂਦਾ ਹੈ। ਇਸ ਨਾਲ ਅਕਸਰ ਪਲੇਟਲੈਟ ਇਕੱਠੇ ਹੋ ਜਾਂਦੇ ਹਨ, ਜਿਸ ਨਾਲ ਖ਼ੂਨ ਦੇ ਗਤਲੇ ਬਣਨ ਦਾ ਜੋਖਮ ਵੱਧ ਜਾਂਦਾ ਹੈ। ਜੇਕਰ ਇਹ ਗਤਲਾ ਦਿਲ ਦੀ ਧਮਣੀ ਨੂੰ ਰੋਕਦਾ ਹੈ, ਤਾਂ ਇਹ ਦਿਲ ਦਾ ਦੌਰਾ ਪੈਣ ਦਾ ਕਾਰਨ ਬਣ ਸਕਦਾ ਹੈ।

**ਤਣਾਅ ਅਤੇ ਨੀਂਦ ਦੀ ਗੁਣਵੱਤਾ**

ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ, ਤਣਾਅ ਅਤੇ ਚਿੰਤਾ ਲੋਕਾਂ ਦੀ ਨੀਂਦ ਨੂੰ ਪ੍ਰਭਾਵਿਤ ਕਰ ਰਹੀ ਹੈ। ਬਹੁਤ ਸਾਰੇ ਲੋਕ ਸਹੀ ਢੰਗ ਨਾਲ ਸੌਂ ਨਹੀਂ ਸਕਦੇ ਜਾਂ ਵਾਰ-ਵਾਰ ਜਾਗ ਨਹੀਂ ਸਕਦੇ। ਸਲੀਪ ਐਪਨੀਆ ਵਰਗੇ ਨੀਂਦ ਵਿਕਾਰ ਵੀ ਅਕਸਰ ਨੀਂਦ ਵਿੱਚ ਵਿਘਨ ਪਾਉਂਦੇ ਹਨ। ਇਹ ਦਿਲ 'ਤੇ ਬੇਲੋੜਾ ਦਬਾਅ ਪਾਉਂਦਾ ਹੈ ਅਤੇ ਰਾਤ ਨੂੰ ਦਿਲ ਦੇ ਦੌਰੇ ਦਾ ਜੋਖਮ ਵਧਾਉਂਦਾ ਹੈ।

**ਆਰਾਮ ਮੋਡ ਵਿੱਚ ਸਰੀਰ**

ਜਦੋਂ ਅਸੀਂ ਸੌਂਦੇ ਹਾਂ, ਤਾਂ ਸਰੀਰ ਆਰਾਮਦਾਇਕ ਮੋਡ ਵਿੱਚ ਹੁੰਦਾ ਹੈ। ਇਸ ਸਮੇਂ ਦੌਰਾਨ, ਦਿਲ ਦੀ ਧੜਕਣ ਅਤੇ ਸਾਹ ਲੈਣ ਵਿੱਚ ਦੇਰੀ ਹੋ ਜਾਂਦੀ ਹੈ। ਜੇਕਰ ਕਿਸੇ ਵਿਅਕਤੀ ਨੂੰ ਪਹਿਲਾਂ ਹੀ ਰੁਕਾਵਟ ਜਾਂ ਦਿਲ ਨਾਲ ਸਬੰਧਤ ਸਮੱਸਿਆ ਹੈ, ਤਾਂ ਕੋਈ ਵੀ ਅਚਾਨਕ ਹਰਕਤ ਜਾਂ ਉੱਠਣਾ ਜਾਂ ਬੈਠਣਾ ਦਿਲ 'ਤੇ ਦਬਾਅ ਪਾ ਸਕਦਾ ਹੈ, ਜਿਸ ਨਾਲ ਦੌਰੇ ਦਾ ਖ਼ਤਰਾ ਵੱਧ ਜਾਂਦਾ ਹੈ।

**ਠੰਢ ਦਾ ਪ੍ਰਭਾਵ**

ਠੰਢੀਆਂ ਰਾਤਾਂ ਵਿੱਚ ਦਿਲ ਦੇ ਦੌਰੇ ਦਾ ਖ਼ਤਰਾ ਹੋਰ ਵੀ ਵੱਧ ਜਾਂਦਾ ਹੈ। ਜਦੋਂ ਤਾਪਮਾਨ ਘੱਟ ਜਾਂਦਾ ਹੈ, ਤਾਂ ਖ਼ੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ, ਜਿਸ ਨਾਲ ਬਲੱਡ ਪ੍ਰੈਸ਼ਰ ਵਧਦਾ ਹੈ। ਇਹ ਸਥਿਤੀ ਦਿਲ ਲਈ ਖ਼ਤਰਨਾਕ ਸਾਬਤ ਹੋ ਸਕਦੀ ਹੈ।

**ਜੀਵਨਸ਼ੈਲੀ ਤੇ ਖੁਰਾਕ**

ਰਾਤ ਨੂੰ ਭਾਰੀ ਭੋਜਨ ਖਾਣਾ ਦੇਰ ਤੱਕ ਜਾਗਣਾ, ਸ਼ਰਾਬ ਪੀਣਾ, ਜਾਂ ਸਿਗਰਟਨੋਸ਼ੀ ਵਰਗੀਆਂ ਆਦਤਾਂ ਵੀ ਰਾਤ ਨੂੰ ਦਿਲ ਦੇ ਦੌਰੇ ਦੇ ਜੋਖਮ ਨੂੰ ਵਧਾ ਸਕਦੀਆਂ ਹਨ। ਇੱਕ ਗੈਰ-ਸਿਹਤਮੰਦ ਜੀਵਨ ਸ਼ੈਲੀ ਵੀ ਦਿਲ ਨੂੰ ਕਮਜ਼ੋਰ ਕਰਦੀ ਹੈ ਅਤੇ ਦੌਰੇ ਦੇ ਜੋਖਮ ਨੂੰ ਕਈ ਗੁਣਾ ਵਧਾ ਦਿੰਦੀ ਹੈ।












# ਰਾਸ਼ੀਫਲ

**ਮੇਖ :** ਸਿਹਤ ਨੂੰ ਲੈ ਕੇ ਜ਼ਿਆਦਾਂ ਦੇਖਭਾਲ ਦੀ ਜ਼ਰੂਰਤ ਹੈ। ਅੱਜ ਤੁਹਾਨੂੰ ਆਪਣਾ ਧਨ ਖਰਚ ਕਰਨ ਦੀ ਲੋੜ ਨਹੀਂ ਪਵੇਗੀ ਕਿਉਂ ਕਿ ਘਰ ਦਾ ਕੋਈ ਵੱਡਾ ਅੱਜ ਤੁਹਾਨੂੰ ਪੈਸੇ ਦੇ ਸਕਦਾ ਹੈ। ਪਰਿਵਾਰ ਵਾਲਿਆਂ ਦਾ ਹਾਸਾ ਮਜ਼ਾਕ ਭਰਿਆ ਬਰਤਾਵ ਵਾਤਾਵਰਣ ਨੂੰ ਹਲਕਾ ਫੁਲਕਾ ਅਤੇ ਖੁਸ਼ੀ ਭਰਿਆ ਬਣਾ ਦਵੇਗੇ। ਆਪਣੇ ਪਿਆਰ ਦੀ ਪੁਰਾਣੀ ਗੱਲਾਂ ਨੂੰ ਮਾਫ ਕਰਕੇ ਤੁਸੀ ਆਪਣੀ ਜ਼ਿੰਦਗੀ ਵਿਚ ਸੁਧਾਰ ਲਿਆ ਸਕਦੇ ਹੋ। ਸਾਂਝੀਦਾਰੀ ਨਾਲ ਸੋਦਾ ਕਾਇਮ ਕਰਨਾ ਬਹੁਤ ਸਖ਼ਤ ਸਿੱਧ ਹੋਵੇਗਾ। ਸਮਾਜਿਕ ਧਾਰਮਿਕ ਸਮਾਗਮਾਂ ਲਈ ਬੇਹਤਰੀਨ ਦਿਨ ਹੈ। ਤੁਹਾਡਾ ਜੀਵਨ ਸਾਥੀ ਅੱਜ ਤੁਹਾਨੂੰ ਖੁਸ਼ਹਾਲ ਬਣਾਉਣ ਲਈ ਅੱਜ ਬਹੁਤ ਸਾਰੀਆਂ ਕੋਸ਼ਿਸ਼ਾਂ ਕਰੇਗਾ।

**ਬ੍ਰਿਸ਼ਭ:** ਕਾਨੂੰਨੀ ਮਾਮਲਿਆਂ ਦੀ ਵਜਾਹ ਨਾਲ ਤਨਾਵ ਮੁਮਕਿਨ ਹੈ। ਖਰਚ ਵਿਚ ਹੋਇਆ ਅਪਰਵਤਨਸ਼ੀਲ ਵਾਧਾ ਤੁਹਾਡੇ ਮਨ ਦੀ ਸ਼ਾਤੀ ਨੂੰ ਭੰਗ ਕਰ ਸਕਦਾ ਹੈ। ਸਭ ਨੂੰ ਆਪਣੀ ਮਹਿਫਿਲ ਵਿਚ ਦਾਵਤ ਦੇਵੋ। ਕਿਉਂ ਕਿ ਅੱਜ ਤੁਹਾਡੇ ਕੋਲ ਜ਼ਿਆਦਾ ਉਰਜਾ ਹੈ ਜੋ ਤੁਹਾਨੂੰ ਕਿਸੇ ਪਾਰਟੀ ਜਾ ਕੰਮਕਾਰ ਦਾ ਆਯੋਜਨ ਕਰਨ ਦੇ ਲਈ ਪ੍ਰੇਰਿਤ ਕਰੇਗੀ। ਜੇਕਰ ਤੁਸੀ ਡਿਕਟੇਟ ਕਰਨ ਦੀ ਕੋਸ਼ਿਸ਼ ਕਰੋਂਗੇ ਤਾਂ ਤੁਹਾਡੇ ਪਾਰਟਨਰ ਦੇ ਵਿਚ ਕਾਫੀ ਮੁਸ਼ਕਿਲ ਖੜੀ ਹੋ ਸਕਦੀ ਹੈ। ਅੱਜ ਦੇ ਦਿਨ ਕੰਮ ਕਾਰ ਵਿਚ ਤੁਸੀ ਕੁਝ ਵਧੀਆ ਕਰ ਸਕਦੇ ਹੋ। ਤੁਸੀ ਸਮੇਂ ਦੀ ਕੀਮਤ ਨੂੰ ਸਮਝੋ ਉਨਾਂ ਲੋਕਾਂ ਵਿਚ ਰਹਿਣਾ ਬੇਕਾਰ ਹੈ ਜਿਨਾਂ ਨੂੰ ਸਮਝਣਾ ਮੁਸ਼ਕਿਲ ਹੈ ਅਜਿਹਾ ਕਰਨਾ ਹੋਰ ਮੁਸ਼ਕਿਲਾਂ ਨੂੰ ਜਨਮ ਦੇ ਸਕਦਾ ਹੈ। ਜੇਕਰ ਤੁਸੀ ਅੱਜ ਯੋਜਨਾ ਬਣਾਉਣ ਤੋਂ ਪਹਿਲਾਂ ਜੀਵਨ ਸਾਥੀ ਨੂੰ ਨਹੀਂ ਪੁੱਛਿਆ, ਤਾਂ ਤੁਹਾਨੂੰ ਉਲਟ ਪ੍ਰਕਿਰਿਆ ਮਿਲ ਸਕਦੀ ਹੈ।



**ਮਿਥੁਨ:** ਆਪਣੇ ਸਰੀਰ ਦੀ ਥਕਾਵਟ ਅਤੇ ਉਰਜਾ ਸਤਰ ਨੂੰ ਵਧਾਉਣ ਲਈ ਤੁਹਾਨੂੰ ਪੂਰੇ ਆਰਾਮ ਦੀ ਜ਼ਰੂਰਤ ਹੈ ਨਹੀਂ ਤਾਂ ਸਰੀਰ ਦੀ ਥਕਾਵਟ ਤੁਹਾਡੇ ਮਨ ਵਿਚ ਨਿਰਾਸ਼ਾਵਾਦ ਨੂੰ ਜਨਮ ਦੇ ਸਕਦੀ ਹੈ। ਜੋ ਲੋਕ ਛੋਟੇ ਕਾਰੋਬਾਰ ਕਰਦੇ ਹਨ ਉਨਾਂ ਨੂੰ ਅੱਜ ਦੇ ਦਿਨ ਆਪਣੇ ਕਿਸੇ ਕਰੀਬੀ ਦੀ ਕੋਈ ਸਲਾਹ ਮਿਲ ਸਕਦੀ ਹੈ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗਾਹ ਵੀ ਦੇ ਸਕਦੇ ਹਨ। ਤੁਹਾਡੇ ਬੱਚੇ ਦਾ ਐਵਾਰਡ ਸਮਾਗਮ ਦਾ ਬੁਲਾਵਾ ਤੁਹਾਡੇ ਲਈ ਹਾਸੇ ਭਰਿਆ ਅਹਿਸਾਸ ਰਹੇਗਾ। ਉਹ ਤੁਹਾਡੀ ਉਮੀਦ ਤੇ ਖਰਾ ਉਤਰੇਗਾ ਅਤੇ ਤੁਸੀ ਉਸਦੇ ਨਾਲ ਆਪਣੇ ਸੁਪਨਿਆਂ ਨੂੰ ਸਾਕਾਰ ਹੁੰਦੇ ਦੇਖੋਂਗੇ। ਅਚਾਨਕ ਹੋਈ ਰੋਮਾਂਟਿਕ ਮੁਲਾਕਾਤ ਤੁਹਾਨੂੰ ਉਲਝਣ ਵਿਚ ਪਾ ਸਕਦੀ ਹੈ। ਸਾਂਝੀਦਾਰੀ ਅਤੇ ਜੁੜੇ ਉੱਦਮਾਂ ਤੋਂ ਦੂਰ ਰਹੋ। ਇਸ ਰਾਸ਼ੀ ਚਿੰਨ੍ਹ ਵਾਲਿਆਂ ਨੂੰ ਅੱਜ ਖੁਦ ਦੇ ਲਈ ਕਾਫੀ ਸਮਾਂ ਮਿਲੇਗਾ ਇਸ ਸਮੇਂ ਦਾ ਉਪਯੋਗ ਤੁਸੀ ਆਪਣੇ ਸ਼ੋਂਕ ਨੂੰ ਪੂਰਾ ਕਰਨ ਦੇ ਲਈ ਜਿਵੇਂ ਕਿਤਾਬ ਪੜ੍ਹਨੀ ਜਾਂ ਪਸੰਦੀਦਾ ਸੰਗੀਤ ਸੁਣਨਾ। ਅੱਜ ਦਾ ਦਿਨ ਤੁਹਾਡੇ ਸਾਥੀ ਦਾ ਬੇਹਤਰੀਨ ਪਹਿਲੂ ਨੂੰ ਦਿਖਾਉਣ ਵਾਲਾ ਹੈ।

**ਕਰਕ :** ਗੱਡੀ ਚਲਾਉਂਦੇ ਸਮੇਂ ਸਾਵਧਾਨ ਰਹੋ। ਜੇਕਰ ਤੁਸੀ ਥੋੜੇ ਜਿਹੇ ਵੱਧ ਪੈਸੇ ਕਮਾਉਣ ਦੇ ਤਰੀਕਿਆਂ ਦੀ ਭਾਲ ਕਰ ਰਹੇ ਹੋ ਆਰਥਿਕ ਪਰਿਯੋਜਨਾ ਵਿਚ ਨਿਵੇਸ਼ ਕਰੋ। ਘਰ ਦੇ ਕਿਸੇ ਮੈਂਬਰ ਦੇ ਵਿਵਹਾਰ ਦੀ ਵਜਾਹ ਨਾਲ ਤੁਸੀ ਪਰੇਸ਼ਾਨ ਰਹਿ ਸਕਦੇ ਹੋ ਤਹਾਨੂੰ ਉਨਾਂ ਨਾਲ ਗੱਲਬਾਤ ਕਰਨ ਦੀ ਲੋੜ ਹੈ। ਰੋਮਾਂਸ ਲਈ ਵਧੀਆ ਦਿਨ ਹੈ। ਅੱਜ ਤੁਹਾਡੀ ਸਖਤ ਮਿਹਨਤ ਕੰਮਕਾਰ ਵਿਚ ਜ਼ਰੂਰ ਰੰਗ ਲਿਆਏਗੀ। ਜੀਵਨ ਦੀਆਂ ਪੇਚੀਦੀਆਂ ਨੂੰ ਸਮਝਦੇ ਹੋਏ ਅੱਜ ਤੁਸੀ ਆਪਣਾ ਸਮਾਂ ਪਰਿਵਾਰ ਦੇ ਕਿਸੇ ਵੱਡੇ ਨਾਲ ਬਿਤਾ ਸਕਦੇ ਹੋ। ਅੱਜ ਦਾ ਦਿਨ ਤੁਹਾਡੇ ਸਾਥੀ ਦਾ ਬੇਹਤਰੀਨ ਪਹਿਲੂ ਨੂੰ ਦਿਖਾਉਣ ਵਾਲਾ ਹੈ।

**ਸਿੰਘ:** ਤੁਹਾਡੀਆਂ ਇਛਾਵਾਂ ਅਤੇ ਅਭਿਲਾਸ਼ਵਾਂ ਤੇ ਡਰ ਦਾ ਪਰਛਾਵਾਂ ਪੈ ਸਕਦਾ ਹੈ ਇਸ ਦਾ ਸਾਹਮਣਾ ਕਰਨ ਲਈ ਤੁਹਾਨੂੰ ਉੱਪਯੁਕਤ ਸਲਾਹ ਦੀ ਲੋੜ ਹੈ। ਅੱਜ ਤੁਸੀ ਆਪਣਾ ਧੰਨ ਧਾਰਮਿਕ ਕੰਮਾਂ ਵਿਚ ਲਗਾ ਸਕਦੇ ਹੋ ਅਤੇ ਜਿਸ ਨਾਲ ਤੁਹਾਨੂੰ ਮਾਨਸਿਕ ਸ਼ਾਤੀ ਅਤੇ ਸਮੱਰਥਾ ਮਿਲਣ ਦੀ ਸੰਭਾਵਨ ਹੈ। ਪੁਰਾਣੇ ਸੰਪਰਕਾਂ ਨੂੰ ਮਿਲਣ ਜੁਲਣ ਅਤੇ ਪੁਰਾਣੇ ਰਿਸ਼ਤਿਆਂ ਨੂੰ ਤਰੋਤਾਜ਼ਾ ਕਰਨ ਲਈ ਵਧੀਆ ਦਿਨ ਹੈ। ਸ਼ਾਮ ਦੀ ਢਲਦੇ ਢਲਦੇ ਕੋਈ ਰੋਮਾਂਟਿਕ ਝੁਕਾਅ ਤੁਹਾਡੇ ਦਮਿਮਾਗ ਨੂੰ ਘੇਰ ਲੇਵੇਗਾ। ਤੁਹਾਡੀ ਇਮਾਦਾਰੀ ਅਤੇ ਕੰਮ ਨੂੰ ਵਫਾਦਾਰੀ ਨਾਲ ਕਰਨ ਦੀ ਤੁਹਾਡੀ ਯੋਗਤਾ ਤੁਹਾਨੂੰ ਮਾਨਤਾ ਦੇਵੇਗੀ। ਜਦੋਂ ਤੁਹਾਨੂੰ ਲਗਦਾ ਹੈ ਕਿ ਤੁਸੀ ਆਪਣੇ ਪਰਿਵਾਰ ਜਾਂ ਦੋਸਤਾਂ ਲਈ ਸਮਾਂ ਨਹੀਂ ਕੱਢ ਸਕਦੇ ਤਾਂ ਤੁਸੀ ਪਰੇਸ਼ਾਨ ਹੋ ਸਕਦੇ ਹੋ ਅੱਜ ਵੀ ਤੁਹਾਡੇ ਮਨ ਦੀ ਸਥਿਤੀ ਇਸੇ ਤਰਾਂ ਦੀ ਰਹਿ ਸਕਦੀ ਹੈ। ਇਹ ਦਿਨ ਤੁਹਾਡੇ ਸਮਾਨਯ ਵਿਵਾਹਿਕ ਜੀਵਨ ਵਿਚ ਦਿਲਚਸਪ ਹੋ ਸਕਦਾ ਹੈ ਤੁਸੀ ਅੱਜ ਸੱਚਮੁਚ ਅਸਾਧਾਰਣ ਚੀਜ ਨੂੰ ਅਨੁਭਵ ਕਰੋਂਗੇ।

**ਕੰਨਿਆ:** ਅੱਖਾਂ ਦੇ ਮਰੀਜ਼ ਪ੍ਰਦੂਸ਼ਿਤ ਜਗ੍ਹਾਂ ਤੇ ਜਾਣ ਤੋਂ ਬਚੋ, ਕਿਉਂ ਕਿ ਧੂਆਂ ਤੁਹਾਡੀ ਅੱਖਾਂ ਨੂੰ ਹੋਰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਸੰਭਵ ਹੋਵੇ ਤਾਂ ਸੂਰਜ ਦੀ ਤੇਜ਼ ਰੋਸ਼ਨੀ ਤੋਂ ਬਚੋ। ਜੇਕਰ ਤੁਸੀ ਘੁੰਮਣ ਫਿਰਨ ਅਤੇ ਪੈਸੇ ਖਰਚ ਕਰਨ ਦੇ ਮੂਡ ਵਿਚ ਹੋਵੋਂਗੇ ਜੇਕਰ ਤੁਸੀ ਅਜਿਹਾ ਕੀਤਾ ਤਾਂ ਬਾਅਦ ਵਿਚ ਪਛਤਾਣਾ ਪੈ ਸਕਦਾ ਹੈ ਸ਼ਾਮ ਦੇ ਸਮੇਂ ਆਪਣੇ ਜੀਵਨਸਾਥੀ ਦੇ ਨਾਲ ਬਾਹਰ ਖਾਣਾ ਜਾਂ ਫਿਲਮ ਦੇਖਣਾ ਤੁਹਾਨੂੰ ਸਕੂਨ ਦੇਵੇਗਾ ਅਤੇ ਖੁਸ਼ਮਿਜ਼ਾਜ ਬਣਾ ਕੇ ਰੱਖਗਾ। ਰੋਮਾਂਸ ਖੁਸ਼ੀ ਭਰਿਆ ਹੋਵੇਗਾ ਇਸ ਲਈ ਉਸ ਨਾਲ ਸੰਪਰਕ ਕਰੋ ਜਿਸ ਨਾਲ ਤੁਸੀ ਪ੍ਰੇਮ ਕਰਦੇ ਹੋ ਅਤੇ ਦਿਨ ਦਾ ਭਰਪੂਰ ਲਤਫ ਲਵੋ। ਕਿਸੇ ਸਾਂਝੀਦਾਰੀ ਵਾਲੇ ਉੱਦਮ ਵਿਚ ਜਾਣ ਤੋਂ ਬਚੋ ਸੰਭਵ ਹੈ ਕਿ ਭਾਗੀਦਾਰ ਤੁਹਾਡਾ ਭੇਜਿਆ ਲਾਭ ਉਠਾਉਣ ਦੀ ਕੋਸ਼ਿਸ਼ ਕਰੇ। ਬਿਨਾਂ ਕੋਈ ਨੋਟਿਸ ਦਿੱਤੇ ਅੱਜ ਤੁਹਾਡੇ ਘਰ ਦੂਰ ਦਾ ਰਿਸ਼ਤੇਦਾਰ ਆ ਸਕਦਾ ਹੈ ਜਿਸ ਨਾਲ ਤੁਹਾਡਾ ਜ਼ਿਆਦਾਤਰ ਸਮਾਂ ਬਤੀਤ ਹੋ ਸਕਦਾ ਹੈ। ਵਿਆਹੁਤਾ ਜੀਵਨ ਨੂੰ ਬੇਹਤਰ ਬਣਾਉਣ ਦੇ ਲਈ ਤੁਹਾਡੀਆਂ ਕੋਸ਼ਿਸ਼ਾਂ ਤੁਹਾਨੂੰ ਅੱਜ ਦੀਆਂ ਆਸਾਂ ਨਾਲੋਂ ਵੱਧ ਦਿਖਾਉਣਗੀਆਂ।

**ਤੁਲਾ:** ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਦੀ ਜ਼ਰੂਰਤ ਹੈ। ਤੰਗ ਆਰਥਿਕ ਹਲਾਤਾਂ ਦੇ ਚਲਦੇ ਕੋਈ ਅਹਿਮ ਕੰਮ ਵਿਚੇ ਹੀ ਅਟਕ ਸਕਦਾ ਹੈ। ਪਰਿਵਾਰਿਕ ਮੋਰਚੇ ਤੇ ਚੀਜਾਂ ਚੰਗੀਆਂ ਰਹਿਣਗੀਆਂ ਅਤੇ ਆਪਣੀ ਯੋਜਨਾ ਦੇ ਨਾਲ ਤੁਸੀ ਪੂਰੀ ਸਹਿਯੋਗ ਦੀ ਉਮੀਦ ਕਰ ਸਕਦੇ ਹੋ। ਅੱਜ ਤੁਸੀ ਹਰ ਤਰਫ ਪਿਆਰ ਹੀ ਪਿਆਰ ਫੈਲੈਉਂਗੇ। ਕਿਸੇ ਸਾਂਝੀਦਾਰੀ ਵਾਲੇ ਉੱਦਮ ਵਿਚ ਜਾਣ ਤੋਂ ਬਚੋ ਸੰਭਵ ਹੈ ਕਿ ਭਾਗੀਦਾਰ ਤੁਹਾਡਾ ਭੇਜਿਆ ਲਾਭ ਉਠਾਉਣ ਦੀ ਕੋਸ਼ਿਸ਼ ਕਰੇ। ਜੀਵਨ ਦੀਆਂ ਪੇਚੀਦੀਆਂ ਨੂੰ ਸਮਝਦੇ ਹੋਏ ਅੱਜ ਤੁਸੀ ਆਪਣਾ ਸਮਾਂ ਪਰਿਵਾਰ ਦੇ ਕਿਸੇ ਵੱਡੇ ਨਾਲ ਬਿਤਾ ਸਕਦੇ ਹੋ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਵਿਆਹ ਦੇ ਸਮੇਂ ਕੀਤੇ ਗਏ ਸਾਰੇ ਵਚਨ ਸੱਚੇ ਹਨ ਤੁਹਾਡਾ ਜੀਵਨਸਾਥੀ ਹੀ ਤੁਹਾਡਾ ਹਮਦਮ ਹੈ।

**ਬ੍ਰਿਸ਼ਚਕ:** ਪਿਤਾ ਤੁਹਾਨੂੰ ਜਾਇਦਾਦ ਤੋਂ ਬੇਦਖਲ ਕਰ ਸਕਦੇ ਹਨ ਪਰੰਤੂ ਨਿਰਾਸ਼ ਨਾ ਹੋਵੇ ਧਿਆਨ ਰੱਖੋ ਕਿ ਸਪਤੰਰਤਾ ਦਿਮਾਗ ਨੂੰ ਜ਼ਰ ਲਗਾ ਦਿੰਦੀ ਹੈ ਅਤੇ ਉਸ ਤੋਂ ਕਠਿਨਾਈ ਪੈਦਾ ਕਰਦੀ ਹੈ। ਜੇਕਰ ਤੁਸੀ ਨਿਰਵਿਘਨ ਜ਼ਿੰਦਗੀ ਜਿਉਣਾ ਚਾਹੁੰਦੇ ਹੋ ਅਤੇ ਇਕ ਸਥਿਰ ਜੀਵਨ ਨਿਰਮਾਣ ਨੂੰ ਬਣਾਈ ਰੱਖਣਾ ਚਾਹੁੰਦੇ ਹੋ ਤਾਂ ਅੱਜ ਤੁਹਾਨੂੰ ਆਰਥਿਕ ਸੰਬੰਧ ਤੇ ਧਿਆਨ ਦੀ ਲੋੜ ਹੈ। ਪੁਰਾਣੇ ਸੰਪਰਕਾਂ ਨੂੰ ਮਿਲਣ ਜੁਲਣ ਅਤੇ ਪੁਰਾਣੇ ਰਿਸ਼ਤਿਆਂ ਨੂੰ ਤਰੋਤਾਜ਼ਾ ਕਰਨ ਲਈ ਵਧੀਆ ਦਿਨ ਹੈ। ਤੁਹਾਡੇ ਸੁਪਨੇ ਅਤੇ ਹਕੀਕਤ ਅੱਜ ਪਿਆਰ ਦੀ ਖੁਸ਼ੀ ਵਿਚ ਰਲਗਡ ਹੋ ਜਾਵੇਗੀ। ਸਹਿਕਰਮੀਆਂ ਨੂੰ ਸੰਭਾਲਣ ਵੇਲੇ ਸਮਝੋਤੇ ਦੀ ਲੋੜ ਹੋਵੇਗੀ। ਉਹ ਦਿਨ ਜਦੋਂ ਘਟਨਾਵਾਂ ਚੰਗੀਆਂ ਅਤੇ ਪ੍ਰੇਸ਼ਾਨ ਕਰਨ ਵਾਲੀਆਂ ਹੋਣਗੀਆਂ ਜਿਸ ਦੇ ਚਲਦੇ ਥਕਾਵਟ ਅਤੇ ਦਬਿਧਾ ਮਹਿਸੂਸ ਕਰੋਂਗੇ। ਅੱਖਾਂ ਬਹੁਤ ਕੁਝ ਦੱਸਦੀਆਂ ਹਨ ਅਤੇ ਤੁਸੀ ਅੱਜ ਆਪਣੇ ਜੀਵਨ ਸਾਥੀ ਨਾਲ ਭਾਵਨਾਤਮਕ ਤੌਰ 'ਤੇ ਅੱਖਾਂ ਨਾਲ ਗੱਲਬਾਤ ਕਰੋਂਗੇ।

**ਧਨੂੰ:** ਤੁਹਾਨੂੰ ਆਪਣੀਆਂ ਭਾਵਨਾਵਾਂ ਤੇ ਨਿਯੰਤਰਣ ਰੱਖਣ ਦੀ ਲੋੜ ਹੈ। ਅੱਜ ਤੁਸੀ ਚੰਗਾ ਪੈਸਾ ਕਮਾਉਗੇ ਪਰੰਤੂ ਖਰਚ ਵਿਚ ਵਾਧਾ ਤੁਹਾਡੇ ਲਈ ਬਚਟ ਨੂੰ ਹੋਰ ਜ਼ਿਆਦਾ ਮੁਸ਼ਕਿਲ ਬਣ ਦੇਵੇਗਾ। ਵਧੀਆ ਦਿਨ ਹੈ ਜਦੋ ਤੁਸੀ ਸਭ ਦੇ ਧਿਆਨ ਨੂੰ ਆਪਣੀ ਤਰਫ ਖਿੱਚੋਂਗੇ ਤੁਹਾਡੇ ਸਾਹਮਣੇ ਚੁਣਨ ਦੇ ਲਈ ਕਈਂ ਚੀਜਾਂ ਹੋਣਗੀਆਂ ਅਤੇ ਸਮੱਸਿਆ ਇਹ ਹੋਵੇਗੀ ਕਿ ਕਿਸ ਨੂੰ ਪਹਿਲਾਂ ਚੁਣਿਆ ਜਾਵੇ। ਪਿਆਰ ਦੀ ਤਾਕਤ ਤੁਹਾਨੂੰ ਪਿਆਰ ਕਰਨ ਦਾ ਕਾਰਨ ਦਿੰਦੀ ਹੈ। ਆਪਣਾ ਰੈਜ਼ਿਊਮ ਭੇਜਣ ਜਾਂ ਕਿਸੇ ਇੰਟਰਵਿਊ ਵਿਚ ਜਾਣ ਲਈ ਚੰਗਾ ਸਮਾਂ ਹੈ। ਅੱਜ ਤੁਸੀ ਆਪਣਾ ਖਾਲੀ ਸਮਾਂ ਆਪਣੀ ਮਾਂ ਦੀ ਸੇਵਾ ਵਿਚ ਬਤੀਤ ਕਰੋਂਗੇ ਪਰੰਤੂ ਅਚਾਨਕ ਕਿਸੇ ਕੰਮ ਦੇ ਆ ਜਾਣ ਤੇ ਅਜਿਹਾ ਨਹੀਂ ਹੋ ਪਏਗਾ. ਇਸ ਨਾਲ ਤੁਹਾਨੂੰ ਮੁਸ਼ਕਿਲ ਹੋਵੇਗੀ। ਜੇਕਰ ਤੁਸੀ ਆਪਣੇ ਜੀਵਨਸਾਥੀ ਦੇ ਪਿਆਰ ਲਈ ਤਰਸ ਰਹੇ ਹੋ ਤਾਂ ਇਹ ਦਿਨ ਤੁਹਾਡੇ ਲਈ ਅਸੀਸ ਹੋਵੇਗਾ।

**ਮਕਰ:** ਕੰਮ ਦੀ ਦਬਾਅ ਵਧਣ ਨਾਲ ਹੀ ਤੁਸੀ ਮਾਨਸਿਕ ਉੱਥਲ ਪੁੱਥਲ ਅਤੇ ਦਿੱਕਤ ਮਹਿਸੂਸ ਕਰੋਂਗੇ। ਤੁਹਾਨੂੰ ਸਮੇਂ ਅਤੇ ਪੈਸੇ ਦੀ ਕਦਰ ਕਰਨੀ ਚਾਹੀਦੀ ਹੈ ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਮੁਸ਼ਕਿਲਾਂ ਅਤੇ ਚਣੌਤੀਆਂ ਨਾਲ ਸਾਹਮਣਾ ਕਰਨਾ ਪੈ ਸਕਦਾ ਹੈ। ਤੁਹਾਡਾ ਜੀਵਨਸਾਥੀ ਤੁਹਾਡੀ ਸਹਾਇਤਾ ਕਰੇਗਾ ਅਤੇ ਮਦਦਗਾਰ ਸਾਬਿਤ ਹੋਵੇਗਾ। ਅੱਜ ਤੁਸੀ ਮਹਿਸੂਸ ਕਰੋਂਗੇ ਕਿ ਤੁਹਾਡਾ ਮਹਿਬੂਬ ਤੁਹਾਨੂੰ ਕਿੰਨਾ ਪਿਆਰ ਕਰਦਾ ਹੈ। ਤੁਹਾਡਾ ਰਚਨਾਤਮਕ ਕੰਮ ਨੇੜੇ ਨੇੜੇ ਦੇ ਲੋਕਾਂ ਨੂੰ ਅਚਰਜ ਵਿਚ ਪਾ ਦੇਵੇਗਾ ਅਤੇ ਤੁਹਾਨੂੰ ਕਾਫੀ ਉਤਸ਼ਾਹੀ ਮਿਲੇਗੀ। ਯਾਤਰਾ ਅਤੇ ਸਿੱਖਿਆ ਨਾਲ ਜੁੜੇ ਕੰਮ ਤੁਹਾਡੀ ਜਾਗਰੁਕਤਾ ਵਿਚ ਵਾਧਾ ਕਰ ਸਕਦੇ ਹਨ। ਚੀਜ਼ਾਂ ਸੱਚਮੁਚ ਸ਼ਾਨਦਾਰ ਲੱਗਦੀਆਂ ਹਨ ਜਦੋਂ ਇਹ ਤੁਹਾਡੇ ਵਿਆਹੁਤ ਜੀਵਨ ਤੇ ਆਉਂਦੀਆਂ ਹਨ।

**ਕੁੰਭ:** ਅਣਚਾਹੇ ਵਿਚਾਰ ਦਿਮਾਗ ਵਿਚ ਆ ਸਕਦੇ ਹਨ ਖੁਦ ਨੂੰ ਸਰੀਰਕ ਤਦੰਰੁਸਤੀ ਦਾ ਆਨੰਦ ਲੈਣ ਦਿਉ ਕਿਉਂ ਕਿ ਖਾਲੀ ਦਿਮਾਗ ਸ਼ੈਤਾਨ ਦਾ ਘਰ ਹੈ। ਜੋ ਲੋਕ ਆਪਣੇ ਕਰੀਬੀਆਂ ਜਾਂ ਰਿਸ਼ਤੇਦਾਰਾਂ ਨਾਲ ਮਿਲ ਕੇ ਕਾਰੋਬਾਰ ਕਰ ਰਹੇ ਹਨ ਉਨਾਂ ਨੂੰ ਬਹੁਤ ਧਿਆਨ ਰੱਖਣ ਦੀ ਲੋੜ ਹੈ ਨਹੀਂ ਤਾਂ ਆਰਥਿਕ ਘਾਟਾ ਹੋ ਸਕਦਾ ਹੈ। ਆਪਣੇ ਪਰਿਵਾਰ ਨੂੰ ਸਹੀ ਸਮਾਂ ਦਿਉ ਉਨਾਂ ਨੂੰ ਮਹਿਸੂਸ ਹੋਣ ਦਿਉ ਕਿ ਤੁਸੀ ਉਨਾਂ ਦਾ ਧਿਆਨ ਰੱਖਦੇ ਹੋ। ਉਨਾਂ ਨਾਲ ਚੰਗਾ ਸਮਾਂ ਬਿਤਾਉ ਅਤੇ ਸ਼ਿਕਾਇਤ ਦਾ ਮੋਕਾ ਨਾ ਦਿਉ। ਰੋਮਾਂਸ ਆਨੰਦਾਇਕ ਅਤੇ ਕਾਫੀ ਰੋਮਾਂਚਕ ਹੋਵੇਗਾ। ਅੱਜ ਲਾਭ ਹੋ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਤੁਸੀ ਆਪਣੀ ਗੱਲ ਭਲੀਭਾਂਤ ਰੱਖੋ ਅਤੇ ਕੰਮ ਵਿਚ ਲਗਾਵ ਤੇ ਉਤਸ਼ਾਹ ਦਿਖਾਉ। ਅੱਜ ਤੁਸੀ ਖਾਲੀ ਸਮੇਂ ਵਿਚ ਅਜਿਹੇ ਕੰਮ ਕਰੋਂਗੇ ਜਿਸ ਦੀ ਤੁਸੀ ਯੋਜਨਾ ਕਰਦੇ ਸੀ ਅਤੇ ਚਲਾਉਣ ਬਾਰੇ ਸੋਚਦੇ ਸੀ ਪਰੰਤੂ ਯੋਗ ਨਹੀਂ ਹੋਏ। ਅੱਜ ਤੁਹਾਡਾ ਵਿਵਾਹਿਕ ਜੀਵਨ ਖੁਸ਼ੀ, ਪਿਆਰ ਅਤੇ ਉਲਾਸ ਦਾ ਕੇਂਦਰ ਬਣ ਸਕਦਾ ਹੈ।

**ਮੀਨ:** ਅੱਜ ਸਵਾਰਥੀ ਆਦਮੀ ਤੋਂ ਬਚਣ ਦੀ ਕੋਸ਼ਿਸ਼ ਕਰੋ ਉਹ ਤੁਹਾਨੂੰ ਤਨਾਵ ਦੇ ਸਕਦਾ ਹੈ। ਤੁਸੀ ਚੰਗਾ ਪੈਸਾ ਬਣਾ ਸਕਦੇ ਹੋ ਪਰ ਸ਼ਰਤ ਏ ਤੁਸੀ ਪਰੰਪਰਿਕ ਤੌਰ ਤੇ ਨਿਵੇਸ਼ ਕਰੋ। ਪਰਿਵਾਰਿਕ ਮੈਂਬਰ ਜਾਂ ਜੀਵਨਸਾਥੀ ਉਦਾਸੀ ਦੀ ਵਜਾਹ ਬਣ ਸਕਦਾ ਹੈ। ਕਈਂ ਲੋਕਾਂ ਦੇ ਲਈ ਅੱਜ ਸ਼ਾਮ ਰੋਮਾਂਟਿਕ ਅਤੇ ਖੂਬਸੂਰਤ ਤੋਹਫੇ ਅਤੇ ਫੁਲਾਂ ਨਾਲ ਭਰਪੂਰ ਹੋਵੇਗੀ। ਅੱਜ ਜੇ ਤੁਸੀ ਨਿਮਰ ਅਤੇ ਮਦਦਗਾਰ ਹੋਂ ਤਾਂ ਤੁਹਾਨੂੰ ਆਪਣੇ ਸਹਿਭਾਗੀਆਂ ਦੁਆਰਾ ਸਾਕਾਰਾਤਮਕ ਹੁੰਗਾਰਾ ਮਿਲਦਾ ਹੈ। ਅੱਜ ਤੁਹਾਡੇ ਕਰੀਬੀ ਲੋਕ ਤੁਹਾਡੇ ਨੇੜੇ ਆਉਣ ਦੀ ਕੋਸ਼ਿਸ਼ ਕਰੋਂਗੇ ਪਰੰਤੂ ਆਪਣੇ ਮਨ ਨੂੰ ਸ਼ਾਤ ਬਣਾਈ ਰੱਖਣ ਦੇ ਲਈ ਤੁਸੀ ਇਕਾਂਤ ਵਿਚ ਸਮਾਂ ਬਿਤਾਉਣਾ ਪਸੰਦ ਕਰੋਂਗੇ। ਤੁਸੀ ਪੁਰਾਣੇ ਰੋਮਾਂਟਿਕ ਦਿਨਾਂ ਨੂੰ ਅੱਜ ਫਿਰ ਆਪਣੇ ਜੀਵਨਸਾਥੀ ਨਾਲ ਫਿਰ ਦੁਹਰਾਉਂਗੇ।

# ਹੜ੍ਹ ਸਾਡੀ ਹੋਣੀ ਨਹੀਂ, ਸਾਨੂੰ ਜਾਣ ਬੁਝਕੇ ਵਾਰ-ਵਾਰ ਹੜ੍ਹਾਂ 'ਚ ਡਬੋਇਆ ਜਾ ਰਿਹਾ ਹੈ!



ਭਾਰਤੀ ਫੌਜ ਦੇ ਲੈਫਟੀਨੈਂਟ ਜਨਰਲ ਕੇ ਜੀ ਐਸ ਢਿੱਲੋਂ ਨੇ ਚਾਰ ਕੁ ਮਹੀਨੇ ਪਹਿਲਾਂ ਆਪਣੀ ਇਕ ਇੰਟਰਵਿਊ, ਜੋ ਇਸ ਵੇਲੇ ਮੁੜ ਤੋਂ ਸ਼ੋਸ਼ਲ ਮੀਡੀਏ ਉੱਤੇ ਵਾਇਰਲ ਹੈ, ਵਿਚ ਕਿਹਾ ਸੀ ਕਿ ਡੈਮਾਂ ਦੇ ਪਾਣੀ ਨੂੰ ਹਥਿਆਰ ਵਜੋਂ ਵਰਤਿਆ ਜਾ ਸਕਦਾ ਹੈ। ਉਸ ਮੁਤਾਬਿਕ ਲੋੜ ਵੇਲੇ ਪਾਣੀ ਦੀ ਸਪਲਾਈ ਰੋਕ ਦਿਓ ਤੇ ਜਦੋਂ ਬਰਸਾਤੀ ਸੀਜਨ ਹੋਵੇ, ਹਰ ਪਾਸੇ ਪਾਣੀ ਦੀ ਬਹੁਤਾਤ ਹੋਵੇ ਤੇ ਪਾਣੀ ਦੀ ਲੋੜ ਨਾ ਹੋਵੇ ਤਾਂ ਡੈਮਾਂ ਨੂੰ ਉੱਪਰ ਤੱਕ ਭਰਕੇ, ਯਕਦਮ ਉਹਨਾਂ ਦੇ ਗੇਟ ਖੋਹਲ ਦਿਓ। ਕਹਿਣ ਦਾ ਭਾਵ ਇਹ ਕਿ ਪੰਜਾਬ (ਚੜ੍ਹਦਾ ਤੇ ਲਹਿੰਦਾ) ਮੈਦਾਨੀ ਇਲਾਕਾ ਹੈ ਜਿਸਦਾ ਦਾ ਨੁਕਸਾਨ ਦੋਵੇਂ ਤਰਾਂ ਹੀ ਕੀਤਾ ਜਾ ਸਕਦਾ ਹੈ, ਇਹ ਉਕਤ ਦੋਵੇਂ ਤਰੀਕੇ ਪੰਜਾਬ ਦਾ ਆਰਥਿਕ ਪੱਖੋਂ ਲੱਕ ਤੋੜਨ ਵਾਸਤੇ ਬਹੁਤ ਹੀ ਕਾਰਗਾਰ ਹਨ, ਪੰਜਾਬ 'ਤੇ ਹੋਰ ਕੋਈ ਹਥਿਆਰ ਵਰਤਣ ਦੀ ਲੋੜ ਨਹੀਂ ਬੱਸ ਵਾਟਰ ਬੰਬ ਦਾ ਵਾਰ ਹੀ ਕਾਫੀ ਹੈ। ਇਕ ਵਾਰ ਅਜਿਹਾ ਕੀਤਿਆਂ, ਇਥੋਂ ਦੇ ਲੋਕਾਂ ਨੂੰ ਮੁੜ ਪੈਰੀ ਆਉਂਦਿਆਂ ਕਰਦਿਆਂ ਸਾਲ ਦੋ ਸਾਲ ਲੱਗ ਜਾਣਗੇ, ਉਸ ਤੋਂ ਬਾਅਦ ਦੁਬਾਰਾ ਫਿਰ ਵਾਟਰ ਬੰਬ ਦਾ ਇਸਤੇਮਾਲ ਕਰਕੇ ਮੁੜ ਇਹਨਾਂ ਦਾ ਸਭ ਕੁੱਝ ਹੜ੍ਹਾਅ ਦਿੱਤਾ ਜਾਵੇ ਤੇ ਇਹ ਸਿਲਸਿਲਾ ਲਗਾਤਾਰ ਚਾਲੂ ਰੱਖਿਆ ਜਾਵੇ। ਇਸ ਤਰ੍ਹਾਂ ਵਾਰ-ਵਾਰ ਕਰਨ ਦੇ ਦੋ ਮੁੱਖ ਨਤੀਜੇ ਸਾਹਮਣੇ ਆਉਣਗੇ-ਪਹਿਲਾ ਇਹ ਕਿ ਪੰਜਾਬ ਦੇ ਲੋਕ ਮਾਲੀ ਤੌਰ 'ਤੇ ਉੱਠਣ ਜੋਗੇ ਨਹੀਂ ਰਹਿਣਗੇ ਤੇ ਦੂਜਾ ਇਥੋਂ ਦੀ ਨੌਜਵਾਨੀ ਵਿਦੇਸ਼ਾਂ ਵੱਲ ਪਲਾਇਨ ਕਰ ਜਾਵੇਗੀ। ਇਹਨਾਂ ਉਕਤ ਦੋਵੇਂ ਨਤੀਜਿਆਂ ਦਾ ਲਾਭ ਇਹ ਹੋਵੇਗਾ ਕਿ ਇਥੋਂ ਦੇ ਲੋਕ ਨੂੰ ਆਪਣੇ ਹੱਕਾਂ ਦੀ ਮੰਗ ਕਰਨ ਵਾਸਤੇ ਫੁਰਸਤ ਹੀ ਨਹੀਂ ਮਿਲੇਗੀ ਤੇ ਫਿਰ ਕੇਂਦਰ ਸਰਕਾਰ ਆਪਣੀ ਜੋ ਵੀ ਮਨ ਮਾਨੀ ਕਰਨੀ ਚਾਹੇ ਉਹ ਕਰ ਸਕੇਗੀ, ਕਿਸਾਨ ਵਿਰੋਧੀ ਕਾਲੇ ਕਾਨੂੰਨ ਬਣਾ ਕੇ ਜ਼ਮੀਨਾਂ ਹੜੱਪ ਕਰ ਸਕੇਗੀ ਤੇ ਪੰਜਾਬ ਨੂੰ ਜਿਵੇਂ ਵੀ ਇਸਤੇਮਾਲ ਕਰਨਾ ਹੈ, ਕਰ ਸਕੇਗੀ।

ਦਰਅਸਲ ਪਿਛਲੇ ਕੁੱਝ ਕੁ ਸਾਲਾਂ ਤੋਂ ਲਗਾਤਾਰ ਪੰਜਾਬ ਵਿਚ ਆ ਰਹੇ ਹੜ੍ਹ ਏਹੀ ਦਰਸਾਉਂਦੇ ਹਨ ਕਿ ਪੰਜਾਬ ਵਿਚ ਵਾਟਰ ਬੰਬ ਦੀ ਵਰਤੋਂ ਬਹੁਤ ਹੀ ਧੜੱਲੇ ਤੇ ਯੋਜਨਾਬੱਧ ਸਾਜ਼ਿਸ਼ ਤਹਿਤ ਹੋ ਰਹੀ ਹੈ। ਇਸ ਰਾਜ ਵਿਚ ਹਰ ਸਾਲ ਦੋ ਸਾਲ ਬਾਅਦ ਡੈਮਾਂ ਦਾ ਬੇਤਹਾਸ਼ਾ ਪਾਣੀ ਛੱਡਿਆ ਜਾਂਦਾ ਹੈ ਤੇ ਫਿਰ ਹੋਏ ਜਾਨੀ ਤੇ ਮਾਲੀ ਨੁਕਸਾਨ ਨੂੰ ਕੁਦਰਤੀ ਕਰੋਪੀ ਦਾ ਨਾਮ ਦੇ ਕੇ ਢਕ ਦਿੱਤਾ ਜਾਂਦਾ ਹੈ। ਕੁੱਝ ਕੁ ਦਿਨ ਸਰਵਿਆਂ ਦੇ ਬਹਾਨੇ ਮੰਤਰੀਆਂ ਵਲੋਂ ਹੈਲੀਕਾਪਟਰ ਝੂਟੇ ਜਾਂਦੇ ਹਨ, ਹੜ੍ਹ ਪੀੜਤਾਂ ਨੂੰ ਰਾਹਤ ਦੇਣ ਦੇ ਐਲਾਨ ਕੀਤੇ ਜਾਂਦੇ ਹਨ ਤੇ ਮੁੜ ਗੱਲ ਅਗਲੇ ਸਾਲਾਂ ਵਿਚ ਆਉਣ ਵਾਲੇ ਹੜਾਂ ਦੀ ਇੰਤਜ਼ਾਰ ਤੱਕ ਆਈ ਗਈ ਕਰ ਦਿੱਤੀ ਜਾਂਦੀ ਹੈ। ਕਿਹਨੂੰ, ਕਿੰਨਾ ਮੁਆਵਜਾ ਮਿਲਿਆ ? ਕਦੋ, ਕਿਸਨੇ ਤੇ ਕਿਥੇ ਦਿੱਤਾ, ਇਸ ਦਾ ਕਦੇ ਬਾਦ ਚ ਨਾਂ ਤੋਪਾ ਵੀ ਨਹੀਂ ਭਰਿਆ ਗਿਆ ਤੇ ਨਾ ਹੀ ਕੋਈ ਉੱਘ ਸੁੱਘ ਹੀ ਨਿਕਲੀ ਹੈ।

ਆਮ ਤੌਰ 'ਤੇ ਹਰ ਵਾਰ ਹੀ ਜਿਹਨਾਂ ਲੋਕਾਂ ਦਾ ਹੜ੍ਹਾਂ ਨਾਲ ਨੁਕਸਾਨ ਹੋ ਗਿਆ ਹੁੰਦਾ ਹੈ, ਉਹ ਆਪਣੀ ਜਿੰਦਗੀ ਨੂੰ ਹੜ੍ਹਾਂ ਦੀ ਮਾਰ 'ਚੋਂ ਬਾਹਰ ਕੱਢਕੇ ਆਪ ਹੀ ਲੀਹੇ ਪਾਉਂਦੇ ਦੇਖੇ ਜਾਂਦੇ ਰਹੇ ਹਨ, ਪਰ ਇਸ ਵਾਰ ਪੰਜਾਬੀਆਂ ਨੇ ਪੂਰੇ ਜਗਤ ਨੂੰ ਦਿਖਾ ਦਿੱਤਾ ਹੈ ਕਿ ਬੇਸ਼ੱਕ ਕਿਸੇ ਆਫਤ ਵੇਲੇ ਉਹ ਦੁਨੀਆ ਦੇ ਹਰ ਕੋਨੇ ਚ ਪਹੁੰਚਕੇ ਨਿਸ਼ਕਾਮ ਸੇਵਾ ਕਰਦੇ ਹਨ ਤੇ ਹੁਣ ਉਹਨਾਂ ਨੂੰ ਨਵਾਂ ਸਬਕ ਮਿਲ ਗਿਆ ਹੈ ਕਿ ਆਪਣੇ ਲੋਕਾਂ 'ਤੇ ਜੇਕਰ ਕੋਈ ਆਫਤ ਆਣ ਬਣੇ ਤਾਂ ਉਸ ਮੁਸ਼ਕਲ 'ਚੋਂ ਬਾਹਰ ਨਿਕਲਣ ਵਾਸਤੇ ਉੱਦਮ ਉਪਰਾਲੇ, ਉਹਨਾਂ ਨੂੰ ਪੰਜਾਬੋਂ ਬਾਹਰਲੇ ਕਿਸੇ ਸਰਕਾਰੀ ਗੈਰ ਸਰਕਾਰੀ ਅਦਾਰੇ ਤੋਂ ਮੱਦਦ ਦੀ ਆਸ ਰੱਖਣ ਦੀ ਬਜਾਏ ਆਪਣੀ ਮੱਦਦ ਆਪ ਹੀ ਕਰਨੀ ਪਵੇਗੀ ਤੇ ਪੰਜਾਬੀਆਂ ਨੇ ਇਸ ਵਾਰ ਇਸ ਨੂੰ ਸਾਕਾਰ ਕਰਕੇ ਪੂਰੀ ਦੁਨੀਆਂ ਨੂੰ ਦੱਸ ਵੀ ਦਿੱਤਾ ਹੈ ਕਿ ਉਹ ਕਿਸ ਜ਼ਰਖੇਜ ਧਰਤ ਦੇ ਜਾਏ ਹਨ, ਉਹਨਾਂ ਦੇ ਸੰਸਕਾਰ ਕੀ ਹਨ ਤੇ ਉਹ ਕਿਵੇਂ ਅਸੰਭਵ ਨੂੰ ਵੀ ਸੰਭਵ ਬਣਾ ਸਕਦੇ ਹਨ?

ਇਸ ਹੁਣਵੇਂ ਹੜ੍ਹ ਤੋਂ ਬਾਅਦ ਪੰਜਾਬੀਆਂ ਨੇ ਇਹ ਸਬਕ ਵੀ ਸਿੱਖ ਲਿਆ ਹੈ ਤੇ ਇਹ ਗੱਲ ਪੂਰੀ ਤਰਾਂ ਲੜ ਬੰਨ੍ਹ ਲਈ ਹੈ ਕਿ ਇਹ ਆਏ ਸਾਲ ਆਉਣ ਵਾਲੇ ਹੜ੍ਹ ਉਹਨਾਂ ਦੀ ਹੋਣੀ ਨਹੀਂ, ਇਹ ਕੋਈ ਕੁਦਰਤੀ ਆਫਤ ਨਹੀਂ, ਬਲਕਿ ਇਹ ਤਾਂ ਸ਼ੈਤਾਨਾਂ ਤੇ ਹੈਵਾਨਾਂ ਦੀ ਪੰਜਾਬ ਵਿਰੁੱਧ ਕੁਦਰਤੀ ਆਫਤ ਦੇ ਓਹਲੇ ਹੇਠ ਕੀਤੀ ਜਾ ਰਹੀ ਇੱਕ ਬਹੁਤ ਹੀ ਵਿਓਂਤੀ ਹੋਈ ਕੋਝੀ ਸਾਜ਼ਿਸ਼ ਹੈ ।

ਪਿਛਲੇ ਛੇ ਸਾਲਾਂ ਵਿਚ (2019, 2023 ਅਤੇ 2025 ) ਤਿੰਨ ਵਾਰ ਹੜ੍ਹ ਆ ਚੁੱਕੇ ਹਨ ਤੇ ਸਰਕਾਰਾਂ ਕਦੇ ਮੁਆਵਜੇ ਦੇ ਐਲਾਨਾਂ ਤੋਂ ਅੱਗੇ ਨਹੀਂ ਵਧੀਆਂ। ਇਹ ਮੁਆਵਜੇ ਕਿਹਨਾਂ ਲੋਕਾਂ ਨੂੰ ਕਿੰਨੇ ਦਿੱਤੇ ਗਏ, ਇਸ ਦਾ ਕੋਈ ਲੇਖਾ ਜੋਖਾ ਕਦੇ ਵੀ ਨਹੀਂ ਕੀਤਾ ਗਿਆ ਤੇ ਨਾ ਹੀ ਕਦੇ ਕਿਸੇ ਨੇ ਅਜਿਹਾ ਕੀਤੇ ਜਾਣ ਦੀ ਕਦੇ ਕੋਈ ਮੰਗ ਹੀ ਕੀਤੀ ਹੈ। ਹੜ੍ਹਾਂ ਨੂੰ ਕੁਦਰਤੀ ਕਰੋਪੀ ਮੰਨਕੇ ਹੀ ਗੱਲ ਆਈ ਗਈ ਕਰ ਦਿੱਤੀ ਜਾਂਦੀ ਹੈ। ਕੁੱਝ ਸਮੇਂ ਬਾਅਦ ਹਾਲਾਤ ਆਮ ਵਰਗੇ ਹੋ ਜਾਂਦੇ ਹਨ ਤੇ ਲੋਕ ਸਭ ਕੁੱਝ ਭੁੱਲ ਭੁਲਾ ਕੇ ਆਪਣੀ ਜਿੰਦਗੀ ਚ ਅੱਗੇ ਵਧ ਜਾਂਦੇ ਹਨ, ਪਰ ਇਹਨਾਂ ਹੜ੍ਹਾਂ ਦੇ ਪਿਛੇ ਕਿਹੜੀ ਸ਼ਾਜਿਸ਼ ਕਥਿਤ ਰੂਪ ਵਿਚ ਕਾਰਜਸ਼ੀਲ ਰਹੀ, ਉਸ ਦੀਆਂ ਤੰਦਾਂ ਪਰਤੀਂ ਖੋਹਲਣ ਦੀ ਕਦੇ ਕਿਸੇ ਸਰਕਾਰੀ ਜਾਂ ਗੈਰ ਸਰਕਾਰੀ ਅਦਾਰੇ ਨੇ ਕੋਸ਼ਿਸ਼ ਹੀ ਨਹੀਂ ਕੀਤੀ। ਸਿੱਟਾ ਇਹ ਨਿਕਲਦਾ ਰਿਹਾ ਹੈ ਕਿ ਪੰਜਾਬ ਵਿਚ ਹੜ੍ਹਾਂ ਦਾ ਆਉਣਾ ਆਮ ਹੋ ਗਿਆ, ਲੋਕਾਂ ਨੇ ਇਸ ਨੂੰ ਆਪਣੀ ਹੋਣੀ ਮੰਨ ਲਿਆ, ਜਦ ਕਿ ਅਜਿਹਾ ਬਿਲਕੁਲ ਵੀ ਨਹੀਂ ਹੈ, ਇਹਨਾਂ ਹੜ੍ਹਾਂ ਦੇ ਪਿੱਛੇ ਬਹੁਤ ਹੀ ਗਹਿਰੀ ਤੇ ਸੋਚੀ ਸਮਝੀ ਸਾਜਿਸ਼ ਹੈ, ਜਿਸ ਦਾ ਪਰਦਾ ਫਾਸ਼ ਹੋਣਾ ਬਹੁਤ ਜਰੂਰੀ ਹੈ ।

ਹੜ੍ਹ ਆਉਂਦੇ ਨਹੀਂ ਲਿਆਏ ਜਾਂਦੇ ਹਨ। ਏਹੀ ਕਾਰਨ ਹੈ ਹਰ ਵਾਰ ਸਰਕਾਰਾਂ ਨੇ ਗੋਂਗਲੂਆਂ ਤੋਂ ਮਿੱਟੀ ਝਾੜਨ ਤੇ ਸਿਆਸੀ ਪਾਰਟੀਆਂ ਨੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਤੋਂ ਸਿਵਾਏ ਇਸ ਦਿਸ਼ਾ ਵਿਚ ਕਦੇ ਵੀ ਕੋਈ ਠੋਸ ਕੰਮ ਨਹੀਂ ਕੀਤਾ।

ਅਸੀਂ ਦੇਖਿਆ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਫਗਾਨਿਸਤਾਨ ਚ ਆਏ ਭੁਚਾਲ ਝਟਕਿਆ ਬਾਰੇ ਤਾਂ ਚਿੰਤਾ ਗ੍ਰਸਤ ਹਨ ਤੇ ਦੋ ਘੰਟੇ ਅੰਦਰ ਹੀ ਟਵੀਟ ਕਰਕੇ ਅਫਗਾਨਿਸਤਾਨ ਨੂੰ ਹਰ ਤਰਾਂ ਦੀ ਮੱਦਦ ਦੇਣ ਦਾ ਭਰੋਸਾ ਦੇ ਦਿੰਦੇ ਹਨ ਜਦ ਕਿ ਦੂਜੇ ਪਾਸੇ ਪੰਜਾਬ ਵਿਚ ਹੜ੍ਹ ਆਇਆ ਲਗਭਗ ਮਹੀਨਾਂ ਹੋ ਗਿਆ ਹੈ, ਉਹਨਾਂ ਨੇ ਮੂੰਹ ਚ ਘੁੰਗਣੀਆਂ ਪਾ ਰੱਖੀਆਂ ਹਨ, ਹੜਾਂ ਨਾਲ ਹੋਈ ਤਬਾਹੀ ਉੱਤੇ ਸੱਚੇ ਝੂਠੇ ਮਨੋਂ ਇਕ ਵੀ ਸਟੇਟਮੈਂਟ ਦੇਣ ਦੀ ਜਰੂਰਤ ਨਹੀਂ ਸਮਝੀ, ਜਿਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਾਂ ਤਾਂ ਦੇਸ਼ ਦੀ ਸਰਕਾਰ ਪੰਜਾਬ ਨੂੰ ਭਾਰਤ ਦਾ ਹਿੱਸਾ ਨਹੀਂ ਮੰਨਦੀ ਤੇ ਜਾਂ ਫੇਰ ਡੈਮਾਂ ਦੇ ਫੱਟੇ ਕਿਸੇ ਗੁੱਝੀ ਸ਼ਾਜਿਸ਼ ਤਹਿਤ ਖੋਹਲੇ ਜਾਂਦੇ ਹਨ।

ਪੰਜਾਬ ਵਿਚ ਹੋਈ ਘੋਰ ਆਲੋਚਨਾ ਤੋਂ ਬਾਅਦ, ਦੇਸ਼ ਦਾ ਪ੍ਰਧਾਨਮੰਤਰੀ ਬੀਤੇ ਦਿਨ ਪੰਜਾਬ ਵਿੱਚ ਹੜ੍ਹਾਂ ਦਾ ਦੌਰਾ ਕਰਨ ਵਾਸਤੇ ਆਇਆ ਤੇ 1600 ਕਰੋੜ ਦੀ ਛੋਟੀ ਜਿਹੀ ਰਾਸ਼ੀ ਦਾ ਐਲਾਨ ਕਰਕੇ ਵਾਪਸ ਚਲਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੌਰੇ ਤੋਂ ਇੰਜ ਲੱਗਾ ਕਿ ਜਿਵੇਂ ਉਹਨਾਂ ਨੂੰ ਪੰਜਾਬ ਚ ਆਏ ਹੜ੍ਹਾਂ ਦੀ ਕੋਈ ਸੰਵੇਦਨਾ ਨਾ ਹੋਵੇ ਤੇ ਉਹ ਬਸ ਇਕ ਫਾਰਮਿਲਟੀ ਜਿਹੀ ਹੀ ਪੂਰੀ ਕਰਨ ਆਏ ਹੋਣ।

ਸੋ ਪੰਜਾਬੀਆਂ ਨੂੰ ਹੁਣ ਇਹ ਗੱਲ ਚੰਗੀ ਤਰਾਂ ਸਮਝ ਲੈਣੀ ਚਾਹੀਦੀ ਹੈ ਕਿ ਅਜਿਹੇ ਕਠਿਨ ਮੌਕਿਆਂ ਉੱਤੇ ਸਰਕਾਰੀ ਮੱਦਦ ਦੀ ਆਸ ਬਿਲਕੁਲ ਨਾ ਰੱਖਣ ਤੇ ਨਾ ਹੀ ਕਿਸੇ ਸਰਕਾਰ ਨੇ ਇਹ ਕਰਨੀ ਹੀ ਹੈ।

ਇਸ ਵੇਲੇ ਹਰ ਪੰਜਾਬੀ ਆਪੋ ਆਪਣੇ ਵਿੱਤ ਮੂਜਬ ਇਕ ਦੂਸਰੇ ਦੀ ਮੱਦਦ ਕਰ ਰਿਹਾ ਹੈ। ਬਹੁਤ ਸਾਰੇ ਕਲਾਕਾਰ ਤੇ ਸਮਾਜ ਸੇਵੀ ਅੱਗੇ ਆਏ ਹਨ, ਉਹਨਾਂ ਨੇ ਹੜ੍ਹ ਪੀੜਤਾਂ ਦੀ ਬਾਂਹ ਫੜੀ ਹੈ ਤੇ ਮੁੜ ਵਲੇਬੇ ਦਾ ਅਹਿਦ ਲਿਆ ਹੈ ਜੋ ਕਿ ਬਹੁਤ ਵੱਡਾ ਪੁੰਨ ਹੈ । ਹੜ੍ਹ ਪੀੜਤਾਂ ਨੂੰ ਉਹਨਾਂ ਦੀ ਇਸ ਬਹੁਤ ਹੀ ਔਖੀ ਘੜੀ ਚ ਸਹਾਰਾ ਦੇਣਾ ਬਹੁਤ ਵੱਡਾ ਕਾਰਜ ਹੈ ਜਿਸ ਵਾਸਤੇ ਸ਼ੁਕਰੀਆ ਜਾਂ ਧਨਵਾਦ ਆਦਿ ਲਫ਼ਜ ਬਹੁਤ ਬੌਨੇ ਹਨ ਤੇ ਉਹਨਾਂ ਦੁਆਰਾ ਕੀਤਾ ਜਾ ਰਿਹਾ ਕਾਰਜ ਬਹੁਤ ਮਹਾਨ ਹੈ । ਇਸ ਵਾਸਤੇ ਸਮੂਹ ਪੰਜਾਬੀ ਉਹਨਾਂ ਦੇ ਰੋਮ ਰੋਮ ਤੋਂ ਹਮੇਸ਼ਾਂ ਵਾਸਤੇ ਰਿਣੀ ਰਹਿਣਗੇ ।

ਅਗਲੀ ਗੱਲ ਇਹ ਹੈ ਕਿ ਭਵਿੱਖ ਵਿਚ ਇਹਨਾਂ ਹੜਾਂ ਨੂੰ ਡੱਕਾ ਵੀ ਸਾਨੂੰ ਆਪ ਹੀ ਰਲ ਮਿਲਕੇ ਲਾਉਣਾ ਪੈਣਾ ਹੈ, ਇਸ ਕਰਕੇ ਅੱਗੋਂ ਤੋਂ ਪੱਕੇ ਕਮਰ ਕੱਸੇ ਕਰ ਲੈਣੇ ਚਾਹੀਦੇ ਹਨ । ਇਹ ਆਮ ਕਹਿੰਦੇ ਹਨ ਕਿ ਦਰਿਆਵਾਂ ਨੂੰ ਨੱਕੇ ਨਹੀਂ ਲਗਦੇ, ਪਰ ਪੰਜਾਬੀਆਂ ਨੇ ਲਗਾ ਕੇ ਦਿਖਾਉਣੇ ਆ ਕਿ ਪੰਜਾਬ ਦੇ ਜਾਏ ਆਪਣੀ ਆਈ ਤੇ ਆ ਜਾਣ ਤਾਂ ਫਿਰ ਦਰਿਆਵਾਂ ਨੂੰ ਨੱਕੇ ਹੀ ਨਹੀਂ ਬਲਕਿ ਦਰਿਆਵਾ ਦੇ ਵਹਿਣਾ ਦਾ ਰੁੱਖ ਵੀ ਮੋੜ ਸਕਦੇ ਹਨ ।

ਇਥੇ ਇੱਕ ਗੱਲ ਬਹੁਤ ਡੂੰਘੀ ਵਿਚਾਰ ਦੀ ਮੰਗ ਕਰਦੀ ਹੈ ਕਿ ਪੰਜਾਬ ਦੇ ਚਾਰ ਮੁੱਖ ਡੈਮਾਂ (ਭਾਖੜਾ, ਹਣਜੀਤ ਸਾਗਰ, ਥੀਨਡੈਮ ਤੇ ਪੋਂਗਡੈਮ) ਦੀ ਉਸਾਰੀ ਪਾਣੀ ਦੀ ਸਹੀ ਵੰਡ ਅਤੇ ਹੜ੍ਹਾਂ ਦੀ ਰੋਕਥਾਮ ਵਾਸਤੇ ਕੀਤੀ ਗਈ ਸੀ । ਇਸ ਦੇ ਨਾਲ ਹੀ ਇਹਨਾਂ ਡੈਮਾਂ ਦਾ ਮਕਸਦ ਇਹ ਵੀ ਸੀ ਕਿ ਪੰਜਾਬ ਵਿਚ ਨਹਿਰਾਂ ਦਾ ਜਾਲ ਵਿਛਾ ਕੇ ਪੂਰੇ ਪੰਜਾਬ ਦੀ ਜਮੀਨ ਨੂੰ ਜ਼ਰਖੇਜ ਬਣਾਇਆ ਜਾਵੇਗਾ ਤੇ ਸਸਤੀ ਬਿਜਲੀ ਪੈਦਾ ਕਰਕੇ ਪੰਜਾਬ ਦੇ ਹਰ ਕੋਨੇ ਨੂੰ ਰੁਸ਼ਨਾਇਆ ਜਾਵੇਗਾ। ਇਸ ਕਰਕੇ ਡੈਮ ਉਸਾਰੇ ਗਏ, ਨਹਿਰਾਂ ਕੱਢੀਆਂ ਗਈਆਂ ਗਈਆਂ ਤੇ ਬਿਜਲੀ ਪੈਦਾ ਕਰਨ ਵਾਸਤੇ ਹਾਈਡਲ ਪਰੋਜੈਕਟ ਲਗਾਏ ਗਏ, ਪਰ ਇਹ ਸਭ ਕੁੱਝ ਕਰ ਲੈਣ ਤੋਂ ਬਾਅਦ, ਉਸੇ ਸਮੇਂ ਬਿਨ੍ਹਾਂ ਕਿਸੇ ਦੇਰੀ ਕੇਂਦਰ ਸਰਕਾਰ ਵਲੋਂ ਇਸ ਦੀ ਯੋਜਨਾਬੱਧ ਲੁੱਟ ਸ਼ੁਰੂ ਕਰ ਦਿੱਤੀ ਗਈ। ਸਸਤੀ ਬਿਜਲੀ ਪੰਜਾਬੋਂ ਬਾਹਰ ਦਿੱਲੀ ਤੇ ਹਰਿਆਣੇ ਨੂੰ ਭੇਜੀ ਗਈ, ਪਾਣੀ ਮੁਫਤ ਦੇ ਭਾਅ ਦੂਜੇ ਰਾਜਾਂ ਨੂੰ ਤੇ ਬਰਸਾਤਾਂ ਦੇ ਓਹਲੇ ਹੇਠ ਡੈਮ ਪੰਜਾਬ ਵਿਚ ਹੜ੍ਹ ਲਿਆਉਣ ਲਈ ਵਰਤੇ ਜਾਣ ਲੱਗ ਪਏ।

ਆਰਥਿਕਤਾ ਕਿਸੇ ਵਿਅਕਤੀ, ਰਾਜ ਅਤੇ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ, ਪੰਜਾਬ ਦੀ ਰੀੜ੍ਹ ਦੀ ਹੱਡੀ ਤੋੜਨ ਵਾਸਤੇ ਡੈਮਾਂ ਦੀ ਵਾਰ ਵਾਰ ਵਰਤੋਂ ਕੀਤੀ ਜਾ ਰਹੀ ਹੈ। ਇਸ ਨੁਕਤੇ ਨੂੰ ਅਸੀਂ ਪੰਜਾਬੀ ਜਿੰਨੀ ਜਲਦੀ ਹੁਣ ਸਮਝ ਲਈਏ, ਉਨ੍ਹਾਂ ਹੀ ਚੰਗਾ ਹੈ।

ਮੈਂ ਪਹਿਲਾਂ ਵੀ ਇਸ ਬਾਰੇ ਲਿਖਿਆ ਸੀ ਕਿ ਪੰਜਾਬ ਵਿਚਲੇ ਹੜ੍ਹ ਕੋਈ ਕੁਦਰਤੀ ਕਰੋਪੀ ਜਾਂ ਆਫਤ ਨਹੀਂ, ਇਹ ਤਾਂ ਇਕ ਬਹੁਤ ਹੀ ਸੋਚੀ ਸਮਝੀ ਸ਼ਜਿਸ਼ ਹੈ। ਡੈਮਾਂ ਤੇ ਹਾਈਡਲ ਪਰੋਜੈਕਟਾਂ ਦਾ ਸਮੁੱਚਾ ਪਰਬੰਧ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹੈ, ਇਹਨਾਂ ਉੱਤੇ ਬਹੁ ਗਿਣਤੀ ਅਮਲਾ ਫੈਲਾ ਵੀ ਪੰਜਾਬੋਂ ਬਾਹਰਲੇ ਉਹਨਾਂ ਲੋਕਾਂ ਦਾ ਹੈ, ਜਿਹਨਾਂ ਨੂੰ ਪੰਜਾਬ ਦੇ ਭੂਗੋਲਿਕ ਹਲਾਤਾਂ ਬਾਰੇ ਜਾਣਕਾਰੀ ਹੀ ਨਹੀਂ। ਉਹਨਾਂ ਵਾਸਤੇ ਡੈਮਾਂ ਦੇ ਫਲੱਡ ਗੇਟ ਖੋਹਲਣੇ ਬਹੁਤ ਮਾਮੂਲੀ ਜਿਹੀ ਗੱਲ ਹੈ।

ਚਲੋ ਮੰਨ ਲੈਂਦੇ ਹਾਂ ਕਿ 1955 ਤੇ 1988 ਦੇ ਹੜ੍ਹ ਕੁਦਰਤੀ ਕਰੋਪੀ ਹੋਣਗੇ, ਪਰ ਇਸ ਸਮੇਂ ਹਾਲਾਤ ਉਹ ਨਹੀਂ, ਮੌਸਮ ਦੀ ਪਲ ਪਲ ਦੀ ਅਗਾਊਂ ਜਾਣਕਾਰੀ ਦੇਣ ਵਾਸਤੇ ਉਪ ਗ੍ਰਹਿ ਹਨ, ਮੌਸਮ ਵਿਭਾਗ ਹੈ, ਕਹਿਣ ਦਾ ਭਾਵ ਵਾਤਾਵਰਨ ਵਿਚਲੀ ਹਰ ਨਿੱਕੀ ਤੋਂ ਨਿੱਕੀ ਤਬਦੀਲੀ ਮਾਪੀ ਜਾ ਸਕਦੀ ਹੈ, ਭੁਚਾਲ, ਤੁਫਾਨ, ਸੁਨਾਮੀ ਹੋਵੇ ਜਾਂ ਹੜ੍ਹ, ਇਹਨਾਂ ਦਾ ਸਮਾਂ ਰਹਿੰਦਿਆ ਪਤਾ ਲਗਾਉਣ ਵਾਲੇ ਵਿਗਿਆਨਕ ਯੰਤਰ ਮੌਜੂਦ ਹਨ, ਇਸ ਕਰਕੇ ਕਿਸੇ ਵੀ ਮੁਸ਼ਕਲ ਨਾਲ ਨਿਪਟਣ ਵਾਸਤੇ ਅਗਾਊਂ ਹੀ ਪੁਖਤਾ ਪ੍ਰਬੰਧ ਕੀਤੇ ਜਾ ਸਕਦੇ ਹਨ, ਪਰ ਬਹੁਤ ਦੁੱਖ ਹੈ ਕਿ ਪੰਜਾਬ ਵਿਚ ਪਿਛਲੇ ਪੰਝੀ ਛੱਬੀ ਦਿਨਾਂ ਤੋਂ ਜੋ ਕੁੱਝ ਵਾਪਰ ਰਿਹਾ ਹੈ, ਉਸ ਸੰਬੰਧੀ ਅਹਿਤਿਆਤ ਵਜੋਂ ਕੁੱਝ ਵੀ ਨਹੀਂ ਕੀਤਾ ਗਿਆ।

ਦੱਸਿਆ ਜਾਂਦਾ ਹੈ ਕੇ ਡੈਮਾਂ ਦੇ ਪਾਣੀ ਦਾ ਪੱਧਰ ਹਮੇਸ਼ਾ ਹੀ ਵੀਹ ਤੋਂ ਪੰਝੀ ਫੁੱਟ ਨੀਵਾਂ ਰੱਖਿਆ ਜਾਂਦਾ ਹੈ ਤੇ ਇਹ ਸਤਰ ਮੇਨਟੇਨ ਰੱਖਣ ਵਾਸਤੇ ਡੈਮਾਂ ਵਿਚੋਂ ਦਰਿਆਵਾਂ ਤੇ ਨਹਿਰਾਂ ਵਿੱਚ ਲੋੜ ਮੁਤਾਬਿਕ ਲਗਾਤਾਰ ਪਾਣੀ ਰਿਲੀਜ ਕੀਤਾ ਜਾਂਦਾ ਰਹਿੰਦਾ ਹੈ, ਪਰ ਇਸ ਵਾਰ ਲਗਾਤਾਰ ਪਾਣੀ ਰਿਲੀਜ ਕਰਦੇ ਰਹਿਣ ਦੀ ਬਜਾਏ, ਡੈਮਾਂ ਵਿਚ ਪਾਣੀ ਖਤਰੇ ਦੇ ਨਿਸ਼ਾਨ ਤੱਕ ਪਹਿਲਾਂ ਜਮਾਂ ਕੀਤਾ ਗਿਆ ਤੇ ਫਿਰ ਰਾਤੋ ਰਾਤ ਡੈਮਾਂ ਦੇ ਫਲੱਡ ਗੇਟ ਖੋਹਲ ਦਿੱਤੇ ਗਏ, ਲੋਕਾਂ ਨੂੰ ਫਲੱਡ ਗੇਟ ਖੋਹਲਣ ਬਾਰੇ ਅਗਾਊਂ ਸੂਚਿਤ ਵੀ ਨਹੀਂ ਕੀਤਾ ਗਿਆ । ਇਸ ਸਾਰੇ ਘਟਨਾ ਕ੍ਰਮ ਤੋਂ ਇਸ ਤਰਾਂ ਲਗਦਾ ਹੈ ਕਿ ਜਿਵੇਂ ਇਹ ਸਾਰਾ ਕੁੱਝ ਬਹੁਤ ਹੀ ਗਿਣੀ ਮਿਥੀ ਸ਼ਾਜਿਸ ਤਹਿਤ ਕੀਤਾ ਗਿਆ ਹੈ । ਜਿਹੜੀ ਬਹੁਤ ਹੀ ਖਾਸ ਗੱਲ ਇਥੇ ਮੈਂ ਦੱਸਣੀ ਚਾਹੁੰਦਾ ਹਾਂ , ਉਹ ਇਹ ਹੈ ਕਿ ਇਸ ਹੜ੍ਹ ਨੂੰ ਲੈ ਕੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (BBMB) ਉੱਤੇ ਦੇਸ਼ ਦੀ ਸੁਪਰੀਮ ਕੋਰਟ ਵਿਚ ਇਕ ਲੋਕ ਹਿੱਤ ਪੁਟੀਸ਼ਨ ਪਾਈ ਜਾਣੀ ਚਾਹੀਦੀ ਹੈ, ਜਿਸ ਵਿਚ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਵੀ ਧਿਰ ਬਣਾਇਆ ਜਾਵੇ। ਇਹਨਾਂ ਨੂੰ ਹੜ੍ਹ ਵਾਸਤੇ ਜਿੰਮੇਵਾਰ ਮੰਨਕੇ ਲੋਕਾਂ ਦੇ ਜਾਨ ਮਾਲ ਦੀ ਭਰਪਾਈ ਕਰਾਉਣ ਦਾ ਕੇਸ ਲੜਿਆ ਜਾਵੇ, ਹੜ੍ਹਾਂ ਬਾਰੇ ਡੂੰਘੀ ਪੜਤਾਲ ਕਰਵਾਈ ਜਾਵੇ ਤੇ ਹਰ ਹੜ੍ਹ ਪੀੜਤ ਵਾਸਤੇ ਮੁਆਵਜਾ ਕਲੇਮ ਕੀਤਾ ਜਾਵੇ। ਇਸ ਤਰਾਂ ਕਰਨ ਨਾਲ ਡੈਮਾਂ ਦੇ ਫਲੱਡ ਗੇਟ ਖੋਹਲਣ ਅਤੇ ਖੁਲਵਾਉਣ ਵਾਲਿਆਂ ਦੀ ਪਾਜ ਵੀ ਖੁਲ੍ਹੇਗੀ, ਉਹਨਾਂ ਨੂੰ ਸਜਾ ਵੀ ਮਿਲ ਸਕੇਗੀ ਤੇ ਅੱਗੋਂ ਤੋਂ ਇਹ ਹਰਕਤ ਕਰਨ ਦੀ ਕੋਈ ਹਿਮਾਕਤ ਵੀ ਨਹੀਂ ਕਰੇਗਾ।

ਸੋ ਇਸ ਹੜ੍ਹ ਨੂੰ ਕੁਦਰਤੀ ਕਰੋਪੀ ਮੰਨਕੇ ਇਥੇ ਹੀ ਗੱਲ ਆਈ ਗਈ ਨਾ ਕੀਤੀ ਜਾਵੇ ਸਗੋਂ ਹੜ੍ਹ ਪੀੜਤਾਂ ਦੀ ਮੱਦਦ ਦੇ ਨਾਲ ਨਾਲ ਹੀ ਇਸ ਦੀ ਕਨੂੰਨੀ ਚਾਰਾਜੋਈ ਵੀ ਕੀਤੀ ਜਾਵੇ।

ਪੰਜਾਬ ਦਾ ਹਰ ਪੱਖੋਂ ਇਸ ਵੇਲੇ ਬਹੁਤ ਨੁਕਸਾਨ ਹੋ ਚੁੱਕਾ ਹੈ , ਹੜ੍ਹ ਪੀੜਤਾਂ ਨੂੰ ਪੈਰੀਂ ਆਉਂਦਿਆਂ ਕਰਦਿਆਂ ਚਾਰ ਤੋਂ ਪੰਜ ਸਾਲ ਦਾ ਸਮਾਂ ਵੀ ਲੱਗ ਸਕਦਾ ਹੈ, ਦੂਜੀ ਗੱਲ ਇਹ ਕਿ ਇਹ ਵੀ ਕੋਈ ਗਰੰਟੀ ਨਹੀਂ ਕਿ ਭਵਿੱਖ ਵਿਚ ਇਸ ਤਰਾਂ ਦੁਬਾਰਾ ਨਹੀਂ ਵਾਪਰੇਗਾ। ਬੇਸ਼ੱਕ ਹਰ ਕੋਈ ਆਪੋ ਆਪਣੇ ਵਿੱਤ ਮੁਜਬ ਇਸ ਵੇਲੇ ਹੜ੍ਹ ਪੀੜਤਾਂ ਦੀ ਮੱਦਦ ਕਰ ਰਿਹਾ ਹੈ, ਉਹਨਾਂ ਦੀ ਜਿੰਦਗੀ ਮੁੜ ਤੋਂ ਲੀਹੇ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਇਸ ਦੇ ਨਾਲ ਭਵਿੱਖ ਵਿਚ ਇਹ ਵੀ ਯਕੀਨੀ ਬਣਾਉਣਾ ਜਰੂਰੀ ਹੈ ਕਿ ਮੁੜ ਇਸ ਤਰਾਂ ਕਦੇ ਨਾ ਵਾਪਰੇ। ਇਸ ਕਰਕੇ ਹੁਣ ਪੱਕੇ ਪੈਰੀਂ ਹੱਥ ਪਾਉਣਾ ਪਊ। ਵੱਡਾ ਨੁਕਤਾ ਏਹੀ ਹੈ ਕਿ ਜਿਹਨਾਂ ਡੈਮਾਂ ਦੀ ਉਸਾਰੀ ਕੀਤੀ ਹੀ ਹੜ੍ਹਾਂ ਨੂੰ ਰੋਕਣ ਵਾਸਤੇ ਸੀ, ਫਿਰ ਅੱਜ ਓਹੀ ਡੈਮ ਹੜਾਂ ਦਾ ਕਾਰਨ ਕਿਓਂ ਬਣ ਰਹੇ ਹਨ? ਸਾਡੀ ਜਾਨ ਤੇ ਮਾਲ ਦਾ ਖੌਅ ਕਿਉਂ ਬਣੇ ਹੋਏ ਹਨ ?

ਮੁੱਕਦੀ ਗੱਲ ਇਹ ਹੈ ਕਿ ਹੜ੍ਹ ਇਕ ਕੁਦਰਤੀ ਘਟਨਾ ਹੋ ਸਕਦੇ ਹਨ, ਇਹਨਾਂ ਨੂੰ ਅਗਾਊਂ ਢੁਕਵੇਂ ਇੰਤਜਾਮ ਕਰਕੇ ਰੋਕਿਆ ਜਾ ਸਕਦਾ ਹੈ, ਪਰ ਜੇਕਰ ਪੰਜਾਬ ਚ ਆ ਰਹੇ ਹੜ੍ਹਾਂ ਦੇ ਸਾਰੇ ਘਟਨਾ ਕ੍ਰਮ ਨੂੰ ਨੀਝ ਨਾਲ ਦੇਖਿਆ ਜਾਵੇ ਤਾਂ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਪੰਜਾਬ ਵਿਚ ਹੜ੍ਹ ਕੁਦਰਤੀ ਕਰੋਪੀ ਤੋਂ ਵਧਕੇ ਅਣਮਨੁੱਖੀ ਸਿਆਸਤ ਤੇ ਸਾਜ਼ਿਸ਼ ਦਾ ਨਤੀਜਾ ਹਨ ਤੇ ਇਹ ਉਨਾ ਚਿਰ ਨਹੀਂ ਰੋਕੇ ਜਾ ਸਕਦੇ ਜਿੰਨਾ ਚਿਰ ਪੰਜਾਬੀ ਇਹ ਮੰਨਕੇ ਨਹੀਂ ਚਲਦੇ ਕਿ ਹੜ੍ਹਾਂ ਦੇ ਓਹਲੇ ਹੇਠ ਉਹਨਾਂ ਨੂੰ ਜਾਣ ਬੁਝਕੇ ਕਿਸੇ ਗਹਿਰੀ ਸ਼ਾਜਿਸ ਤਹਿਤ ਹੜ੍ਹਾਂ ਚ ਡੋਬਿਆ ਜਾ ਰਿਹਾ ਹੈ। ਇਹ ਹੜ੍ਹ ਸਾਡੀ ਹੋਣੀ ਨਹੀਂ ਹੈ ਬਲਕਿ ਸਾਡੀ ਹੋਂਦ ਉੱਤੇ ਇਕ ਬਹੁਤ ਹੀ ਵਿਓਂਤਬੱਧ ਹਮਲਾ ਹੈ। ਇਸ ਨੁਕਤੇ ਨੂੰ ਜਿੰਨੀ ਜਲਦੀ ਸਮਝ ਲਿਆ ਜਾਵੇ, ਉਨ੍ਹਾਂ ਹੀ ਸਾਡਾ ਭਲਾ ਹੈ।



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

# ਗੋਰਾ ਮਿੱਤਰ ਚੋਟੀ ਦਾ ਟੈਕਨੀਸ਼ੀਅਨ...



ਗੋਰਾ ਮਿੱਤਰ..ਚੋਟੀ ਦਾ ਟੈਕਨੀਸ਼ੀਅਨ..ਅਚਾਨਕ ਕੈਂਸਰ ਹੋ ਗਿਆ..ਔਖੇ ਵੇਲੇ ਨਾਲਦੀ ਵੀ ਸਾਥ ਛੱਡ ਗਈ..ਹੁਣ ਝੂਰਦਾ ਰਿਹਾ ਕਰੇ..ਤੁਹਾਡਾ ਕਲਚਰ ਵਧੀਆ..ਥੋੜੀ ਕੀਤਿਆਂ ਅੱਡੋ-ਅੱਡ ਨੀਂ ਹੁੰਦੇ..!

ਉਸ ਦਿਨ ਬਾਹਰ ਸਾਂ..ਫੋਨ ਆਇਆ ਮਿਲ ਜਾ..ਕੌਫੀ ਵੀ ਲੈਂਦਾ ਆਵੀਂ..ਮੈਂ ਮਜਬੂਰੀ ਦੱਸੀ..ਪਰਤ ਆਵਾਂ ਫੇਰ ਮਿਲਾਗਾਂ..ਮੁੜ ਰੁਝੇਵਿਆਂ ਕਰਕੇ ਵਿੱਸਰ ਗਿਆ..ਇੱਕ ਦਿਨ ਓਧਰ ਦੀ ਨਿੱਕਲ ਰਿਹਾ ਸਾਂ..ਚੇਤਾ ਆਇਆ..ਫੋਨ ਕੀਤਾ ਪਰ ਚੁੱਕੇ ਹੈਨਾ..ਘਰ ਅੱਗੇ ਅੱਪੜਿਆ..ਨਾਲਦੇ ਪਾਸੇ ਗੋਰੀ ਫੁਲ ਬੂਟੇ ਸੁੰਬਰ ਰਹੀ ਸੀ..ਆਖਣ ਲੱਗੀ ਉਹ ਤੇ ਰਵਾਨਗੀ ਪਾ ਗਿਆ ਏ..ਠੀਕ ਓਸੇ ਸ਼ਾਮ ਜਿਸ ਦਿਨ ਮੈਥੋਂ ਕੌਫੀ ਮੰਗੀ ਜਾਂਦਾ ਸੀ..!

ਧੱਕਾ ਲੱਗਿਆ..ਬੰਦਾ ਏਡੀ ਛੇਤੀ ਕਿਸ ਜਹਾਨ ਚਲਿਆ ਜਾਂਦਾ..ਫੇਰ ਕੌਫੀ ਦਾ ਕੱਪ ਗੋਰੀ ਨੂੰ ਫੜਾ ਦਿੱਤਾ..ਖੁਸ਼ ਹੋਈ..ਕਹਿੰਦੀ ਅੱਜ ਮੇਰੇ ਪੋਤਰਿਆਂ ਦੋਹਤਿਆਂ ਮਿਲਣ ਆਉਣਾ..ਤਾਂ ਹੀ ਲਾਣ ਠੀਕ ਕਰੀ ਜਾਂਦੀ ਹਾਂ!

ਸੱਚ ਪੁਛੋ ਤਾਂ ਇਸ ਜਹਾਨ ਅੰਦਰ..ਹਰ ਕੋਈ ਕਿਸੇ ਨਾ ਕਿਸੇ ਨੂੰ ਉਡੀਕ ਰਿਹਾ ਹੈ..ਮਿਲਣ ਦੇ ਝੂਠੇ ਲਾਰੇ ਲਾ ਮੁੜ ਵਿਸਾਰ ਦੇਣਾ ਕਈਆਂ ਦੀ ਫਿਦਰਤ ਤੇ ਝੂਠੇ ਲਾਰਿਆਂ ਤੇ ਯਕੀਨ ਕਰ ਲੈਣਾ ਕਈਆਂ ਦੀ ਮਜਬੂਰੀ..!

ਪਰ ਦੱਸਦੇ ਬਿਨਾ ਵਕੀਲ ਦਲੀਲ ਅਤੇ ਅਪੀਲ ਵਾਲੀ ਉਸ ਅਦਾਲਤ ਅੰਦਰ ਪਹਿਲੇ ਗੁਨਾਹ ਦੀ ਵੱਡੀ ਸਜਾ ਮਿਲਦੀ ਏ!

ਹਰਪ੍ਰੀਤ ਸਿੰਘ ਜਵੰਦਾ






# ਇੰਝ ਲੱਗਿਆ SRK ਨੂੰ ਮਿਲ ਰਿਹਾ

## ਆਰੀਅਨ ਖਾਨ ਨਾਲ ਪਹਿਲੀ ਮੁਲਾਕਾਤ 'ਤੇ ਬੋਲੇ ਦਿਲਜੀਤ ਦੋਸਾਂਝ



ਬੋਲੀਵੁੱਡ ਕਿੰਗ ਸ਼ਾਹਰੁਖ ਖਾਨ ਦੇ ਬੇਟੇ ਆਰੀਅਨ ਖਾਨ ਨੇ ਨਿਰਦੇਸ਼ਨ ਤੋਂ ਬਾਅਦ ਹੁਣ ਗਾਇਕੀ ਸਫ਼ਰ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਦਾ ਡੈਬਿਊ ਗੀਤ 'ਤੈਨੂੰ ਕੀ ਪਤਾ' ਰਿਲੀਜ਼ ਹੋ ਚੁੱਕਾ ਹੈ, ਜਿਸ ਵਿੱਚ ਉਨ੍ਹਾਂ ਨੂੰ ਪੰਜਾਬ ਦੇ ਮਸ਼ਹੂਰ ਗਾਇਕ ਦਿਲਜੀਤ ਦੋਸਾਂਝ ਦਾ ਸਾਥ ਮਿਲਿਆ।

ਆਰੀਅਨ ਖਾਨ ਦੇ ਪਿਤਾ ਸ਼ਾਹਰੁਖ ਖਾਨ ਨੇ ਗੀਤ 'ਤੈਨੂੰ ਕੀ ਪਤਾ' ਨੂੰ ਰਿਕਾਰਡ ਕੀਤੇ ਜਾਣ ਦਾ ਵੀਡੀਓ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਪੋਸਟ ਕੀਤਾ ਹੈ, ਜਿਸ ਰਾਹੀਂ ਉਨ੍ਹਾਂ ਨੇ ਦਿਲਜੀਤ ਦੁਸਾਂਝ ਦਾ ਧੰਨਵਾਦ ਕੀਤਾ ਹੈ। ਇਸ ਵੀਡੀਓ ਨੂੰ ਪੋਸਟ ਕਰਦੇ ਹੋਏ ਅਦਾਕਾਰ ਨੇ ਕੈਪਸ਼ਨ ਵਿੱਚ ਲਿਖਿਆ," ਦਿਲਜੀਤ ਪਾਜੀ ਦਾ ਦਿਲੋਂ ਧੰਨਵਾਦ ਅਤੇ ਵੱਡੀ ਜੱਫੀ...ਤੁਸੀਂ ਬਹੁਤ ਦਿਆਲੂ ਅਤੇ ਪਿਆਰੇ ਹੋ। ਉਮੀਦ ਹੈ ਕਿ ਆਰੀਅਨ ਨੇ ਤੁਹਾਨੂੰ ਬਹੁਤ ਜ਼ਿਆਦਾ ਪਰੇਸ਼ਾਨ ਨਹੀਂ ਕੀਤਾ। ਤੁਹਾਨੂੰ ਬਹੁਤ ਪਿਆਰ।"

ਸੁਪਰਸਟਾਰ ਨੂੰ ਜਵਾਬ ਦਿੰਦੇ ਹੋਏ, ਦਿਲਜੀਤ ਨੇ ਕਿਹਾ ਕਿ ਸਟੂਡੀਓ ਵਿੱਚ ਆਰੀਅਨ ਨੂੰ ਮਿਲਣਾ ਸ਼ਾਹਰੁਖ ਨੂੰ ਮਿਲਣ ਵਰਗਾ ਮਹਿਸੂਸ ਹੋਇਆ। ਸਰ ਬਹੁਤ ਪਿਆਰ ਜੀ ਆਰੀਅਨ ਵੀ ਬਹੁਤ ਪਿਆਰਾ ਹੈ.. ਜਦੋਂ ਮੈਂ ਉਸਨੂੰ ਪਹਿਲੀ ਵਾਰ ਸਟੂਡੀਓ ਵਿੱਚ ਮਿਲਿਆ, ਤਾਂ ਅਜਿਹਾ ਲੱਗਿਆ ਜਿਵੇਂ ਮੈਂ ਤੁਹਾਨੂੰ ਮਿਲ ਰਿਹਾ ਹਾਂ। ਜੋ ਕਿ ਮੇਰੇ ਲਈ ਪੂਰੀ ਤਰ੍ਹਾਂ ਹੈਰਾਨ ਕਰਨ ਵਾਲਾ ਸੀ.. ਕਿ ਆਰੀਅਨ ਗਿਟਾਰ ਵੀ ਵਜਾ ਸਕਦਾ ਹੈ ਅਤੇ ਗਾ ਵੀ ਸਕਦਾ ਹੈ। ਜਦੋਂ ਮੈਂ ਗਾਣਾ ਡਬ ਕਰ ਰਿਹਾ ਸੀ, ਤਾਂ ਉਹ ਗਾਣੇ ਦੇ ਹਰ ਇੱਕ ਨੋਟ ਨੂੰ ਜਾਣਦਾ ਸੀ.. ਰੱਬ ਉਸਨੂੰ ਤਰੱਕੀ ਤੇ ਸਤਿਕਾਰ ਦੇਵੇ।"

ਦੱਸ ਦਈਏ ਕਿ ਸ਼ਾਹਰੁਖ ਖਾਨ ਦੇ ਪੁੱਤਰ ਆਰੀਅਨ ਖਾਨ 18 ਸਤੰਬਰ ਨੂੰ ਪਰਦੇ 'ਤੇ ਆਉਣ ਵਾਲੀ 'ਬੈਡਸ ਆਫ ਬੋਲੀਵੁੱਡ' ਨਾਲ ਆਪਣੇ ਨਿਰਦੇਸ਼ਨ ਦੀ ਸ਼ੁਰੂਆਤ ਕਰ ਰਹੇ ਹਨ।

# ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਪ੍ਰਿੰਸ ਕੰਵਲਜੀਤ ਸਿੰਘ

ਜਿਸ ਵਿੱਚ ਕੁਝ ਬਣਨ ਦੀ ਲਗਨ ਹੋਵੇ, ਉਹ ਭੀੜ ਵਿੱਚ ਆਪਣੀ ਵੱਖਰੀ ਪਛਾਣ ਬਣਾ ਹੀ ਲੈਂਦਾ ਹੈ। ਅਜਿਹਾ ਹੀ ਨਾਂ ਹੈ ਪ੍ਰਿੰਸ ਕੰਵਲਜੀਤ। ਉਹ ਜਿੱਥੇ ਪੰਜਾਬੀ ਸਿਨੇਮਾ ਦਾ ਅਹਿਮ ਅਦਾਕਾਰ ਹੈ, ਉੱਥੇ ਹੀ ਉਹ ਹਾਸਰਸ ਕਲਾਕਾਰ ਤੇ ਪਟਕਥਾ ਲੇਖਕ ਵਜੋਂ ਵੀ ਚੰਗੀ ਪਛਾਣ ਰੱਖਦਾ ਹੈ। 2 ਮਾਰਚ 1980 ਨੂੰ ਕੋਟਕਪੂਰਾ ਵਿਖੇ ਉਸ ਦਾ ਜਨਮ ਹੋਇਆ। ਸਰਕਾਰੀ ਸਕੂਲ ਤੋਂ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਉਸ ਨੇ ਹੋਮਿਓਪੈਥਿਕ ਮੈਡੀਕਲ ਕਾਲਜ ਅਬੋਹਰ ਤੋਂ ਡੀ.ਐੱਚ. ਐੱਮ .ਐੱਸ ਡਾਕਟਰੀ ਦੀ ਪੜ੍ਹਾਈ ਪੂਰੀ ਕੀਤੀ।

ਉਸ ਨੂੰ ਬਚਪਨ ਤੋਂ ਹੀ ਫਿਲਮਾਂ ਦੇਖਣ ਦਾ ਸ਼ੌਕ ਰਿਹਾ ਹੈ। ਉਹ ਅਕਸਰ ਸਕੂਲ ਤੋਂ ਭੱਜ ਕੇ ਫਿਲਮਾਂ ਦੇਖਣ ਜਾਂਦਾ ਸੀ। ਉਹ ਮਨ ਹੀ ਮਨ ਅਦਾਕਾਰ ਬਣਨ ਦਾ ਸੁਪਨਾ ਦੇਖਣ ਲੱਗਾ। ਫਿਰ ਕਿਸੇ ਨੇ ਕਿਹਾ ਕਿ ਅਦਾਕਾਰ ਬਣਨ ਲਈ ਪਹਿਲਾਂ ਕੁਝ ਸਮਾਂ ਥੀਏਟਰ ਕਰਨਾ ਪੈਂਦਾ ਹੈ, ਜਿਸ ਨਾਲ ਚੰਗਾ ਅਦਾਕਾਰ ਬਣਿਆ ਜਾਂਦਾ ਹੈ। ਇਸ ਗੱਲ ਨੂੰ ਪੱਲੇ ਬੰਨ੍ਹਦੇ ਹੋਏ ਉਸ ਨੇ ਅੱਠਵੀਂ ਕਲਾਸ ਵਿੱਚ ਪੜ੍ਹਦਿਆਂ ਥੀਏਟਰ ਕਰਨਾ ਸ਼ੁਰੂ ਕਰ ਦਿੱਤਾ। ਇਹ ਸ਼ੌਕ ਕਾਲਜ ਦੀ ਪੜ੍ਹਾਈ ਸਮੇਂ ਵੀ ਜਾਰੀ ਰਿਹਾ, ਨਾਲ ਹੀ ਨੌਕਰੀ ਵੀ ਕਰਨ ਲੱਗ ਪਿਆ, ਪਰ ਉਸ ਦਾ ਕਿਤੇ ਵੀ ਮਨ ਨਹੀਂ ਸੀ ਲੱਗ ਰਿਹਾ।

ਪ੍ਰਿੰਸ ਕੰਵਲਜੀਤ ਦੇ ਪਿਤਾ ਦਾ ਟਰਾਂਸਪੋਰਟ ਦਾ ਕੰਮ ਸੀ ਜਿਨ੍ਹਾਂ ਨੇ ਪੁੱਤਰ ਨੂੰ ਵੀ ਆਪਣੀ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਕੱਪੜਿਆਂ ਦੀ ਦੁਕਾਨ ਖੋਲ੍ਹ ਕੇ ਦੇ ਦਿੱਤੀ। ਕੁਝ ਸਾਲ ਉਹ ਇਹ ਕਾਰੋਬਾਰ ਕਰਦਾ ਰਿਹਾ, ਪਰ ਦਿਲ ਵਿੱਚ ਅਦਾਕਾਰ ਬਣਨ ਦਾ ਜਨੂੰਨ ਸੀ ਜੋ ਉਸ ਨੂੰ ਟਿਕ ਕੇ ਬੈਠਣ ਨਹੀਂ ਸੀ ਦੇ ਰਿਹਾ। ਉਸ ਨੇ ਸੋਚਿਆ ਕਿ ਉਹ ਜੋ ਬਣਨਾ ਚਾਹੁੰਦਾ ਸੀ, ਉਹ ਤਾਂ ਕੁਝ ਕਰ ਹੀ ਨਹੀਂ ਰਿਹਾ। ਇਸ ਤਰ੍ਹਾਂ ਅਦਾਕਾਰ ਬਣਨ ਲਈ ਕੋਸ਼ਿਸ਼ਾਂ ਸ਼ੁਰੂ ਕੀਤੀਆਂ।

ਪ੍ਰਿੰਸ ਨੂੰ ਲਿਖਣ ਦਾ ਵੀ ਸ਼ੌਕ ਹੈ। ਇੱਕ ਦਿਨ ਗਿੱਦੜਬਾਹਾ ਵਿੱਚ ਨੁੱਕੜ ਨਾਟਕ ਦੇਖਦੇ ਹੋਏ ਉਸ ਨੂੰ ਆਪਣਾ ਖ਼ੁਦ ਦਾ ਨਾਟਕ ਕਰਵਾਉਣ ਦਾ ਖ਼ਿਆਲ ਆਇਆ ਜਿਸ ਦੀ ਕਹਾਣੀ ਪ੍ਰਿੰਸ ਦੇ ਦਿਮਾਗ਼ ਵਿੱਚ ਪਹਿਲਾਂ ਹੀ ਚੱਲਦੀ ਰਹਿੰਦੀ ਸੀ। ਫਿਰ ਉਸ ਨੇ ਆਪਣੇ ਦੋਸਤਾਂ ਨਾਲ ਮਿਲ ਕੇ ਆਪਣਾ ਨੁੱਕੜ ਨਾਟਕ ਪੇਸ਼ ਕੀਤਾ। ਉਸ ਨੂੰ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ। ਸ਼ੁਰੂਆਤ ਵਿੱਚ ਉਸ ਨੇ ਬੱਚਿਆਂ 'ਤੇ ਨਾਟਕ ਲਿਖੇ ਜਿਵੇਂ, 'ਰੱਬਾ ਰੱਬਾ ਮੀਂਹ ਵਰਸਾ', 'ਚੰਦ ਜਦੋਂ ਰੋਟੀ ਲੱਗਦੈ', 'ਮਾਂ ਕੁੜੀ', 'ਹਾਥੀ ਆ ਗਿਆ ਓਏ' ਅਤੇ 'ਰੱਬ ਜੀ ਥੱਲੇ ਆ ਜੋ'। ਇਨ੍ਹਾਂ ਨਾਟਕਾਂ ਦੀ ਕਿਤਾਬ ਵੀ ਪ੍ਰਕਾਸ਼ਿਤ ਹੋਈ ਹੈ।

ਇਨ੍ਹਾਂ ਸਭ ਯਤਨਾਂ ਦੇ ਨਾਲ ਨਾਲ ਪ੍ਰਿੰਸ ਆਪਣੀ ਇੱਕ ਕਹਾਣੀ ਦੱਸਣ ਲਈ ਚੰਗੇ ਨਿਰਮਾਤਾ ਦੀ ਭਾਲ ਕਰਨ ਲੱਗਾ। ਆਖਿਰ ਉਹ ਦਿਨ ਆਇਆ ਜਦੋਂ ਉਹ ਆਪਣੀ ਲਿਖੀ ਕਹਾਣੀ ਅਦਾਕਾਰ ਕਰਮਜੀਤ ਅਨਮੋਲ ਨੂੰ ਦੱਸ ਰਿਹਾ ਸੀ, ਉੱਥੇ ਹੀ ਨਿਰਦੇਸ਼ਕ ਸਿਮਰਜੀਤ ਸਿੰਘ ਵੀ ਮੌਜੂਦ ਸੀ। ਉਸ ਨੂੰ ਪ੍ਰਿੰਸ ਕੰਵਲਜੀਤ ਦੀ ਕਹਾਣੀ ਵਧੀਆ ਲੱਗੀ ਅਤੇ ਬਤੌਰ ਲੇਖਕ ਉਸ ਦੀ ਪਹਿਲੀ ਫਿਲਮ 'ਜੱਟ ਬੋਆਇਜ਼ ਪੁੱਤ ਜੱਟਾਂ ਦੇ' ਬਣੀ। ਪ੍ਰਿੰਸ ਨੇ ਇਸ ਵਿੱਚ ਜੌਲੀ ਨਾਮ ਦਾ ਕਿਰਦਾਰ ਵੀ ਨਿਭਾਇਆ। ਇਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ 'ਲੈਦਰ ਲਾਈਫ', 'ਮਿੱਟੀ', 'ਗਿੱਦੜ ਸਿੰਗੀ', 'ਟੇਸ਼ਨ', 'ਪੰਛੀ', 'ਸੈਕਟਰ 17', 'ਜ਼ਿਲ੍ਹਾ ਸੰਗਰੂਰ' ਤੇ 'ਇੱਕ ਸਿੱਧੂ ਹੁੰਦਾ ਸੀ' ਵਿੱਚ ਉਸ ਨੇ ਕਮਾਲ ਦੀ ਅਦਾਕਾਰੀ ਕੀਤੀ, 'ਵਾਰਨਿੰਗ' (ਸੰਵਾਦ ਲੇਖਕ) ਅਤੇ 'ਵਾਰਨਿੰਗ 2' (ਵੈੱਬ ਸੀਰੀਜ਼) ਅਤੇ 'ਕ੍ਰਿਮੀਨਲ' ਉਸ ਦੀਆਂ ਫਿਲਮਾਂ ਪਟਕਥਾ ਲੇਖਕ ਵਜੋਂ ਜ਼ਿਕਰਯੋਗ ਹਨ।

ਪ੍ਰਿੰਸ ਕੰਵਲਜੀਤ ਨੇ ਪਹਿਲੀ ਵਾਰ ਵੱਡੇ ਕੈਮਰੇ ਦਾ ਸਾਹਮਣਾ ਗੁਰਦਾਸ ਮਾਨ ਦੀ ਫਿਲਮ 'ਸੁਖਮਨੀ' ਵਿੱਚ ਕੀਤਾ ਜਿਸ ਵਿੱਚ ਉਸ ਦਾ ਛੋਟਾ ਜਿਹਾ ਦ੍ਰਿਸ਼ ਸੀ। ਪਹਿਲਾਂ ਪਹਿਲ ਉਹ ਛੋਟੇ ਛੋਟੇ ਕਿਰਦਾਰ ਕਰਦਾ ਰਿਹਾ। ਹੌਲੀ ਹੌਲੀ ਉਸ ਨੂੰ ਕੁਝ ਹੋਰ ਫਿਲਮਾਂ ਜਿਨ੍ਹਾਂ ਵਿੱਚ 'ਯਾਰਾਂ ਨਾਲ ਬਹਾਰਾਂ', 'ਤੂਫਾਨ ਸਿੰਘ', 'ਸ਼ਰੀਕ', 'ਵਿਸਾਖੀ ਲਿਸਟ', 'ਲੌਂਗ ਲਾਚੀ', 'ਲਾਟੂ', 'ਛੜਾ', 'ਕਪਤਾਨ', '25 ਕਿੱਲੇ', 'ਸ਼ਾਵਾ ਨੀਂ ਗਿਰਧਾਰੀ ਲਾਲ', 'ਸੁਰਖੀ ਬਿੰਦੀ', 'ਪੋਸਤੀ', 'ਚੇਤਾ ਸਿੰਘ', 'ਸ਼ਿੰਦਾ ਸ਼ਿੰਦਾ ਨੋ ਪਾਪਾ' ਅਤੇ 'ਕਲੀ ਜੋਟਾ' ਫਿਲਮਾਂ ਤੋਂ ਇਲਾਵਾ 'ਵਾਰਨਿੰਗ', 'ਪੰਛੀ', 'ਜ਼ਿਲ੍ਹਾ ਸੰਗਰੂਰ', 'ਕ੍ਰਿਮੀਨਲ' ਅਤੇ 'ਸੈਕਟਰ 17' ਵਰਗੀਆਂ ਫਿਲਮਾਂ ਤੋਂ ਖ਼ਾਸ ਪਛਾਣ ਮਿਲੀ।

ਆਪਣੇ ਸ਼ਾਨਦਾਰ ਕੰਮ ਦੀ ਬਦੌਲਤ ਉਸ ਨੂੰ ਬਹੁਤ ਸਾਰੇ ਮਾਨ-ਸਨਮਾਨ ਵੀ ਮਿਲੇ ਜਿਨ੍ਹਾਂ ਵਿੱਚ ਪੀਟੀਸੀ ਪੰਜਾਬੀ ਫਿਲਮ ਐਵਾਰਡ 'ਚ ਫਿਲਮ 'ਵਾਰਨਿੰਗ' ਦੇ ਵਧੀਆ ਅਦਾਕਾਰ ਤੇ ਸੰਵਾਦ ਲੇਖਕ ਵਜੋਂ ਚੁਣਨਾ ਅਹਿਮ ਹੈ। ਪ੍ਰਿੰਸ ਦਾ ਕਹਿਣਾ ਹੈ ਕਿ ਬੇਸ਼ੱਕ ਅੱਜ ਉਸ ਨੂੰ ਇੱਕ ਮੁਕਾਮ ਹਾਸਲ ਹੈ, ਪਰ ਅੱਜ ਵੀ ਜਦੋਂ ਉਸ ਨੂੰ ਆਪਣੇ ਪਿੰਡ ਜਾਣ ਦਾ ਮੌਕਾ ਮਿਲਦਾ ਹੈ ਤਾਂ ਉਹ ਆਪਣੇ ਸਾਰੇ ਪੁਰਾਣੇ ਦੋਸਤਾਂ ਨੂੰ ਜ਼ਰੂਰ ਮਿਲਦਾ ਹੈ ਤੇ ਉਨ੍ਹਾਂ ਨਾਲ ਦਿਲ ਖੋਲ੍ਹ ਕੇ ਗੱਲਾਂ ਕਰਦਾ ਹੈ।



# ਕ੍ਰਿਤੀ ਖਰਬੰਦਾ ਨੇ ਬਾਲੀਵੁੱਡ 'ਚ ਪੂਰੇ ਕੀਤੇ ਨੌਂ ਸਾਲ



ਮਸ਼ਹੂਰ ਅਦਾਕਾਰਾ ਕ੍ਰਿਤੀ ਖਰਬੰਦਾ ਨੇ ਬਾਲੀਵੁੱਡ ਵਿੱਚ ਨੌਂ ਸਾਲ ਪੂਰੇ ਕਰ ਲਏ ਹਨ। 'ਰਾਜ਼: ਰੀਬੂਟ' ਤੋਂ 'ਰਾਣਾ ਨਾਇਡੂ 2' ਤੱਕ, ਕ੍ਰਿਤੀ ਖਰਬੰਦਾ ਦਾ ਫਿਲਮੀ ਸਫ਼ਰ ਕਾਫ਼ੀ ਦਿਲਚਸਪ ਰਿਹਾ ਹੈ। 2016 ਵਿੱਚ 'ਰਾਜ਼: ਰੀਬੂਟ' ਨਾਲ ਬਾਲੀਵੁੱਡ ਵਿੱਚ ਪ੍ਰਵੇਸ਼ ਕਰਨ ਵਾਲੀ ਕ੍ਰਿਤੀ ਖਰਬੰਦਾ ਨੇ ਆਪਣੇ ਕਰੀਅਰ ਦੇ ਨੌਂ ਸਾਲ ਪੂਰੇ ਕਰ ਲਏ ਹਨ। ਉਸਦੀ ਫਿਲਮੀ ਸਫ਼ਰ ਦਿਲ ਨੂੰ ਛੂਹਣ ਵਾਲੇ ਡਰਾਮੇ ਅਤੇ ਬੋਲਡ ਠਠ ਵਿਕਲਪਾਂ ਦੇ ਨਾਲ ਵਪਾਰਕ ਫਿਲਮਾਂ ਦਾ ਇੱਕ ਬਹੁਤ ਹੀ ਵਿਲੱਖਣ ਸੰਤੁਲਨ ਦਰਸਾਉਂਦਾ ਹੈ।

ਹਾਰਰ ਥ੍ਰਿਲਰ ਫਿਲਮ 'ਰਾਜ਼ ਰੀਬੂਟ' ਨਾਲ ਬਾਲੀਵੁੱਡ ਵਿੱਚ ਪ੍ਰਵੇਸ਼ ਕਰਨ ਵਾਲੀ ਕ੍ਰਿਤੀ ਨੇ ਇਸ ਫਿਲਮ ਵਿੱਚ ਇੱਕ ਚੁਣੌਤੀਪੂਰਨ ਭੂਮਿਕਾ ਨਿਭਾਈ, ਜਿਸ ਵਿੱਚ ਉਸਦੀ ਸਮਰੱਥ ਅਦਾਕਾਰੀ ਪ੍ਰਤਿਭਾ ਦੇ ਨਾਲ-ਨਾਲ ਉਸਦੇ ਆਤਮਵਿਸ਼ਵਾਸ ਦਾ ਪ੍ਰਦਰਸ਼ਨ ਵੀ ਹੋਇਆ। ਇੱਕ ਹਲਕੀ ਕਾਮੇਡੀ ਫਿਲਮ 'ਗੈਸਟ ਇਨ ਲੰਡਨ' ਵਿੱਚ, ਉਸਨੇ ਆਪਣੇ ਕੁਦਰਤੀ ਸੁਹਜ ਅਤੇ ਸੰਪੂਰਨ ਕਾਮਿਕ ਟਾਈਮਿੰਗ ਨਾਲ ਆਪਣੇ ਦਰਸ਼ਕਾਂ ਦੇ ਦਿਲ ਜਿੱਤ ਲਏ। ਸ਼ਾਦੀ ਮੈਂ ਜ਼ਰੂਰ ਆਨਾ ਨੂੰ ਆਪਣੀ ਅਦਾਕਾਰੀ ਯਾਤਰਾ ਵਿੱਚ ਇੱਕ ਮੀਲ ਪੱਥਰ ਕਹਿਣਾ ਗਲਤ ਨਹੀਂ ਹੋਵੇਗਾ ਕਿਉਂਕਿ ਇਸ ਭਾਵਨਾਤਮਕ ਰੋਮਾਂਟਿਕ ਫਿਲਮ ਰਾਹੀਂ, ਉਸਨੇ ਆਪਣੀ ਸੰਵੇਦਨਸ਼ੀਲ ਪਰ ਪ੍ਰਭਾਵਸ਼ਾਲੀ ਅਦਾਕਾਰੀ ਨਾਲ ਦਰਸ਼ਕਾਂ ਦੇ ਦਿਲ ਜਿੱਤ ਲਏ।

ਯਮਲਾ ਪਗਲਾ ਦੀਵਾਨਾ, ਇਸ ਫਿਲਮ ਵਿੱਚ ਵੀ, ਉਸਨੇ ਆਪਣੇ ਕਾਮਿਕ ਟਾਈਮਿੰਗ ਨਾਲ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਇਆ ਅਤੇ ਵੱਡੇ ਸਿਤਾਰਿਆਂ ਦੀ ਮੌਜੂਦਗੀ ਦੇ ਬਾਵਜੂਦ ਵੀ। ਹਾਊਸਫੁੱਲ 4 ਨੂੰ ਬਾਲੀਵੁੱਡ ਦੀਆਂ ਬਲਾਕਬਸਟਰ ਕਾਮੇਡੀ ਫਿਲਮਾਂ ਵਿੱਚ ਗਿਣਿਆ ਜਾਂਦਾ ਹੈ, ਜਿਸਨੇ ਉਸਨੂੰ ਬਾਲੀਵੁੱਡ ਦੀ ਸਭ ਤੋਂ ਸਫਲ ਫ੍ਰੈਂਚਾਇਜ਼ੀ ਵਿੱਚ ਜਗ੍ਹਾ ਦਿੱਤੀ। ਫਿਲਮ ਪਾਗਲਪੰਤੀ, ਆਪਣੇ ਨਾਮ ਦੇ ਅਨੁਸਾਰ, ਇੱਕ ਸ਼ੁੱਧ ਕਾਮੇਡੀ ਮਨੋਰੰਜਨ ਸੀ, ਜਿਸਨੇ ਉਸਨੂੰ ਮੁੱਖ ਧਾਰਾ ਵਿੱਚ ਰੱਖਿਆ। ਬਿਜੋਏ ਨੰਬਿਆਰ ਦੀ ਡੂੰਘੀ ਤੀਬਰ ਡਰਾਮਾ ਫਿਲਮ 'ਤੈਸ਼' ਨੇ ਵੀ ਕ੍ਰਿਤੀ ਦੀ ਅਦਾਕਾਰੀ ਵਿੱਚ ਡੂੰਘਾਈ ਜੋੜੀ, ਅਤੇ ਉਸਦੀ ਅਦਾਕਾਰੀ ਦੀ ਯੋਗਤਾ ਨੂੰ ਸਾਬਤ ਕੀਤਾ।

ਫਿਲਮ 14 ਫੇਰੇ ਇੱਕ ਪਰਿਵਾਰਕ ਫਿਲਮ ਸੀ, ਜਿਸ ਵਿੱਚ ਕ੍ਰਿਤੀ ਨੇ ਰੋਮਾਂਸ ਅਤੇ ਸਮਾਜਿਕ ਮੁੱਦਿਆਂ ਨੂੰ ਸੰਤੁਲਿਤ ਕਰਕੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਨੈੱਟਫਲਿਕਸ ਦੀ ਬਲਾਕਬਸਟਰ ਲੜੀ ਰਾਣਾ ਨਾਇਡੂ 2 ਨਾਲ, ਕ੍ਰਿਤੀ ਨੇ ਓਟੀਟੀ ਵੱਲ ਕਦਮ ਰੱਖਿਆ ਅਤੇ ਨਾ ਸਿਰਫ ਇੱਕ ਬਹੁ-ਪੱਧਰੀ ਭੂਮਿਕਾ ਨਿਭਾਈ, ਬਲਕਿ ਆਪਣੇ ਦਰਸ਼ਕਾਂ ਨੂੰ ਵੀ ਵਧਾਇਆ। ਖਾਸ ਕਰਕੇ ਆਪਣੀ 'ਗਰਲ-ਨੇਕਸਟ-ਡੋਰ' ਇਮੇਜ ਤੋਂ ਵੱਖ ਹੋ ਕੇ, ਉਸਨੇ ਇੱਕ ਹਨੇਰਾ, ਤਿੱਖਾ ਪੱਖ ਦਿਖਾਇਆ, ਜਿਸਨੇ ਉਸਦੇ ਕਰੀਅਰ ਨੂੰ ਇੱਕ ਨਵਾਂ ਆਯਾਮ ਦਿੱਤਾ। 'ਰਾਜ਼: ਰੀਬੂਟ' ਤੋਂ 'ਰਾਣਾ ਨਾਇਡੂ 2' ਤੱਕ ਕ੍ਰਿਤੀ ਖਰਬੰਦਾ ਦਾ ਨੌਂ ਸਾਲਾਂ ਦਾ ਸਫ਼ਰ ਉਸਦੀ ਬਹੁਪੱਖੀ ਪ੍ਰਤਿਭਾ, ਸਖ਼ਤ ਮਿਹਨਤ ਅਤੇ ਰੂੜ੍ਹੀਵਾਦੀ ਧਾਰਨਾਵਾਂ ਨੂੰ ਤੋੜਨ ਦੀ ਹਿੰਮਤ ਦਾ ਪ੍ਰਮਾਣ ਹੈ।

# 'ਪੀਛੇ ਦੇਖੋ ਪੀਛੇ' ਫੇਮ ਅਹਿਮਦ ਸ਼ਾਹ ਦੇ ਛੋਟੇ ਭਰਾ ਦਾ ਦੇਹਾਂਤ

'ਪੀਛੇ ਦੇਖੋ ਪੀਛੇ' ਨਾਮਕ ਵਾਇਰਲ ਮੀਮ ਨਾਲ ਰਾਤੋ-ਰਾਤ ਮਸ਼ਹੂਰ ਹੋਏ ਅਹਿਮਦ ਸ਼ਾਹ 'ਤੇ ਦੁੱਖ ਦਾ ਪਹਾੜ ਟੁੱਟ ਪਿਆ ਹੈ। ਪਾਕਿਸਤਾਨੀ ਸਟਾਰ ਅਹਿਮਦ ਸ਼ਾਹ ਦੇ ਛੋਟੇ ਭਰਾ ਉਮੈਰ ਸ਼ਾਹ ਦਾ ਦੇਹਾਂਤ ਹੋ ਗਿਆ ਹੈ। ਉਮੈਰ ਦਾ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। ਉਮੈਰ ਦੇ ਭਰਾ ਅਹਿਮਦ ਸ਼ਾਹ ਨੇ ਸੋਸ਼ਲ ਮੀਡੀਆ ਰਾਹੀਂ ਇਸ ਦੁਖਦਾਈ ਖ਼ਬਰ ਦੀ ਜਾਣਕਾਰੀ ਦਿੱਤੀ ਹੈ ਅਤੇ ਫੋਟੋ ਸ਼ੇਅਰ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਵੀ ਦਿੱਤੀ ਹੈ। ਦੁੱਖ ਦੀ ਇਸ ਘੜੀ ਵਿੱਚ ਅਹਿਮਦ ਸ਼ਾਹ ਦੇ ਪ੍ਰਸ਼ੰਸਕ ਉਨ੍ਹਾਂ ਨੂੰ ਹੌਸਲਾ ਦਿੰਦੇ ਦਿਖਾਈ ਦੇ ਰਹੇ ਹਨ। ਅਹਿਮਦ ਨੇ ਆਪਣੇ ਇੰਸਟਾਗ੍ਰਾਮ 'ਤੇ ਭਰਾ ਉਮੈਰ ਸ਼ਾਹ ਦੀ ਇੱਕ ਫੋਟੋ ਸਾਂਝੀ ਕੀਤੀ ਹੈ ਅਤੇ ਕੈਪਸ਼ਨ ਵਿੱਚ ਲਿਖਿਆ ਹੈ-'ਸਾਡਾ ਛੋਟਾ ਚਮਕਦਾ ਸਿਤਾਰਾ ਸਾਨੂੰ ਛੱਡ ਗਿਆ। ਕਿਰਪਾ ਕਰਕੇ ਆਪਣੇ ਭਰਾ ਅਤੇ ਪਰਿਵਾਰ ਨੂੰ ਆਪਣੀਆਂ ਪ੍ਰਾਰਥਨਾਵਾਂ ਵਿੱਚ ਯਾਦ ਰੱਖੋ।' ਉਨ੍ਹਾਂ ਨੇ ਉਮੈਰ ਦੀਆਂ ਦੋ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ ਵਿੱਚ ਉਹ ਬਹੁਤ ਪਿਆਰਾ ਲੱਗ ਰਿਹਾ ਹੈ।ਦੱਸ ਦੇਈਏ ਕਿ ਅਹਿਮਦ ਸ਼ਾਹ ਦੇ ਨਾਲ ਉਨ੍ਹਾਂ ਦਾ ਭਰਾ ਉਮੈਰ ਵੀ ਪਾਕਿਸਤਾਨ ਵਿੱਚ ਬਹੁਤ ਮਸ਼ਹੂਰ ਸੀ। ਉਨ੍ਹਾਂ ਨੂੰ ਅਕਸਰ ਪਾਕਿਸਤਾਨੀ ਮਨੋਰੰਜਨ ਪ੍ਰੋਗਰਾਮਾਂ ਵਿੱਚ ਵੀ ਦੇਖਿਆ ਜਾਂਦਾ ਸੀ।

# ਸੋਨਮ ਬਾਜਵਾ ਦੀ ਫ਼ਿਲਮ 'ਏਕ ਦੀਵਾਨੇ ਕੀ ਦੀਵਾਨੀਅਤ' ਦਾ ਨਵਾਂ ਗੀਤ ਹੋਇਆ ਰਿਲੀਜ਼



ਮੁੰਬਈ- ਫਿਲਮ 'ਏਕ ਦੀਵਾਨੇ ਕੀ ਦੀਵਾਨੀਅਤ' ਦਾ ਨਵਾਂ ਗੀਤ 'ਬੋਲ ਕਫਾਰਾ ਕਿਆ ਹੋਗਾ' ਰਿਲੀਜ਼ ਹੋ ਗਿਆ ਹੈ। ਇਸ ਗੀਤ ਵਿੱਚ ਹਰਸ਼ਵਰਧਨ ਰਾਣੇ ਅਤੇ ਸੋਨਮ ਬਾਜਵਾ ਨਜ਼ਰ ਆ ਰਹੇ ਹਨ। ਇਸ ਗੀਤ ਨੂੰ ਨੇਹਾ ਕੱਕੜ ਅਤੇ ਫਰਹਾਨ ਸਾਬਰੀ ਨੇ ਗਾਇਆ ਹੈ। ਇਸਦਾ ਸੰਗੀਤ ਡੀਜੇ ਚੇਤਸ ਅਤੇ ਲੀਜੋ ਜਾਰਜ ਦੁਆਰਾ ਤਿਆਰ ਕੀਤਾ ਗਿਆ ਹੈ ਅਤੇ ਇਸਦੇ ਬੋਲ ਅਸੀਮ ਰਜ਼ਾ ਅਤੇ ਸਮੀਰ ਅੰਜਾਨ ਦੁਆਰਾ ਲਿਖੇ ਗਏ ਹਨ। ਗੀਤ ਬਾਰੇ ਆਪਣੀ ਖੁਸ਼ੀ ਜ਼ਾਹਰ ਕਰਦੇ ਹੋਏ ਨੇਹਾ ਕੱਕੜ ਨੇ ਕਿਹਾ, 'ਬੋਲ ਕਫਾਰਾ ਕਿਆ ਹੋਗਾ ਇੱਕ ਅਜਿਹਾ ਗੀਤ ਹੈ ਜੋ ਆਪਣੇ ਨਾਲ ਪਿਆਰ ਅਤੇ ਤਾਂਘ ਦਾ ਬੋਝ ਲਿਆਉਂਦਾ ਹੈ।

ਇਸਨੂੰ ਗਾਉਣਾ ਮੇਰੇ ਲਈ ਇੱਕ ਭਾਵਨਾਤਮਕ ਅਨੁਭਵ ਸੀ, ਕਿਉਂਕਿ ਇਹ ਹਰ ਉਸ ਵਿਅਕਤੀ ਨਾਲ ਜੁੜਦਾ ਹੈ ਜਿਸਨੇ ਕਦੇ ਡੂੰਘਾ ਪਿਆਰ ਕੀਤਾ ਹੈ ਜਾਂ ਕਿਸੇ ਨੂੰ ਗੁਆਇਆ ਹੈ। ਮੈਂ ਬਹੁਤ ਖੁਸ਼ ਹਾਂ ਕਿ ਲੋਕ ਇਸਨੂੰ ਇੰਨੀ ਤੀਬਰਤਾ ਨਾਲ ਸਵੀਕਾਰ ਕਰ ਰਹੇ ਹਨ।' 'ਏਕ ਦੀਵਾਨੇ ਕੀ ਦੀਵਾਨੀਅਤ' ਦਾ ਨਿਰਮਾਣ ਅੰਸ਼ੁਲ ਗਰਗ ਦੁਆਰਾ ਦੇਸੀ ਮੂਵੀਜ਼ ਫੈਕਟਰੀ ਦੇ ਬੈਨਰ ਹੇਠ ਕੀਤਾ ਗਿਆ ਹੈ ਅਤੇ ਰਾਘਵ ਸ਼ਰਮਾ ਇਸਦੇ ਸਹਿ-ਨਿਰਮਾਤਾ ਹਨ। ਇਹ ਫਿਲਮ ਮਿਲਾਪ ਮਿਲਨ ਜ਼ਾਵੇਰੀ ਦੁਆਰਾ ਨਿਰਦੇਸ਼ਤ ਕੀਤੀ ਗਈ ਹੈ, ਜਿਸਨੂੰ ਉਸਨੇ ਮੁਸ਼ਤਾਕ ਸ਼ੇਖ ਨਾਲ ਮਿਲ ਕੇ ਲਿਖਿਆ ਹੈ ਅਤੇ ਡਾਇਲਾਗ ਵੀ ਜ਼ਾਵੇਰੀ ਦੁਆਰਾ ਦਿੱਤੇ ਗਏ ਹਨ। ਇਹ ਫਿਲਮ ਇਸ ਦੀਵਾਲੀ 21 ਅਕਤੂਬਰ 2025 ਨੂੰ ਰਿਲੀਜ਼ ਹੋਵੇਗੀ।






# ਮਨ ਦੀ ਸੰਭਾਲ ਤਨ ਵਾਂਗ ਕਰੀਏ!



ਜਸਵਿੰਦਰ ਸਿੰਘ ਰੁਪਾਲ
9814715796

ਚੜ੍ਹਦੀ ਕਲਾ ਦਾ ਪ੍ਰਤੀਕ- ਨਗਾਰਾ

- ਜਸਵਿੰਦਰ ਸਿੰਘ ਰੁਪਾਲ
- 9814715796

ਨਗਾਰਾ ਅਤਿ ਪ੍ਰਾਚੀਨ ਸਾਜਾਂ ਵਿਚੋਂ ਇੱਕ ਹੈ ਜਿਸ ਦੀ ਵਰਤੋਂ ਰਾਜੇ ਮਹਾਰਾਜੇ ਲੜਾਈ ਸਮੇਂ ਕਰਦੇ ਸਨ। ਇਸ ਲਈ ਇਸ ਨੂੰ ਯੁੱਧ ਦੇ ਸਾਜਾਂ ਵਿੱਚ ਗਿਣਿਆ ਜਾਂਦਾ ਹੈ। ਇਹ ਇੱਕ ਪ੍ਰਕਾਰ ਦਾ ਡਰੰਮ ਹੈ ਜਿਸਦਾ ਪਿੱਛੇ ਦਾ ਭਾਗ ਗੋਲਾਕਾਰ ਹੁੰਦਾ ਹੈ। ਕਈ ਥਾਵਾਂ ਤੇ ਇਸਨੂੰ ਜੋੜੇ ਰੂਪ ਵਿੱਚ ਵੀ ਵਜਾਇਆ ਜਾਂਦਾ ਹੈ। ਸੰਸਕ੍ਰਿਤ ਭਾਸ਼ਾ ਵਿੱਚ ਇਸਦਾ ਨਾਮ ਦੁੰਦੁਭਿ ਹੈ। ਇਸ ਨੂੰ ਧਉਂਸਾ ਵੀ ਕਿਹਾ ਜਾਂਦਾ ਹੈ। ਹਿੰਦੂਆਂ ਦੇ ਵੱਖ-ਵੱਖ ਸੰਸਕਾਰਾਂ ਸਮੇਂ ਇਨਾਂ ਨੂੰ ਵਜਾਇਆ ਜਾਂਦਾ ਸੀ। ਸਿੱਖ ਗੁਰਦੁਆਰਿਆਂ ਵਿੱਚ ਵੀ ਇਹ ਸ਼ੋਭਾ ਦਿੰਦਾ ਹੈ। ਕਈ ਥਾਵਾਂ ਤੇ ਅਰਦਾਸ ਦੌਰਾਨ ਬੋਲੋ ਜੀ ਵਾਹਿਗੁਰੂ ਕਹਿਣ ਵੇਲੇ ਨਗਾਰੇ ਤੇ ਚੋਟ ਲਗਾਈ ਜਾਂਦੀ ਹੈ। ਨਗਰ ਕੀਰਤਨ ਸਮੇਂ ਵੀ ਕਈ ਥਾਂ ਅੱਗੇ ਅੱਗੇ ਨਗਾਰਾ ਵੱਜਦਾ ਦੇਖਿਆ ਗਿਆ ਹੈ। ਇਸ ਦੀ ਵਧੇਰੇ ਵਰਤੋਂ ਜੰਗਾਂ ਯੁਧਾਂ ਸਮੇਂ ਹੀ ਹੁੰਦੀ ਸੀ। ਨਗਾਰੇ ਤੇ ਚੋਟ ਲਾਉਣ ਦਾ ਮਤਲਬ ਹੀ ਇਹ ਹੁੰਦਾ ਸੀ ਕਿ ਲੜਾਈ ਹੋਣ ਵਾਲੀ ਹੈ। ਇਹ ਬੀਰ ਰਸ ਪ੍ਰਧਾਨ ਸਾਜ ਹੈ। ਇਸ ਉੱਤੇ ਕਹਿਰਵਾ ਅਤੇ ਦਾਦਰਾ ਤਾਲ ਬਹੁਤ ਆਸਾਨੀ ਨਾਲ ਵਜਾਏ ਜਾਂਦੇ ਹਨ। ਰਾਜਸਥਾਨ ਦੇ ਮੇਲਿਆਂ ਉਤਸਵਾਂ ਵਿੱਚ ਅੱਜਕੱਲ੍ਹ ਵੀ ਇਸਦੀ ਕਾਫੀ ਮਹੱਤਤਾ ਹੈ। ਉੱਤਰ ਪ੍ਰਦੇਸ਼ ਦੀ ਨੌਟੰਕੀ ਵਿੱਚ ਇਸਨੂੰ ਨਕਾਰਾ ਕਿਹਾ ਜਾਂਦਾ ਹੈ। ਇਸਦੀ ਵਰਤੋਂ ਲੋਕਾਂ ਨੂੰ ਖਾਸ ਸੂਚਨਾ ਦੇਣ ਤੋਂ ਪਹਿਲਾਂ ਉਹਨਾਂ ਦਾ ਧਿਆਨ ਖਿੱਚਣ ਲਈ ਵੀ ਕੀਤੀ ਜਾਂਦੀ ਰਹੀ ਹੈ। ਆਮ ਤੌਰ ਤੇ ਇਹ ਲੋਹੇ ਜਾਂ ਹੋਰ ਧਾਤੂਆ ਤੋਂ ਬਣਿਆ ਹੁੰਦਾ ਹੈ। ਇਸ ਉੱਤੇ ਮੱਝ ਦੀ ਖੱਲ ਮੜ੍ਹੀ ਜਾਂਦੀ ਹੈ ਤੇ ਚਮੜੇ ਦੀ ਦਵਾਲ ਨਾਲ ਇਸਨੂੰ ਕਸ ਦਿੱਤਾ ਜਾਂਦਾ ਹੈ। ਇਸ ਨੂੰ ਤਿਪਾਈ ਤੇ ਰੱਖ ਕੇ ਦੋ ਡੰਡਿਆਂ ਨਾਲ ਵਜਾਇਆ ਜਾਂਦਾ ਹੈ। ਇਸਦੇ ਮੂੰਹ ਦੀ ਚੌੜਾਈ 60 ਸੈਂਟੀ ਮੀਟਰ ਹੁੰਦੀ ਹੈ। ਇਸਦਾ ਸੁਰ ਉੱਚਾ ਕਰਨ ਲਈ ਇਸਦੀ ਮੜ੍ਹੀ ਹੋਈ ਖੱਲ੍ਹ ਨੂੰ ਧੁੱਪੇ ਜਾਂ ਅੱਗ ਨਾਲ ਸੇਕਿਆ ਜਾਂਦਾ ਹੈ। ਅਤੇ ਸੁਰ ਨੀਵਾਂ ਕਰਨ ਲਈ ਇਸਦੀ ਖੱਲ੍ਹ ਉੱਤੇ ਪਾਣੀ ਦੀ ਭਿੱਜੀ ਹੋਈ ਗਿੱਲੀ ਲੀਰ ਰਗੜੀ ਜਾਂਦੀ ਹੈ ਤਾਂ ਜੋ ਇਸਦੀ ਖੱਲ ਨਰਮ ਹੋ ਕੇ ਹੇਠਲੇ ਸੁਰ ਤੇ ਬੈਠੇ।

ਰਾਜੇ ਮਹਾਰਾਜਿਆਂ ਦੇ ਸਮੇ ਨਗਾਰਾ ਉਹਨਾਂ ਦੀ ਸਵਾਰੀ ਦੇ ਅੱਗੇ ਵਜਾਇਆ ਜਾਂਦਾ ਸੀ ਤਾਂ ਜੋ ਲੋਕਾਂ ਨੂੰ ਪਤਾ ਲੱਗ ਜਾਵੇ ਕਿ ਮਹਾਰਾਜੇ ਦੀ ਸਵਾਰੀ ਆ ਰਹੀ ਹੈ। ਸਿੱਖ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਤਸ਼ਾਹਾਂ ਦਾ ਪਾਤਸ਼ਾਹ ਮੰਨਦੇ ਹਨ, ਇਸਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਅੱਗੇ ਵੀ ਇਸਦੀ ਵਰਤੋਂ ਕੀਤੀ ਜਾਂਦੀ ਹੈ। ਸਿੱਖ ਧਰਮ ਵੈਸੇ ਹੀ ਚੜ੍ਹਦੀ ਕਲਾ ਸਿਖਾਉਂਦਾ ਹੈ। ਖਾਲਸੇ ਨੂੰ ਸਦਾ ਹੀ ਜੰਗ ਲਈ ਤਿਆਰ ਰਹਿਣ ਦਾ ਹੁਕਮ ਹੈ। ਅੰਦਰੂਨੀ ਤੌਰ ਤੇ ਉਸਨੇ ਵਿਕਾਰਾਂ ਨਾਲ ਜੰਗ ਕਰਕੇ ਫਤਹਿ ਪਾਉਣੀ ਹੈ ਅਤੇ ਬਾਹਰੀ ਤੌਰ ਤੇ ਕਿਸੇ ਵੀ ਮਜਲੂਮ ਤੇ ਹੋ ਰਹੇ ਜ਼ੁਲਮ ਵਿਰੁੱਧ ਵੀ ਉਸਨੇ ਲੜਨਾ ਹੈ। ਇਸਲਈ ਸਿੱਖੀ ਵਿਚ ਨਗਾਰੇ ਨੂੰ ਖਾਸ ਸਤਿਕਾਰ ਪ੍ਰਾਪਤ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖ ਧਰਮ ਵਿੱਚ ਜਦੋਂ ਮੀਰੀ ਦੀ ਪਰੰਪਰਾ ਆਰੰਭ ਕੀਤੀ ਸੀ, ਤਾਂ ਉਸਦਾ ਇੱਕ ਚਿੰਨ੍ਹ ਨਗਾਰਾ ਵੀ ਸੀ। ਗੁਰੂ ਹਰਿਗੋਬਿੰਦ ਜੀ ਨੇ ਸਿੱਖਾਂ ਨੂੰ ਸ਼ਸ਼ਤਰ ਵਿੱਦਿਆ ਸਿਖਾਈ ਵੀ ਸੀ ਅਤੇ ਹਥਿਆਰਾਂ ਦੀ ਭੇਟਾ ਸਵੀਕਾਰ ਕਰਨ ਲੱਗੇ ਸਨ। ਗੁਰੂ ਸਾਹਿਬ ਨੂੰ ਜਿਹੜੀਆਂ ਜੰਗਾਂ ਕਰਨੀਆਂ ਪਈਆਂ, ਜਾਹਿਰ ਹੈ ਕਿ ਨਗਾਰੇ ਨੇ ਸਿੰਘਾਂ ਨੂੰ ਵਧੇਰੇ ਉਤਸ਼ਾਹ ਅਤੇ ਹੌਂਸਲਾ ਬਖਸ਼ਿਆ ਹੋਏਗਾ।

ਰਣਜੀਤ ਨਗਾਰਾ :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਜਿਆਂ ਵਾਲਾ ਸ਼ਾਹੀ ਠਾਠ ਬਾਠ ਕਾਇਮ ਰੱਖਿਆ ਸੀ। 1684 ਈਸਵੀ ਵਿਚ ਗੁਰੂ ਜੀ ਦੀ ਆਗਿਆ ਨਾਲ 1684 ਈਸਵੀ ਵਿੱਚ ਗੁਰੂ ਜੀ ਦੇ ਦੀਵਾਨ ਨੰਦ ਚੰਦ ਨੇ ਇੱਕ ਨਗਾਰਾ ਬਣਵਾਇਆ ਸੀ ਜਿਸ ਦਾ ਨਾਮ ਰਣਜੀਤ ਨਗਾਰਾ ਰੱਖਿਆ ਗਿਆ ਸੀ। ਇਸ ਨਗਾਰੇ ਦੀ ਧਮਕ ਕਾਫੀ ਉੱਚੀ ਸੀ। ਜਦੋਂ ਇਸ ਨਗਾਰੇ ਤੇ ਚੋਟ ਪੈਂਦੀ ਤਾਂ ਪਹਾੜੀ ਰਾਜਿਆਂ ਦੇ ਦਿਲ ਕੰਬ ਜਾਂਦੇ ਸਨ। ਉਹਨਾਂ ਨੂੰ ਆਪਣਾ ਰਾਜ ਖੁੱਸਦਾ ਨਜਰ ਆਉਣ ਲੱਗਦਾ। ਇਸੇ ਲਈ ਉਹਨਾਂ ਨੇ ਮੁਗਲ ਦਰਬਾਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਕਾਫੀ ਸ਼ਿਕਾਇਤਾਂ ਕੀਤੀਆਂ ਸਨ ਅਤੇ ਔਰੰਗਜੇਬ ਦੀ ਮੱਦਦ ਨਾਲ ਗੁਰੂ ਜੀ ਤੇ ਹਮਲੇ ਵੀ ਕਰਦੇ ਰਹੇ।

ਇਸ ਤਰ੍ਹਾਂ ਮੁੱਖ ਰੂਪ ਵਿਚ ਨਗਾਰੇ ਦੀਆਂ ਤਿੰਨ ਕਿਸਮਾਂ ਪ੍ਰਚੱਲਿਤ ਸਨ --

* ਪਹਿਲੀ ਜੰਗਾਂ ਅਤੇ ਫੌਜੀ ਮਹਿਲਾਂ ਵਿੱਚ ਦੁਸ਼ਮਣ ਨੂੰ ਡਰਾਉਣ ਅਤੇ ਸੰਗਠਿਤ ਕਰਨ ਲਈ ਵਜਾਇਆ ਜਾਣਾ। ਨਗਾਰੇ ਤੇ ਲੱਗੀ ਚੋਟ ਜੰਗ ਦਾ ਆਰੰਭ ਮੰਨੀ ਜਾਂਦੀ ਸੀ। ਜੰਗ ਸਮੇ ਵਜਾਏ ਜਾਣ ਵਾਲੇ ਨਗਾਰੇ ਦੀ ਚੋਟ ਉੱਚੀ ਅਤੇ ਤਿੱਖੀ ਸੁਰ ਹੁੰਦੀ ਸੀ।



* ਦੂਸਰੀ ਕਿਸਮ ਧਾਰਮਿਕ ਜਾਂ ਰਾਜਸੀ ਸਮਾਰੋਹਾਂ ਵੇਲੇ ਕਿਸੇ ਖਾਸ ਸਮਾਗਮ ਜਾਂ ਤਿਉਹਾਰਾਂ ਸਮੇਂ ਵਜਾਇਆ ਜਾਣਾ।

* ਭਾਰਤੀ ਹੋਰ ਰਵਾਇਤੀ ਸੰਗੀਤਾਂ ਵਿਚ ਨਗਾਰੇ ਵਰਗੇ ਤਾਲ ਵਜਾਉਣ ਵਾਲੇ ਸਾਜ ਹਨ। ਜਿਨਾਂ ਨੂੰ ਲੋਕ ਕਲਾ ਵਿੱਚ ਰੱਖਿਆ ਜਾ ਸਕਦਾ ਹੈ। ਲੋਕ ਸੰਗੀਤ ਅਤੇ ਨਾਚ ਗਾਣੇ ਵਿੱਚ ਵੀ ਨਗਾਰੇ ਜਾਂ ਉਸਦੇ ਸਮਾਨ ਸੰਗੀਤਕ ਸਾਜਾਂ ਦੀ ਵਰਤੋਂ ਹੁੰਦੀ ਆ ਰਹੀ ਹੈ।

ਗੁਰਬਾਣੀ ਵਿੱਚ ਜਿਕਰ :- ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਨਗਾਰੇ ਲਈ ਦਮਾਮਾ ਸ਼ਬਦ ਵਰਤਿਆ ਗਿਆ ਹੈ।

* ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥..............(ਪੰਨਾ 1105, ਸਲੋਕ ਕਬੀਰ)

(ਲੜਾਈ ਦਾ ਨਗਾਰਾ ਮਨ ਦੇ ਆਕਾਸ਼ ਅੰਦਰ ਵੱਜਦਾ ਹੈ, ਨਿਸ਼ਾਨ ਵਿੰਨ੍ਹ ਕੇ ਜਖਮ ਕਰ ਦਿੱਤਾ ਹੈ। ਜੋ ਯੋਧੇ ਹਨ ਉਹ ਮੈਦਾਨੇ-ਜੰਗ ਵਿਚ ਉਤਰ ਆਉਂਦੇ ਹਨ। ਹੁਣ ਲੜਨ ਮਰਨ ਦਾ ਸਮਾਂ ਹੈ।)

*ਕਬੀਰ ਆਖੀ ਕੇਰੇ ਮਾਟੁਕੇ ਪਲੁ ਪਲੁ ਗਈ ਬਿਹਾਇ ॥
ਮਨੁ ਜੰਜਾਲੁ ਨ ਛੋਡਈ ਜਮ ਦੀਆ ਦਮਾਮਾ ਆਇ ॥............(ਪੰਨਾ 1376,ਸਲੋਕ ਭਗਤ ਕਬੀਰ ਜੀਉ ਕੇ) (ਅੱਖ ਦੇ ਫੌਰੇ ਵਿਚ ਅਤੇ ਨਿਮਖ ਨਿਮਖ ਕਰਦਿਆਂ ਜਿੰਦਗੀ ਬੀਤ ਜਾਂਦੀ ਹੈ, ਹੇ ਕਬੀਰ ! ਆਦਮੀ ਆਪਣੇ ਅਲਸੇਟਾ ਨੂੰ ਨਹੀਂ ਛੱਡਦਾ ਅਤੇ ਮੌਤ ਦਾ ਦੂਤ ਆ ਆਪਣਾ ਧੌਂਸਾ ਵਜਾ ਦਿੰਦਾ ਹੈ।)

ਇਸ ਤਰ੍ਹਾਂ ਗੁਰਬਾਣੀ ਵਿੱਚ ਨਗਾਰੇ ਵੱਜਣ ਦੀ ਵਰਤੋਂ ਅਲੰਕਾਰਕ ਰੁਪ ਵਿੱਚ ਹੋਈ ਹੈ। ਨਿਤਨੇਮ ਦੀਆਂ ਬਾਣੀਆਂ ਵਿਚ ਸ਼ਾਮਲ ਤ੍ਵ ਪ੍ਰਸਾਦਿ ਸਵਏ ਬਾਣੀ ਵਿਚ ਦੇਖੋ

* ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ॥..............(ਤ੍ਵ ਪ੍ਰਸਾਦਿ ਸਵਯੇ)

ਪੰਜਾਬੀ ਵਿੱਚ ਬੀਰ ਰਸ ਦੀ ਉੱਤਮ ਵਾਰ ਵਜੋਂ ਜਾਣੀ ਜਾਂਦੀ ਫ਼ਤੂੰਟ; ਚੰਡੀ ਦੀ ਵਾਰਫ਼ਤੂੰਟ; ਜਿਸ ਵਿੱਚ ਦੇਵਤਿਆਂ ਅਤੇ ਦੈਂਤਾਂ ਦੇ ਯੁੱਧ ਦਾ ਵਰਣਨ ਹੈ, ਉਸ ਵਿੱਚ ਨਗਾਰੇ ਵੱਜਣ ਦਾ ਸਿੱਧਾ ਬਿਰਤਾਂਤ ਹੈ। ਅਤੇ ਕਿੰਨੀ ਵਾਰ ਨਗਾਰੇ ਵੱਜਣ ਸ਼ਬਦ ਵਰਤਿਆ ਗਿਆ ਹੈ।

* ਦੁਹਾ ਕੰਧਾਰਾ ਮੁੰਹ ਜੁੜੇ ਢੋਲ ਸੰਖ ਨਗਾਰੇ ਬਜੇ॥..........(ਚੰਡੀ ਦੀ ਵਾਰ)
* ਜੰਗ ਮੁਸਾਫਾ ਬਜਿਆ ਰਣਿ ਘੁਰੇ ਨਗਾਰੇ ਚਾਵਲੇ ॥........(ਚੰਡੀ ਦੀ ਵਾਰ)
* ਢੋਲ ਨਗਾਰੇ ਪਉਣਦੇ ਊਘਨ ਜਾਣੁ ਜਟਾਵਲੇ ॥................(ਚੰਡੀ ਦੀ ਵਾਰ)
* ਵੇਖਣ ਚੰਡ ਪ੍ਰਚੰਡ ਨੋ ਰਣਿ ਘੁਰੇ ਨਗਾਰੇ ॥.............(ਚੰਡੀ ਦੀ ਵਾਰ)
* ਚੋਟਾ ਪਵਨਿ ਨਗਾਰੇ ਅਣੀਆ ਜੁਟੀਆ॥.............(ਚੰਡੀ ਦੀ ਵਾਰ)
* ਲਖ ਨਗਾਰੇ ਵਜਨਿ ਆਮੋ ਸਾਹਮਣੇ ॥.......(ਚੰਡੀ ਦੀ ਵਾਰ)
* ਘੁਰੇ ਨਗਾਰੇ ਡੋਹਰੇ ਰਣਿ ਸੰਗਲੀਆਲੇ ॥........(ਚੰਡੀ ਦੀ ਵਾਰ)
* ਅਗਣਤ ਘੁਰੇ ਨਗਾਰੇ ਦਲਾ ਭਿੜਦਿਆਂ ।......(ਚੰਡੀ ਦੀ ਵਾਰ)
* ਵਜੇ ਢੋਲ ਨਗਾਰੇ ਦਲਾ ਮੁਕਾਬਲਾ ॥.....(ਚੰਡੀ ਦੀ ਵਾਰ)
* ਸਟ ਪਈ ਨਗਾਰੇ ਦਲਾ ਮੁਕਾਬਲਾ ॥........(ਚੰਡੀ ਦੀ ਵਾਰ)
* ਢੋਲ ਨਗਾਰੇ ਵਾਏ ਦਲਾ ਮੁਕਾਬਲਾ ॥..........(ਚੰਡੀ ਦੀ ਵਾਰ)
* ਸੂਰੀ ਸੰਘਰੁ ਰਚਿਆ ਢੋਲ ਸੰਖ ਨਗਾਰੇ ਵਾਇ ਕੈ ॥......(ਚੰਡੀ ਦੀ ਵਾਰ)
* ਦੋਹਾਂ ਕੰਧਾਰਾ ਮੁਹ ਜੁੜੇ ਦਲ ਘੁਰੇ ਨਗਾਰੇ ॥..........(ਚੰਡੀ ਦੀ ਵਾਰ)

ਦਸਮ ਗ੍ਰੰਥ ਦੀਆਂ ਹੋਰ ਬਾਣੀਆਂ ਵਿਚ ਵੀ ਨਗਾਰੇ ਦਾ ਜਿਕਰ ਹੈ, ਜਿਸ ਦਾ ਜਿਕਰ ਨਹੀਂ ਕੀਤਾ ਜਾ ਰਿਹਾ ॥

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਨਗਾਰਾ ਭਾਰਤੀ ਇਤਿਹਾਸ ਵਿੱਚ ਆਮ ਕਰਕੇ ਅਤੇ ਸਿੱਖ ਇਤਿਹਾਸ ਵਿੱਚ ਖਾਸ ਕਰਕੇ ਮਹੱਤਵਪੂਰਨ ਹੈ। ਜੰਗ ਦੇ ਸਮੇਂ ਤੋਂ ਬਿਨਾਂ ਵੀ ਇਹ ਚੜ੍ਹਦੀ ਕਲਾ ਬਖਸ਼ਦਾ ਹੈ ਅਤੇ ਅੰਦਰੂਨੀ ਅਤੇ ਬਾਹਰੀ ਜੰਗ ਲਈ ਹਮੇਸ਼ਾ ਤਿਆਰ ਰੱਖਦਾ ਹੈ।

# ਸ਼ਾਂਤੀ ਪਸੰਦ ਨਿਓਲਾ



ਜੇਮਸ ਥਰਬਰ ਦੀ ਇੱਕ ਬਹੁਤ ਪ੍ਰਸਿੱਧ ਕਹਾਣੀ ਹੈ, ਕਿ ਇੱਕ ਸੱਪਾਂ ਦੇ ਦੇਸ਼ ਵਿੱਚ ਇੱਕ ਵਾਰ ਇੱਕ ਸ਼ਾਂਤੀ ਪਸੰਦ ਨਿਓਲਾ ਪੈਦਾ ਹੋ ਗਿਆ।

ਨਿਓਲੇਆ ਨੇ ਤੱਤ ਛਣ ਉਸ ਨੂੰ ਸਿੱਖਿਆ ਦੇਣੀ ਸ਼ੁਰੂ ਕੀਤੀ ਕਿ ਸੱਪ ਸਾਡੇ ਦੁਸ਼ਮਣ ਹਨ। ਪਰ ਉਸ ਨਿਓਲੇ ਨੇ ਕਿਹਾ, ਕਿ ਕਿਉਂ? ਮੇਰਾ ਉਨ੍ਹਾਂ ਨੇ ਹੁਣ ਤੱਕ ਕੁਝ ਵੀ ਨਹੀਂ ਵਿਗਾੜਿਆ।

ਪੁਰਾਣੇ ਨਿਓਲਿਆਂ ਨੇ ਕਿਹਾ ਨਾ ਸਮਝ, ਤੇਰਾ ਨਾਂ ਵਿਗਾੜਿਆ ਹੋਵੇ। ਲੇਕਿਨ ਉਹ ਸਦਾ ਤੋਂ ਸਾਡੇ ਦੁਸ਼ਮਣ ਹਨ।

ਉਨ੍ਹਾਂ ਨਾਲ ਸਾਡਾ ਵਿਰੋਧ ਜਾਤੀਗਤ ਹੈ।

ਪਰ ਉਸ ਸ਼ਾਂਤੀ ਪਸੰਦ ਨਿਓਲੇ ਨੇ ਕਿਹਾ ਜਦ ਮੇਰਾ ਉਨ੍ਹਾਂ ਨੇ ਕੁਝ ਨਹੀਂ ਵਿਗਾੜਿਆ ਤਾਂ ਮੈਂ ਕਿਉਂ ਉਨ੍ਹਾਂ ਨਾਲ ਦੁਸ਼ਮਣੀ ਪਾਲਾ?

ਖ਼ਬਰ ਫੈਲ ਗਈ, ਕਿ ਨਿਓਲੇਆਂ ਵਿੱਚ ਇੱਕ ਗਲਤ ਨਿਓਲਾ ਪੈਦਾ ਹੋ ਗਿਆ ਹੈ। ਜੋ ਸੱਪਾਂ ਦਾ ਮਿੱਤਰ ਹੈ, ਅਤੇ ਨਿਓਲੇਆ ਦਾ ਦੁਸ਼ਮਣ ਹੈ।

ਨਿਓਲੇ ਦੇ ਬਾਪ ਨੇ ਕਿਹਾ ਉਸ ਦਾ ਲੜਕਾ ਪਾਗਲ ਹੈ। ਨਿਓਲੇ ਦੀ ਮਾਂ ਨੇ ਕਿਹਾ ਇਹ ਲੜਕਾ ਬੀਮਾਰ ਹੈ। ਨਿਓਲੇ ਦੇ ਭਰਾਵਾਂ ਨੇ ਕਿਹਾ ਇਹ ਸਾਡਾ ਭਰਾ ਬੁਜ਼ਦਿਲ ਹੈ। ਉਸ ਨੂੰ ਬਹੁਤ ਸਮਝਾਇਆ ਕਿ ਇਹ ਸਾਡਾ ਫ਼ਰਜ਼ ਹੈ, ਰਾਸ਼ਟਰੀ ਕਰਤੱਵ ਹੈ ਕਿ ਅਸੀਂ ਸੱਪਾਂ ਨੂੰ ਮਾਰੀਏ। ਅਸੀਂ ਇਸੇ ਲਈ ਹਾਂ, ਇਸ ਪ੍ਰਿਥਵੀ ਨੂੰ ਸੱਪਾਂ ਤੋਂ ਖਾਲੀ ਕਰ ਦੇਣਾ ਹੈ। ਕਿਉਂਕਿ ਉਨ੍ਹਾਂ ਦੇ ਕਾਰਨ ਹੀ ਸਾਰੀ ਬੁਰਾਈ ਹੈ। ਸੱਪ ਹੀ ਸ਼ੈਤਾਨ ਹੈ।

ਉਸ ਸ਼ਾਂਤੀ ਪਸੰਦ ਨਿਓਲੇ ਨੇ ਕਿਹਾ ਮੈਂ ਤਾਂ ਉਨ੍ਹਾਂ ਵਿੱਚ ਕੋਈ ਫ਼ਰਕ ਨਹੀਂ ਦੇਖਦਾ। ਖ਼ਬਰ ਫੈਲ ਗਈ ਕਿ ਉਹ ਨਿਓਲਾ ਵਾਸਤਵ ਵਿੱਚ ਸੱਪ ਹੀ ਹੈ। ਸੱਪਾਂ ਦੀ ਤਰ੍ਹਾਂ ਰੇਂਗਦਾ ਹੈ ਅਤੇ ਉਸ ਤੋਂ ਸਾਵਧਾਨ ਰਹਿਣਾ। ਕਿਉਂਕਿ ਸ਼ਕਲ ਤੋਂ ਉਹ ਨਿਓਲਾ ਹੀ ਹੈ, ਅਤੇ ਆਤਮਾ ਸੱਪ ਦੀ ਹੈ।

ਵੱਡੇ-ਵੱਡੇ ਇਕੱਠ ਹੋਏ ਪੰਚਾਇਤ ਨੇ ਆਖਰੀ ਵਾਰ ਕੋਸ਼ਿਸ਼ ਕੀਤੀ ਨਿਓਲੇ ਨੂੰ ਸਮਝਾਉਣ ਦੀ। ਕੀ ਤੂੰ ਪਾਗਲਪਨ ਨਾ ਕਰ। ਉਸ ਨਿਓਲੇ ਨੇ ਕਿਹਾ ਲੇਕਿਨ ਸੋਚਣਾ ਸਮਝਣਾ ਤਾਂ ਜ਼ਰੂਰੀ ਹੈ। ਇੱਕ ਨਿਓਲਾ ਭੀੜ ਵਿੱਚੋਂ ਬੋਲਿਆ, ਸੋਚਣਾ ਸਮਝਣਾ ਗਦਾਰੀ ਹੈ। ਦੂਸਰੇ ਨਿਉਲਿਆਂ ਨੇ ਕਿਹਾ ਸੋਚਣਾ ਸਮਝਣਾ ਦੁਸ਼ਮਣਾਂ ਦਾ ਕੰਮ ਹੈ।

ਫਿਰ ਜਦ ਉਹ ਉਸ ਨੂੰ ਸਮਝਾ ਨਾ ਪਾਏ ਤਾਂ, ਉਸ ਨਿਓਲੇ ਨੂੰ ਉਨ੍ਹਾਂ ਨੇ ਫਾਂਸੀ ਦੇ ਦਿੱਤੀ।

ਜੇਮਸ ਥਰਬਰ ਨੇ ਅੰਤਮ ਵਚਨ ਵਿੱਚ ਇਸ ਕਹਾਣੀ ਦੇ ਲਿਖਿਆ ਹੈ।

ਜੇ ਤੁਸੀਂ ਆਪਣੇ ਦੁਸ਼ਮਣਾਂ ਦੇ ਹੱਥੋਂ ਨਾ ਮਾਰੇ ਗਏ ਤਾਂ, ਆਪਣੇ ਮਿੱਤਰਾਂ ਦੇ ਹੱਥੋਂ ਮਾਰੇ ਜਾਓਗੇ। ਮਾਰੇ ਤੁਸੀਂ ਜ਼ਰੂਰ ਜਾਓਗੇ।

ਸਮਾਜ ਭੀੜ ਦੇ ਮਨੋਵਿਗਿਆਨ ਨਾਲ ਜਿਉਂਦਾ ਹੈ, ਸਮਾਜ ਵਿੱਚ ਸੱਚ ਦੀ ਚਿੰਤਾ ਕਿਸੇ ਨੂੰ ਵੀ ਨਹੀਂ।

ਦੂਜਿਆਂ ਨਾਲ ਸਹਿਮਤੀ ਬਣੀ ਰਹੇ ਏਨੀ ਹੀ ਚਿੰਤਾ ਹੈ। ਸਮਾਜ ਦੇ ਨਾਲ ਵਿਅਕਤੀ ਕਿਵੇਂ ਬਣੀ ਰਹੇ ਏਨੀ ਹੀ ਚਿੰਤਾ ਹੈ।

ਸਮਾਜ ਝੂਠਾ ਹੋਵੇ ਤਾਂ ਵਿਅਕਤੀ ਨੂੰ ਵੀ ਝੂਠਾ ਹੋ ਜਾਣਾ ਪੈਂਦਾ ਹੈ। ਵਿਅਕਤੀ ਬਹੁਤ ਇਕੱਲਾ ਹੈ ਸਮਾਜ ਬਹੁਤ ਵੱਡਾ ਹੈ।

ਲੋਕੀਂ ਝੂਠ ਹੀ ਪਸੰਦ ਕਰਦੇ ਹਨ, ਕਿਉਂਕਿ ਝੂਠ ਖ਼ੂਬਸੂਰਤ ਤੇ ਮਿਠਾਸ ਭਰਿਆ ਹੁੰਦਾ ਹੈ।

(ਸੋ ਭੀੜ ਦਾ ਹਿੱਸਾ ਬਣਨ ਤੋਂ ਬਚੋ)

ਹਰਜੋਤ ਸਿੰਘ, 70094-52602

# ਐਨੇ ਸੌਖੇ ਨਹੀਂ ਹਨ ਭਾਰਤ ਅਤੇ ਚੀਨ ਦਰਮਿਆਨ ਸਬੰਧ ਠੀਕ ਹੋਣੇ!



ਕੁਝ ਦਿਨ ਪਹਿਲਾਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜੇਸ਼ਨ (ਐਸ.ਸੀ.ਓ.) ਸੰਮੇਲਨ ਦੇ ਸਬੰਧ ਵਿੱਚ ਚੀਨ ਦਾ ਦੌਰਾ ਕੀਤਾ ਸੀ। ਉਹ 7 ਸਾਲਾਂ ਬਾਅਦ ਚੀਨ ਗਏ ਹਨ। ਕੁਝ ਸਮਾਂ ਪਹਿਲਾਂ ਮੋਦੀ ਟਰੰਪ ਦੀ ਦੋਸਤੀ ਦੇ ਸੋਹਲੇ ਗਾਉਣ ਅਤੇ ਚੀਨ ਨੂੰ ਭਾਰਤ ਦਾ ਦੁਸ਼ਮਣ ਨੰਬਰ ਇੱਕ ਗਰਦਾਨ ਰਹੇ ਟੀ.ਵੀ. ਖਬਰ ਚੈਨਲ ਹੁਣ ਚੀਨ ਨੂੰ ਭਾਰਤ ਦਾ ਸਭ ਤੋਂ ਨਜ਼ਦੀਕੀ ਮਿੱਤਰ ਘੋਸ਼ਿਤ ਕਰ ਰਹੇ ਹਨ। ਪਰ ਅਸਲੀਅਤ ਇਹ ਹੈ ਕਿ ਭਾਰਤ ਅਤੇ ਚੀਨ ਦੇ ਆਪਸੀ ਸਬੰਧ ਆਮ ਵਰਗੇ ਹੋਣੇ ਫਿਲਹਾਲ ਬਹੁਤ ਮੁਸ਼ਕਿਲ ਹਨ। ਇਸ ਦੌਰੇ ਨੇ ਭਾਰਤੀ ਮੀਡੀਆ ਵਿੱਚ ਵੱਡੇ ਪੱਧਰ 'ਤੇ ਉਤਸ਼ਾਹ ਦਾ ਸੰਚਾਰ ਕੀਤਾ ਹੈ ਪਰ ਇਸ ਦੀਆਂ ਪ੍ਰਾਪਤੀਆਂ ਕੁਝ ਖਾਸ ਨਹੀਂ ਹਨ। ਚੀਨ ਨਾਲ ਭਾਰਤ ਦੇ ਸੀਮਾਂ ਸਬੰਧੀ ਐਨੇ ਵਿਵਾਦ ਹਨ ਕਿ ਉਨ੍ਹਾਂ ਨੂੰ ਸੁਲਝਾਉਣ ਵਿੱਚ ਹੀ ਕਈ ਸਾਲ ਗੁਜ਼ਰ ਜਾਣਗੇ। ਸਭ ਨੂੰ ਪਤਾ ਹੈ ਕਿ ਉਪਰੇਸ਼ਨ ਸਿੰਧੂਰ ਸਮੇਂ ਚੀਨ ਨੇ ਪਾਕਿਸਤਾਨ ਦੀ ਹਥਿਆਰਾਂ ਅਤੇ ਗੁਪਤ ਸੂਚਨਾਵਾਂ ਦੇਣ ਸਮੇਤ ਹਰ ਪ੍ਰਕਾਰ ਦੀ ਖੁਲ੍ਹਮ ਖੁੱਲੀ ਮਦਦ ਕੀਤੀ ਸੀ। ਇਸ ਤੋਂ ਇਲਾਵਾਂ ਉਸ ਨੇ ਦੋ ਕੁ ਮਹੀਨੇ ਪਹਿਲਾਂ ਭਾਰਤ ਨੂੰ ਖਾਦ ਅਤੇ ਦੁਰਲਭ ਖਣਿਜ ਪਦਾਰਥ (ਰੇਅਰ ਅਰਥ ਮੈਟਲਜ਼) ਦੇਣ 'ਤੇ ਪਾਬੰਦੀ ਵੀ ਲਗਾ ਦਿੱਤੀ ਸੀ। ਦੋਵੇਂ ਦੇਸ਼ ਇੱਕ ਦੂਸਰੇ 'ਤੇ ਦਬਾਅ ਵੀ ਰੱਖਣਾ ਚਾਹੁੰਦੇ ਹਨ ਤੇ ਸਬੰਧ ਵੀ ਸੁਧਾਰਨਾ ਚਾਹੁੰਦੇ ਹਨ। ਭਾਰਤ ਦਾ ਕਹਿਣਾ ਹੈ ਕਿ ਭਾਰਤ ਚੀਨ ਸਬੰਧਾਂ ਵਿੱਚ ਕਿਸੇ ਤੀਸਰੀ ਧਿਰ ਦੀ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ। ਅਗਸਤ ਮਹੀਨੇ ਵਿੱਚ ਚੀਨ ਦੇ ਵਿਦੇਸ਼ ਮੰਤਰੀ ਵਾਂਗ ਝੀ ਨੇ ਆਪਣੇ ਭਾਰਤ ਦੌਰੇ ਸਮੇਂ ਅਮਰੀਕਾ ਦਾ ਨਾਮ ਨਾ ਲੈ ਕੇ ਇੱਕ ਬਿਆਨ ਦੇ ਦਿੱਤਾ ਸੀ ਕਿ ਭਾਰਤ ਚੀਨ ਨਾਲ ਮਿਲ ਕੇ ਵੈਸ਼ਵਿਕ ਧੌਂਸ ਦਾ ਮੁਕਾਬਲਾ ਕਰਨ ਲਈ ਰਾਜ਼ੀ ਹੋ ਗਿਆ ਹੈ। ਇਸ ਬਿਆਨ ਨਾਲ ਭਾਰਤ ਨਾਲ ਪਹਿਲਾਂ ਹੀ ਨਰਾਜ਼ ਚੱਲ ਰਿਹਾ ਟਰੰਪ ਹੋਰ ਭੜਕ ਗਿਆ ਸੀ।

ਟਰੰਪ ਵੱਲੋਂ 50% ਟੈਰਿਫ (ਜੋ ਕਿ ਏਸ਼ੀਆ ਦੇ ਹੋਰ ਕਿਸੇ ਵੀ ਦੇਸ਼ ਨਾਲੋਂ ਵੱਧ ਹੈ) ਲਗਾਉਣ ਦੇ ਬਾਵਜੂਦ ਭਾਰਤ ਅਮਰੀਕਾ ਨਾਲ ਆਪਣੇ ਵਪਾਰਕ ਸਬੰਧ ਕਿਸੇ ਹਾਲਤ ਵਿੱਚ ਖਤਮ ਨਹੀਂ ਕਰ ਸਕਦਾ। ਇਸ ਦਾ ਕਾਰਨ ਇਹ ਹੈ ਕਿ ਅਮਰੀਕਾ ਹੀ ਇੱਕ ਅਜਿਹਾ ਵੱਡਾ ਦੇਸ਼ ਹੈ ਜਿੱਥੇ ਵਪਾਰ ਭਾਰਤ ਦੇ ਪੱਖ ਵਿੱਚ ਹੈ ਜਿਸ ਤੋਂ ਦੇਸ਼ ਨੂੰ ਹਰ ਸਾਲ ਕਰੋੜਾਂ ਡਾਲਰ ਦਾ ਫਾਇਦਾ ਹੁੰਦਾ ਹੈ। ਚੀਨ ਭਾਰਤ ਦੇ ਅਮਰੀਕਾ ਨਾਲ ਵਿਗੜ ਰਹੇ ਸਬੰਧਾਂ ਕਾਰਨ ਅਮਰੀਕਾ ਦੇ ਖਿਲਾਫ ਸਾਂਝਾ ਮੋਰਚਾ ਬਣਾਉਣਾ ਚਾਹੁੰਦਾ ਹੈ। ਟਰੰਪ ਚਾਹੇ ਰੋਜ਼ਾਨਾ ਭਾਰਤ ਦੇ ਖਿਲਾਫ ਕੋਈ ਨਾ ਕੋਈ ਬਿਆਨ ਦਿੰਦਾ ਰਹਿੰਦਾ ਹੈ ਫਿਰ ਵੀ ਉਹ ਚੀਨ ਨੂੰ ਹੀ ਆਪਣਾ ਸਭ ਤੋਂ ਵੱਡਾ ਸੈਨਿਕ ਅਤੇ ਵਪਾਰਕ ਦੁਸ਼ਮਣ ਮੰਨਦਾ ਹੈ।

ਚੀਨ ਦੁਆਰਾ ਇਹ ਪ੍ਰਾਪੇਗੰਡਾ ਪ੍ਰਚਾਰਿਆ ਜਾ ਰਿਹਾ ਹੈ ਕਿ ਭਾਰਤ ਅਤੇ ਚੀਨ ਵਿਕਾਸਸ਼ੀਲ ਦੁਸ਼ਮਣ ਨਹੀਂ ਸਗੋਂ ਭਾਈਵਾਲ ਹਨ ਜਦ ਕਿ ਉਸ ਨੇ ਭਾਰਤ ਚੀਨ ਸਰਹੱਦ 'ਤੇ ਭਾਰੀ ਸੈਨਿਕ ਬਲ ਤਾਇਨਾਤ ਕੀਤੇ ਹੋਏ ਹਨ ਤੇ ਉਸ ਵੱਲੋਂ ਅਰੁਣਾਚਲ ਪ੍ਰਦੇਸ਼ ਸਮੇਤ ਭਾਰਤ ਦੇ ਕਈ ਇਲਾਕਿਆਂ 'ਤੇ ਲਗਾਤਾਰ ਦਾਅਵਾ ਕੀਤਾ ਜਾਂਦਾ ਹੈ। ਉਹ ਭਾਰਤ ਦੇ ਵਿਰੋਧ ਦੇ ਬਾਵਜੂਦ ਬ੍ਰਹਮਪੁੱਤਰ ਨਦੀ 'ਤੇ ਸੰਸਾਰ ਦਾ ਸਭ ਤੋਂ ਵੱਡਾ ਡੈਮ ਬਣਾ ਰਿਹਾ ਹੈ ਜਿਸ ਦੀ ਮਦਦ ਨਾਲ ਉਹ ਭਾਰਤ ਵਿੱਚ ਜਦੋਂ ਚਾਹੇ ਸੋਕਾ ਜਾਂ ਹੜ੍ਹ ਲਿਆ ਸਕਦਾ ਹੈ। ਭਾਰਤ ਚੀਨ ਸਬੰਧਾਂ ਵਿੱਚ ਇੱਕ ਹੋਰ ਵੱਡਾ ਰੋੜਾ ਤਾਇਵਾਨ ਦਾ ਮਸਲਾ ਹੈ। ਚੀਨ ਚਾਹੁੰਦਾ ਹੈ ਕਿ ਭਾਰਤ ਉਸ ਦੀ ਸੰਯੁਕਤ ਚੀਨ ਪਾਲਿਸੀ ਦਾ ਸਮਰਥਨ ਕਰੇ ਤੇ ਤਾਇਵਾਨ ਨੂੰ ਉਸ ਦਾ ਹਿੱਸਾ ਮੰਨੇ। ਵਾਂਗ ਝੀ ਦੇ ਦੌਰੇ ਤੋਂ ਬਾਅਦ ਚੀਨ ਨੇ ਦਾਅਵਾ ਕੀਤਾ ਸੀ ਕਿ ਭਾਰਤ ਨੇ ਉਸ ਦੀ ਇਹ ਗੱਲ ਮੰਨ ਲਈ ਹੈ। ਪਰ ਜਦੋਂ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਦਾ ਖੰਡਨ ਕਰ ਦਿੱਤਾ ਤਾਂ ਉਸ ਨੇ ਇਸ ਦਾ ਬਹੁਤ ਬੁਰਾ ਮਨਾਇਆ ਸੀ। ਉਸ ਦੇ ਵਿਦੇਸ਼ ਮੰਤਰਾਲੇ ਨੇ ਸਖਤ ਬਿਆਨ ਜਾਰੀ ਕੀਤਾ ਸੀ ਕਿ ਭਾਰਤ ਦਾ ਇਹ ਬਿਆਨ ਹੈਰਾਨੀਜਨਕ ਹੈ ਕਿਉਂਕਿ ਉਸ ਨੇ ਦੁਵੱਲੀ ਗੱਲ ਬਾਤ ਦੌਰਾਨ ਇਸ ਬਾਰੇ ਸਹਿਮਤੀ ਪ੍ਰਗਟਾਈ ਸੀ। ਉਸ ਨੇ ਅੱਗੇ ਕਿਹਾ ਕਿ ਇਸ ਤਰਾਂ ਲੱਗਦਾ ਹੈ ਕਿ ਭਾਰਤ ਵਿੱਚ ਕੁਝ ਲੋਕ ਇਹ ਨਹੀਂ ਚਾਹੁੰਦੇ ਕਿ ਭਾਰਤ ਚੀਨ ਸਬੰਧਾਂ ਵਿੱਚ ਸੁਧਾਰ ਆਵੇ। ਇਹ ਲੋਕ ਚੀਨ ਦੀ ਆਖੰਡਤਾ ਦੇ ਖਿਲਾਫ ਕੰਮ ਕਰ ਰਹੇ ਹਨ ਤੇ ਉਹ ਇਸ ਪਹੁੰਚ ਦਾ ਪੁਰਜ਼ੋਰ ਵਿਰੋਧ ਕਰਦਾ ਹੈ।

ਭਾਰਤ ਅਤੇ ਚੀਨ ਵਿੱਚ ਫਿਲਹਾਲ ਆਮ ਜਨਤਾ ਨਾਲ ਸਬੰਧਿਤ ਸਧਾਰਨ ਮੁੱਦੇ ਜਿਵੇਂ ਕਿ ਸਿੱਧੀਆਂ ਹਵਾਈ ਉਡਾਨਾਂ, ਹਿਮਾਲੀਆ ਪਰਬਤ ਰਸਤੇ ਵਪਾਰ, ਕੈਲਾਸ਼ ਮਾਨਸਰੋਵਰ ਯਾਤਰਾ ਅਤੇ ਸੌਖੀ ਵੀਜ਼ਾ ਪ੍ਰਣਾਲੀ 'ਤੇ ਹੀ ਗੱਲ ਬਾਤ ਚੱਲ ਰਹੀ ਹੈ। ਇਸ ਤੋਂ ਇਲਾਵਾ ਭਾਰਤ ਨੇ ਚੀਨ ਤੋਂ ਅਤਿ ਜਰੂਰੀ ਵਸਤੂਆਂ ਜਿਵੇਂ ਖਾਦਾਂ ਅਤੇ ਦੁਰਲਭ ਖਣਿਜ ਪਦਾਰਥਾਂ ਆਦਿ 'ਤੇ ਲੱਗੀਆਂ ਪਾਬੰਦੀਆਂ ਵੀ ਹਟਵਾ ਲਈਆਂ ਹਨ। ਇਥੇ ਵਰਨਣਯੋਗ ਹੈ ਕਿ ਚੀਨ ਨਾਲ ਸਾਡਾ ਵਪਾਰ ਚੀਨ ਪੱਖੀ ਹੈ। ਮਿਸਾਲ ਦੇ ਤੌਰ 'ਤੇ ਜੇ ਭਾਰਤ ਚੀਨ ਤੋਂ 100 ਰੁਪਏ ਦਾ ਸਮਾਨ ਖਰੀਦਦਾ ਹੈ ਤਾਂ ਸਿਰਫ 23 ਰੁਪਏ ਦਾ ਸਮਾਨ ਉਸ ਨੂੰ ਵੇਚਦਾ ਹੈ। ਜਦ ਕਿ ਦੂਸਰੇ ਪਾਸੇ ਟਰੰਪ ਦੇ 50% ਟੈਰਿਫ ਲਗਾਉਣ ਤੋਂ ਪਹਿਲਾਂ ਅਮਰੀਕਾ ਨਾਲ ਭਾਰਤ ਦਾ ਵਪਾਰ ਵਾਧਾ 400 ਕਰੋੜ ਡਾਲਰ ਸਲਾਨਾ ਤੋਂ ਵੱਧ ਸੀ। ਪਰ ਮੁਸੀਬਤ ਇਹ ਕਿ ਦੁਰਲਭ ਖਣਿਜ ਪਦਾਰਥ (ਰੇਅਰ ਅਰਥ ਐਲੀਮੈਂਟਸ, ਜਿਨ੍ਹਾਂ ਤੋਂ ਡਿਫੈਂਸ ਸਿਸਟਮ, ਬਿਜਲਈ ਕਾਰਾਂ ਅਤੇ ਇਲੈੱਕਟਰੌਨਿਕਸ ਦੇ ਜਰੂਰੀ ਪੁਰਜ਼ੇ ਬਣਦੇ ਹਨ) ਵਰਗੀਆਂ ਕਈ ਵਸਤੂਆਂ 'ਤੇ ਚੀਨ ਦਾ ਏਕਾਧਿਕਾਰ ਹੈ ਤੇ ਚੀਨ ਇਸ ਨੂੰ ਭਾਰਤ ਅਤੇ ਬਾਕੀ ਵਿਸ਼ਵ ਦੇ ਖਿਲਾਫ ਹਥਿਆਰ ਵਾਂਗ ਵਰਤਦਾ ਹੈ। ਇਸ ਕਾਰਨ ਹੀ ਟਰੰਪ ਚਾਹ ਕੇ ਵੀ ਚੀਨ 'ਤੇ ਟੈਰਿਫ ਨਹੀਂ ਲਗਾ ਸਕਿਆ ਭਾਵੇਂ ਕਿ ਚੀਨ ਰੂਸ ਤੋਂ ਭਾਰਤ ਨਾਲੋਂ ਕਿਤੇ ਵੱਧ ਤੇਲ ਖਰੀਦਦਾ ਹੈ। ਵਾਂਗ ਝੀ ਦੇ ਦੌਰੇ ਅਤੇ ਐਸ.ਸੀ.ਓ. ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਮੋਦੀ ਤੇ ਚੀਨ ਦੇ ਰਾਸ਼ਟਰਪਤੀ ਜ਼ੀ ਜਿੰਨਪਿੰਗ ਨਾਲ ਹੋਈ ਮੁਲਾਕਾਤ ਦੌਰਾਨ ਬਾਰਡਰ 'ਤੇ ਵਧ ਰਹੇ ਤਨਾਅ ਨੂੰ ਖਤਮ ਕਰਨ ਸਬੰਧੀ ਖਬਰਾਂ ਚੱਲੀਆਂ ਸਨ। ਮੋਦੀ ਨੇ ਵਪਾਰਕ ਰਿਸ਼ਤਿਆਂ ਨੂੰ ਠੀਕ ਬਣਾਈ ਰੱਖਣ ਲਈ ਬਾਰਡਰ 'ਤੇ ਸ਼ਾਂਤੀ ਕਾਇਮ ਰੱਖਣ 'ਤੇ ਜ਼ੋਰ ਦਿੱਤਾ ਜਦੋਂ ਕਿ ਜ਼ੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਆਪਸੀ ਰਿਸ਼ਤਿਆਂ ਵਿੱਚ ਨਿੱਘ ਲਿਆਉਣ ਲਈ ਬਾਰਡਰ 'ਤੇ ਵਾਪਰ ਰਹੀਆਂ ਛੋਟੀਆਂ ਮੋਟੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ। ਇਸ ਤੋਂ ਇਲਾਵਾ ਸਰਹੱਦੀ ਵਿਵਾਦ ਦੇ ਹੱਲ ਨੂੰ ਲਈ ਚੀਨ ਸਿਰਫ ਸਿੱਕਮ ਤੱਕ ਸੀਮਤ ਰੱਖਣਾ ਚਾਹੁੰਦਾ ਹੈ ਜੋ ਭਾਰਤ ਨੂੰ ਮੰਨਜ਼ੂਰ ਨਹੀਂ ਹੈ। ਉਹ ਚਾਹੁੰਦਾ ਹੈ ਕਿ ਭਾਰਤ, ਚੀਨ ਅਤੇ ਇੰਗਲੈਂਡ ਦਰਮਿਆਨ 1890 ਈਸਵੀ ਵਿੱਚ ਸਿੱਕਮ ਅਤੇ ਤਿੱਬਤ ਸਬੰਧੀ ਹੋਈ ਸੰਧੀ ਨੂੰ ਮੰਨਜ਼ੂਰ ਕਰ ਲਵੇ। ਭਾਰਤ ਨੂੰ ਇਹ ਮੰਨਜ਼ੂਰ ਨਹੀਂ ਹੈ ਕਿਉਂਕਿ ਇਸ ਨਾਲ ਸਿੱਕਮ ਦਾ ਕਾਫੀ ਹਿੱਸਾ ਚੀਨ ਦੇ ਕਬਜ਼ੇ ਹੇਠ ਚਲਾ ਜਾਵੇਗਾ। ਭਾਰਤ ਦਾ ਇਹ ਵੀ ਕਹਿਣਾ ਹੈ ਕਿ ਉਹ ਚੀਨ ਦੀ ਕਿਸੇ ਬਸਤੀਵਾਦੀ ਦੇਸ਼ ਨਾਲ ਹੋਈ ਸੰਧੀ ਨੂੰ ਮਾਨਤਾ ਨਹੀਂ ਦੇ ਸਕਦਾ। ਸੰਮੇਲਨ ਦੌਰਾਨ ਜ਼ੀ ਨੇ ਸੰਦੇਸ਼ ਦਿੱਤਾ ਕਿ ਹਾਥੀ ਅਤੇ ਡਰੈਗਨ ਨੂੰ ਇਕੱਠੇ ਨਾਚ ਕਰਨਾ ਚਾਹੀਦਾ ਹੈ, ਭਾਵ ਕਿ ਦੋਵਾਂ ਦੇਸ਼ਾਂ ਨੂੰ ਸ਼ਾਤੀ ਅਤੇ ਸਹਿਯੋਗ ਨਾਲ ਰਹਿਣਾ ਚਾਹੀਦਾ ਹੈ। ਪਰ ਹਰ ਕੋਈ ਜਾਣਦਾ ਹੈ ਕਿ ਚੀਨ ਕਦੇ ਵੀ ਪਾਕਿਸਤਾਨ ਦੀ ਕੀਮਤ 'ਤੇ ਭਾਰਤ ਨਾਲ ਵਪਾਰ ਤੋਂ ਇਲਾਵਾ ਹੋਰ ਕੋਈ ਸਹਿਯੋਗ ਨਹੀਂ ਵਧਾ ਸਕਦਾ। ਪਾਕਿਸਤਾਨ ਨੇ ਮਕਬੂਜ਼ਾ ਕਸ਼ਮੀਰ ਵਿੱਚੋਂ 5180 ਸੁਕੇਅਰ ਕਿ.ਮੀ. ਇਲਾਕਾ ਚੀਨ ਨੂੰ ਦਿੱਤਾ ਹੋਇਆ ਹੈ। ਚੀਨ ਨੇ ਆਪਣੇ ਸੂਬੇ ਕਾਸ਼ਗਰ ਤੋਂ ਲੈ ਕੇ ਪਾਕਿਸਤਾਨ ਦੇ ਸ਼ਹਿਰ ਹਸਨ ਅਬਦਾਲ ਤੱਕ 1300 ਕਿ.ਮੀ. ਦੇ ਕਰੀਬ ਇੱਕ ਸੜਕ ਬਣਾਈ ਹੋਈ ਹੈ ਜਿਸ ਰਾਹੀਂ ਦੋਵਾਂ ਦੇਸ਼ਾਂ ਦਰਮਿਆਨ ਭਾਰੀ ਵਪਾਰ ਹੁੰਦਾ ਹੈ। ਇਸ ਤੋਂ ਇਲਾਵਾ ਚੀਨ ਨੇ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਅੰਦਰ ਗਵਾਦਰ ਨਾਮਕ ਇੱਕ ਬੰਦਰਗਾਹ ਤਿਆਰ ਕੀਤੀ ਹੈ ਜਿਸ ਦਾ ਸਾਰਾ ਕੰਟਰੋਲ ਚੀਨ ਕੋਲ ਹੈ। ਇਸ ਬੰਦਰਗਾਹ ਕਾਰਨ ਚੀਨ ਦੀ ਅਰਬ ਸਾਗਰ ਅਤੇ ਹੋਰਮਜ਼ ਦੀ ਖਾੜੀ ਤੱਕ ਸਿੱਧੀ ਪਹੁੰਚ ਹੋ ਗਈ ਹੈ। ਬਦਲੇ ਵਿੱਚ ਚੀਨ ਪਾਕਿਸਤਾਨ ਦੀ 90% ਹਥਿਆਰਾਂ ਦੀ ਪੂਰਤੀ ਬਹੁਤ ਹੀ ਵਾਜ਼ਿਬ ਕੀਮਤ 'ਤੇ ਕਰਦਾ ਹੈ। ਪਾਕਿਸਤਾਨ ਇਸ ਵੇਲੇ ਅਮਰੀਕਾ, ਰੂਸ ਅਤੇ ਚੀਨ, ਤਿੰਨਾਂ ਦੀਆਂ ਅੱਖਾਂ ਦਾ ਤਾਰਾ ਬਣਿਆ ਹੋਇਆ ਹੈ। ਦੂਸਰੇ ਪਾਸੇ ਟਰੰਪ ਪਤਾ ਨਹੀਂ ਕਿਸ ਗੱਲ ਤੋਂ ਭਾਰਤ ਨਾਲ ਨਰਾਜ਼ ਹੈ ਕਿ ਲਗਾਤਾਰ ਧਮਕੀਆਂ ਦੇ ਰਿਹਾ ਹੈ। ਪਰ ਇਸ ਦੇ ਬਾਵਜੂਦ ਵੀ ਭਾਰਤ ਚੀਨ 'ਤੇ ਬਹੁਤਾ ਭਰੋਸਾ ਨਹੀਂ ਕਰ ਸਕਦਾ। ਭਾਰਤ ਨੂੰ ਚੀਨ ਦੀ ਬਜਾਏ ਆਪਣੇ ਸਬੰਧ ਅਮਰੀਕਾ ਨਾਲ ਸੁਧਾਰਨੇ ਚਾਹੀਦੇ ਹਨ। ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਚੀਨੀ ਫੌਜ ਨਾਲ ਗਲਵਾਨ ਘਾਟੀ ਦੀ ਲੜਾਈ (ਮਿਤੀ 16 ਜੂਨ 2020) ਵਿੱਚ ਭਾਰਤ ਦੇ 20 ਜਵਾਨ ਸ਼ਹੀਦ ਹੋ ਗਏ ਸਨ ਤੇ ਇਸ ਤੋਂ ਪਹਿਲਾਂ 1962 ਵਿੱਚ ਵੀ ਚੀਨ ਨੇ ਭਾਰਤ ਨੂੰ ਧੋਖਾ ਦੇ ਚੁੱਕਾ ਹੈ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟ)
ਪੰਡੋਰੀ ਸਿੱਧਵਾਂ 9501100062

# ਨਾਨਕਿਆਂ ਵੱਲੋਂ ਵਿਆਹ ਮੌਕੇ ਨਿਭਾਈਆਂ ਜਾਣ ਵਾਲੀਆਂ ਰਸਮਾਂ



**ਕਲੀਰੇ ਬੰਨ੍ਹਣਾ:**

ਕਲੀਰੇ ਬੰਨ੍ਹਣਾ ਵਿਆਹ ਨਾਲ ਸੰਬੰਧਿਤ ਰਸਮ ਹੈ। ਚੂੜਾ ਪਾਉਣ ਤੋਂ ਬਾਅਦ ਕੰਨਿਆ ਦੇ ਕਲੀਰੇ ਬੰਨ੍ਹੇ ਜਾਂਦੇ ਹਨ। ਕਲੀਰਾ ਇੱਕ ਅਜਿਹਾ ਗਹਿਣਾ ਹੈ, ਜੋ ਵਿਆਹ ਦੇ ਸਮੇਂ ਕੰਨਿਆ ਆਪਣੇ ਦੋਹਾਂ ਹੱਥਾਂ ਦੀਆਂ ਵੀਣੀਆਂ 'ਤੇ ਬੰਨ੍ਹਦੀ ਹੈ। ਕਲੀਰਾ ਮੌਲੀ ਦੇ ਤੰਦ ਵਿੱਚ ਜੁੱਟ ਅਤੇ ਕੌਡੀਆਂ ਪਰੋ ਕੇ ਬਣਾਇਆ ਜਾਂਦਾ ਹੈ। ਕਲੀਰਾ ਨਿੱਕੀਆਂ ਨਿੱਕੀਆਂ ਕਟੋਰੀਆਂ ਨਾਲ ਜ਼ੰਜੀਰੀ ਦੀਆਂ ਤਿੰਨ ਲੜੀਆਂ ਪਰੋ ਕੇ ਬਣਦਾ ਹੈ। ਜ਼ੰਜੀਰੀ ਦੇ ਥੱਲੇ ਘੁੰਗਰੂ ਜਾਂ ਪੱਤੀਆਂ ਲਟਕਾਈਆਂ ਜਾਂਦੀਆਂ ਹਨ। ਕਲੀਰਾ ਸੁਖ ਮੰਗਲ ਦੀ ਕਾਮਨਾ ਲਈ ਬੰਨ੍ਹਿਆ ਜਾਂਦਾ ਹੈ। ਅੱਜ ਕੱਲ੍ਹ ਸੋਨੇ ਅਤੇ ਚਾਂਦੀ ਦੇ ਕਲੀਰੇ ਵੀ ਦੇਖਣ ਨੂੰ ਮਿਲਦੇ ਹਨ। ਕਈ ਕਲੀਰੇ ਕਾਫ਼ੀ ਲੰਬੇ ਅਤੇ ਕਈ ਛੋਟੇ-ਛੋਟੇ ਹੁੰਦੇ ਹਨ। ਇਹ ਪਹਿਨਣ ਵਾਲੇ ਦੀ ਪਸੰਦ 'ਤੇ ਨਿਰਭਰ ਕਰਦਾ ਹੈ। ਇਹ ਆਮ ਤੌਰ 'ਤੇ ਕੰਨਿਆ ਦੀਆਂ ਸਹੇਲੀਆਂ ਬੰਨ੍ਹਦੀਆਂ ਹਨ। ਕਈ ਜਗਾ 'ਤੇ ਕਲੀਰੇ ਭਰਾ ਭਰਜਾਈ ਵੀ ਬੰਨ੍ਹਦੇ ਹਨ। ਕਲੀਰੇ ਦੀ ਰਸਮ ਕਈ ਇਲਾਕਿਆਂ ਵਿੱਚ ਨਾਨਕਿਆਂ ਵੱਲੋਂ ਵੀ ਨਿਭਾਈ ਜਾਂਦੀ ਹੈ। ਅੱਜਕੱਲ੍ਹ ਬਜ਼ਾਰ ਵਿੱਚ ਕਈ ਤਰ੍ਹਾਂ ਦੇ ਖੂਬਸੂਰਤ ਕਲੀਰੇ ਮਿਲਦੇ ਹਨ। ਵਿਆਹ ਉਪਰੰਤ ਕਈ ਤਾਂ ਕਲੀਰਿਆਂ ਨੂੰ ਜੜਾ ਕੇ ਸਜਾਵਟ ਦੇ ਤੌਰ 'ਤੇ ਰੱਖਦੇ ਹਨ ਅਤੇ ਕਈ ਆਸ਼ੀਰਵਾਦ ਪ੍ਰਾਪਤ ਕਰਨ ਲਈ ਗੁਰਦੁਆਰੇ ਜਾਂ ਮੰਦਰ ਵਿੱਚ ਚੜ੍ਹਾ ਆਉਂਦੇ ਹਨ। ਕਲੀਰੇ ਬੰਨ੍ਹਣ ਦੀ ਸ਼ੁਰੂਆਤ ਕਦੋਂ ਹੋਈ, ਇਸ ਬਾਰੇ ਕੁਝ ਕਹਿਣਾ ਤਾਂ ਮੁਸ਼ਕਿਲ ਹੈ ਪਰ ਕਲੀਰੇ ਦਾ ਵਿਆਹ ਦੇ ਸਮੇਂ ਵਿੱਚ ਆਪਣਾ ਚਿੰਨਾਤਮਿਕ ਕਾਰਜ ਹੈ। ਇਸ ਵਿੱਚ ਵਰਤੀਆਂ ਜਾਣ ਵਾਲੀਆਂ ਵਸਤਾਂ ਵਿਆਹ ਦੇ ਸਮੇਂ ਕੁੜੀਆਂ ਨੂੰ ਸਿੱਖਿਆ ਦੇਣ ਲਈ ਚਿੰਨ੍ਹ ਦਾ ਕਾਰਜ ਕਰਦੀਆਂ ਹਨ।

ਨਾਨਕਿਆਂ ਵੱਲੋਂ ਆਪਣੀ ਦੋਹਤੀ ਦੇ ਵਿਆਹ ਸਮੇਂ ਦਾਜ ਲਈ ਦਿੱਤੇ ਜਾਂਦੇ ਗਹਿਣੇ, ਸੂਟ, ਬਿਸਤਰੇ, ਭਾਂਡੇ ਅਤੇ ਹੋਰ ਸਾਮਾਨ ਨੂੰ ਨਾਨਕੀ ਛੱਕ ਕਹਿੰਦੇ ਹਨ। ਦੋਹਤੇ ਦੇ ਵਿਆਹ ਸਮੇਂ ਵੀ ਨਾਨਕੀ ਛੱਕ ਦਿੱਤੀ ਜਾਂਦੀ ਹੈ ਪਰ ਉਸ ਨਾਨਕੀ ਛੱਕ ਵਿੱਚ ਦੋਹਤੇ ਨੂੰ ਜੋੜਾ ਜਾਮਾ (ਸੂਟ) ਆਪਣੀ ਧੀ ਤੇ ਧੀ ਦੇ ਸਾਰੇ ਪਰਿਵਾਰ ਨੂੰ, ਸੱਸ ਸਹੁਰੇ ਨੂੰ ਸੂਟ, ਖੇਸ, ਦੁਪੱਟੇ, ਕੱਪੜੇ ਦਿੱਤੇ ਜਾਂਦੇ ਹਨ। ਪੈਸੇ ਵਾਲੇ ਪਰਿਵਾਰ ਦੋਹਤੇ ਨੂੰ ਕੋਈ ਗਹਿਣਾ ਵੀ ਪਾਉਂਦੇ ਹਨ। ਨਕਦ ਪੈਸੇ ਦੇ ਦਿੰਦੇ ਹਨ। ਪਰ ਦੋਹਤੇ ਦੀ ਨਾਨਕੀ ਛੱਕ ਵਿੱਚ ਬਿਸਤਰੇ, ਭਾਂਡੇ ਆਦਿ ਹੋਰ ਕੋਈ ਸਾਮਾਨ ਨਹੀਂ ਦਿੱਤਾ ਜਾਂਦਾ। ਨਾਨਕੀ ਛੱਕ ਦੇਣ ਦਾ ਅਸਲ ਮੰਤਵ ਤਾਂ ਆਪਣੀ ਦੋਹਤੀ ਦੇ ਵਿਆਹ ਵਿੱਚ ਜਿਣਸ ਰੂਪ ਵਿੱਚ ਮਦਦ ਦੇਣਾ ਹੁੰਦਾ ਹੈ। ਨਾਨਕੀ ਛੱਕ ਨਾਨਕੇ ਆਪਣੀ ਆਰਥਿਕ ਹਾਲਤ ਅਨੁਸਾਰ ਹੀ ਦਿੰਦੇ ਹਨ। ਪਰ ਪਹਿਲੇ ਸਮਿਆਂ ਵਿੱਚ ਹਰ ਪਰਿਵਾਰ ਪਹਿਲੀ ਨਾਨਕੀ ਛੱਕ ਵਿੱਚ ਘੱਟੋ-ਘੱਟ ਇੱਕ ਸੋਨੇ ਦੀ ਟੂਮ, ਦੋ ਪੱਕੇ ਬਿਸਤਰੇ, ਦੋ ਕੱਚੇ ਬਿਸਤਰੇ, 5 ਪਿੱਤਲ ਦੇ ਭਾਂਡੇ ਅਤੇ ਦੋ ਸੂਟ ਜ਼ਰੂਰ ਦਿੰਦੇ ਸਨ। ਜਿਹੜੇ ਨਾਨਕੇ ਵਧੀਆ ਤੌਰ 'ਤੇ ਤਕੜੇ ਹੁੰਦੇ ਸਨ, ਉਹ ਸੋਨੇ ਦੀ ਭਾਰੀ ਟੂਮ, ਦੋ ਪੱਕੇ ਬਿਸਤਰਿਆਂ ਦੀ ਥਾਂ 5 ਪੱਕੇ ਬਿਸਤਰੇ, ਦੋ ਕੱਚੇ ਬਿਸਤਰਿਆਂ ਦੀ ਥਾਂ 5/7 ਕੱਚੇ ਬਿਸਤਰੇ, 5 ਭਾਂਡਿਆਂ ਦੀ ਥਾਂ 11 ਭਾਂਡੇ, ਦੋ ਸੂਟਾਂ ਦੀ ਥਾਂ 5/7 ਸੂਟ ਆਪਣੀ ਦੋਹਤੀ ਲਈ ਦੇ ਦਿੰਦੇ ਸਨ। ਕਈ ਨਾਨਕੇ ਇਸ ਤੋਂ ਜ਼ਿਆਦਾ ਵੀ ਨਾਨਕੀ ਛੱਕ ਦੇ ਦਿੰਦੇ ਸਨ। ਨਾਨਕੀ ਛੱਕ ਵਿੱਚ ਜੋ ਵੀ ਦਿੱਤਾ ਜਾਂਦਾ ਸੀ, ਉਸ ਨੂੰ ਮੰਜਿਆਂ ਉੱਪਰ ਰੱਖ ਕੇ ਸ਼ਰੀਕੇ ਨੂੰ ਵਿਖਾਉਣ ਦਾ ਰਿਵਾਜ਼ ਵੀ ਸੀ। ਦੋਹਤੀ/ਦੋਹਤੇ ਲਈ ਦਿੱਤੀਆਂ ਇਨ੍ਹਾਂ ਵਸਤਾਂ ਦੇ ਨਾਲ ਹੀ ਪਰਿਵਾਰ ਦੇ ਬਾਕੀ ਸਾਰੇ ਮੈਂਬਰਾਂ ਨੂੰ ਵੀ ਸੂਟ, ਪੱਗਾਂ, ਖੇਸ, ਦੁਪੱਟੇ ਆਦਿ ਦਿੱਤੇ ਜਾਂਦੇ ਸਨ। ਪਿੰਡ ਦੇ ਪੱਕੇ ਲਾਗੀਆਂ ਨੂੰ ਵੀ ਸੂਟ, ਖੇਸ, ਦੁਪੱਟੇ ਆਦਿ ਦਿੱਤੇ ਜਾਂਦੇ ਸਨ।

ਅੱਜ ਦੀਆਂ ਲੜਕੀਆਂ/ਲੜਕਿਆਂ ਦੀ ਆਪਣੀ ਪਸੰਦ ਹੈ। ਇਸ ਲਈ ਨਾਨਕੀ ਛੱਕ ਲਈ ਬਹੁਤੇ ਪਰਿਵਾਰ ਨਕਦ ਪੈਸੇ ਦੇ ਦਿੰਦੇ ਹਨ, ਜਿਸਦੀ ਵਰਤੋਂ ਪਰਿਵਾਰ ਆਪਣੀ ਲੋੜ ਅਨੁਸਾਰ ਕਰ ਲੈਂਦਾ ਹੈ। ਇਸ ਲਈ ਨਾਨਕੀ ਛੱਕ ਨੇ ਹੁਣ ਜਿਣਸ ਰੂਪ ਦੀ ਥਾਂ ਪੈਸੇ ਦਾ ਰੂਪ ਧਾਰਨ ਕਰ ਲਿਆ ਹੈ।

**ਚੂਲੀ ਛੱਡਣਾ:**

ਚੂਲੀ ਛੱਡਣਾ ਦਾ ਅਰਥ ਹੈ ਦਾਨ ਦੇਣਾ। ਪੁੰਨ ਅਰਥ ਦੇਣਾ। ਦਾਨ ਪੈਸੇ ਦੇ ਰੂਪ ਵਿੱਚ ਵੀ ਦਿੱਤਾ ਜਾ ਸਕਦਾ ਹੈ। ਦਾਨ ਜਿਣਸ ਦੇ ਰੂਪ ਵਿੱਚ ਵੀ ਦਿੱਤਾ ਜਾ ਸਕਦਾ ਹੈ। ਨਾਨਕਿਆਂ ਵੱਲੋਂ ਆਪਣੇ ਦੋਹਤੀ ਦੋਹਤੇ ਦੇ ਵਿਆਹ ਸਮੇਂ ਨਾਨਕੀ ਛੱਕ ਵਿੱਚ ਗਹਿਣੇ ਦਿੱਤੇ ਜਾਂਦੇ ਹਨ। ਬਿਸਤਰੇ ਦਿੱਤੇ ਜਾਂਦੇ ਹਨ। ਸੂਟ ਦਿੱਤੇ ਜਾਂਦੇ ਹਨ। ਨਕਦ ਰੁਪਏ ਵੀ ਦਿੱਤੇ ਜਾਂਦੇ ਹਨ। ਇਨ੍ਹਾਂ ਨਕਦ ਦਿੱਤੇ ਰੁਪਇਆਂ ਨੂੰ ਵਾਪਸ ਨਹੀਂ ਲਿਆ ਜਾਂਦਾ। ਇਹ ਰੁਪਏ ਪੁੰਨ ਅਰਥ ਦਿੱਤੇ ਜਾਂਦੇ ਹਨ। ਇਸੇ ਕਰਕੇ ਇਨ੍ਹਾਂ ਪੁੰਨ ਅਰਥ ਦਿੱਤੇ ਰੁਪਇਆਂ ਨੂੰ ਚੂਲੀ ਛੱਡਣਾ ਕਿਹਾ ਜਾਂਦਾ ਹੈ।

ਦੋਹਤਾ/ਦੋਹਤੀ ਉਨ੍ਹਾਂ ਦੀ ਧੀ ਦੀ ਔਲਾਦ ਹੁੰਦੇ ਹਨ। ਧੀ ਦਾ ਆਪਣੇ ਪਿਤਾ ਤੇ ਆਪਣੇ ਪਿਤਾ ਦੀ ਜਾਇਦਾਦ 'ਤੇ ਹੱਕ ਹੁੰਦਾ ਹੈ। ਇਸ ਹੱਕ ਕਾਰਨ ਹੀ ਨਾਨਕੀ ਛੱਕ ਪੂਰੀ ਜਾਂਦੀ ਹੈ। ਚੂਲੀ ਛੱਡੀ ਜਾਂਦੀ ਹੈ,

**ਚੂੜਾ:**

ਵਿਆਹ ਦੇ ਮੌਕੇ 'ਤੇ ਲਾੜੀ ਦੇ ਨਾਨਕੇ ਲਾੜੀ ਨੂੰ ਕੁਝ ਚੀਜ਼ਾਂ ਵਸਤਾਂ ਭੇਂਟ ਕਰਦੇ ਹਨ, ਜੋ ਉਸਦੇ ਦਾਜ ਦਾ ਹਿੱਸਾ ਬਣਦੀਆਂ ਹਨ। ਇਸ ਵਿੱਚ ਲੜਕੀ ਦਾ ਜੋੜਾ ਬਿਸਤਰਾ ਆਦਿ ਹੁੰਦਾ ਹੈ। ਕੁਝ ਚਾਂਦੀ ਅਥਵਾ ਸੋਨੇ ਦੇ ਗਹਿਣੇ ਵੀ ਹੁੰਦੇ ਹਨ। ਇਸ ਨੂੰ ਨਾਨਕ ਵਾਲੀ ਅਥਵਾ 'ਨਾਨਕੀ ਛੱਕ' ਵੀ ਕਹਿੰਦੇ ਹਨ। ਸ਼ਾਮ ਸਮੇਂ ਪਿੰਡ ਦਾ ਸ਼ਰੀਕਾ ਅਤੇ ਬਾਹਰੋਂ ਆਏ ਸਾਰੇ ਸਾਕ ਸੰਬੰਧੀ ਨਾਨਕਿਆਂ ਸਮੇਤ ਇਕੱਠੇ ਜੁੜ ਕੇ ਬੈਠਦੇ ਹਨ। ਫਿਰ ਵਿਆਂਹਦੜ ਦੀ ਮਾਂ ਆਪਣੇ ਭਰਾ ਭਰਜਾਈ ਭਤੀਜਿਆਂ ਦੇ ਪੱਲੇ ਲੱਡੂ, ਪੈਸੇ ਅਤੇ ਖੰਮਣੀ ਪਾ ਕੇ ਉਹਨਾਂ ਦੇ ਮੱਥੇ 'ਤੇ ਹਲਦੀ ਦਾ ਟਿੱਕਾ ਲਾ ਕੇ ਸ਼ਗਨ ਕਰਦੀ ਹੈ। ਫਿਰ ਨਾਨਕਿਆਂ ਵੱਲੋਂ ਲਿਆਂਦਾ ਨਾਨਕੀ ਛੱਕ ਦਾ ਸਮਾਨ ਵਿਖਾਇਆ ਜਾਂਦਾ ਹੈ, ਜਿਸ ਵਿੱਚ ਜੌੜੇ ਤੇ ਬਿਸਤਰੇ ਆਦਿ ਹੁੰਦੇ ਹਨ। ਨਾਨਕੀ ਛੱਕ ਵਿੱਚ ਸੁਹਾਗ ਦਾ ਚੂੜਾ ਵੀ ਹੁੰਦਾ ਹੈ, ਜੋ ਮਾਮੇ ਕੰਨਿਆ ਦੀਆਂ ਬਾਹਵਾਂ ਵਿੱਚ ਚਾੜ੍ਹਦੇ ਹਨ। ਇਹ ਸਭ ਵਸਤੂਆਂ ਅਸਲ ਵਿੱਚ ਨਾਨਕਿਆਂ ਵੱਲੋਂ ਕੰਨਿਆ ਦੇ ਦਾਜ ਵਿੱਚ ਪਾਇਆ ਆਪਣਾ ਹਿੱਸਾ ਹੁੰਦਾ ਹੈ।

ਨਾਨਕੀ ਛੱਕ ਬਾਰੇ ਕਈ ਗੀਤ ਵੀ ਮਿਲਦੇ ਹਨ। ਦੇਖੋ ਬਈ ਲੋਕੋ ਨਾਨਕੀ ਛੱਕ ਬਈ ਨਾਨਕੀ ਛੱਕ, ਨਾਨੇ ਨੇ ਧਰ ਦਿੱਤੇ ਬਈ ਸੌ ਤੇ ਸੱਠ, ਬਈ ਸੌ ਤੇ ਸੱਠ। ਇਨ੍ਹਾਂ ਗੀਤਾਂ ਅਨੁਸਾਰ ਨਾਨਾ ਨਾਨੀ ਤਾਂ ਚੋਖਾ ਕੁਝ ਦੇਣਾ ਚਾਹੁੰਦੇ ਹਨ ਪਰ ਮਾਮੀਆਂ ਬਹੁਤ ਵੱਡੀ ਛਕ ਦੇ ਕੇ ਖ਼ੁਸ਼ ਨਹੀਂ ਹੁੰਦੀਆਂ।

**ਖੱਟ:**

ਕੁੜੀ ਦੇ ਵਿਆਹ ਵਿੱਚ, ਕੁੜੀ ਦੇ ਮਾਪਿਆਂ ਵੱਲੋਂ ਕੁੜੀ ਨੂੰ ਦਿੱਤੀਆਂ ਵਸਤਾਂ ਨੂੰ ਖੱਟ ਕਹਿੰਦੇ ਹਨ। ਖੱਟ ਨੂੰ ਦਾਜ ਵੀ ਕਿਹਾ ਜਾਂਦਾ ਹੈ। ਦਹੇਜ ਵੀ ਕਿਹਾ ਜਾਂਦਾ ਹੈ। ਖੱਟ ਵਿੱਚ ਕੁੜੀ ਨੂੰ ਗਹਿਣੇ, ਪੱਕੇ ਬਿਸਤਰੇ, ਕੱਚੇ ਬਿਸਤਰੇ, ਸੂਟ, ਭਾਂਡੇ, ਵਿਛਾਈਆਂ, ਪੱਖੀਆਂ, ਝੋਲੇ, ਗੱਲ ਕੀ ਘਰ ਵਰਤਣ ਵਾਲੀ ਹਰ ਵਸਤ ਦਿੱਤੀ ਜਾਂਦੀ ਹੈ/ਸੀ। ਲਾੜੇ ਨੂੰ ਪੈਸੇ ਵਾਲੇ ਪਰਿਵਾਰ ਕੈਂਠਾ, ਕੜਾ, ਛਾਪ, ਨੱਤੀਆਂ, ਤਵੀਤੀ, ਜੋੜੀ, ਘੋੜੀ, ਮੱਝ, ਗਾਂ, ਊਠ, ਕੱਪੜੇ ਆਦਿ ਵਿੱਤ ਅਨੁਸਾਰ ਦਿੰਦੇ ਸਨ/ਹਨ। ਲਾੜੇ ਦੇ ਸਾਰੇ ਪਰਿਵਾਰ ਨੂੰ ਮਾਂ, ਬਾਪ, ਭੈਣਾਂ, ਜੀਜੇ, ਭਾਈ ਭਰਜਾਈਆਂ, ਭਤੀਜੇ ਭਤੀਜੀਆਂ, ਭੂਆ ਫੁੱਫੜ, ਨਾਨਾ ਨਾਨੀ, ਮਾਮਾ ਮਾਮੀ, ਮਾਸੀ ਮਾਸੜ ਅਤੇ ਹੋਰ ਸਾਰੇ ਰਿਸ਼ਤੇਦਾਰਾਂ ਨੂੰ ਵਿੱਤ ਅਨੁਸਾਰ ਗਹਿਣੇ, ਸੂਟ, ਪੱਗਾਂ, ਖੇਸ, ਦੁਪੱਟੇ ਆਦਿ ਦਿੱਤੇ ਜਾਂਦੇ ਸਨ/ਹਨ। ਸਹੁਰੇ ਪਰਿਵਾਰ ਦੇ ਪੱਕੇ ਲਾਗੀਆਂ ਨੂੰ ਵੀ ਸੂਟ ਦਿੱਤੇ ਜਾਂਦੇ ਸਨ/ਹਨ। ਬਰਾਤ ਵਿੱਚ ਆਏ ਹਰ ਬਰਾਤੀ ਦਾ ਮਾਣ ਕੀਤਾ ਜਾਂਦਾ ਸੀ/ਹੈ।

ਖੱਟ/ਦਾਜ ਦੀਆਂ ਇਹ ਸਾਰੀਆਂ ਵਸਤਾਂ ਬਰਾਤੀਆਂ ਨੂੰ, ਕੁੜੀ ਦੇ ਰਿਸ਼ਤੇਦਾਰਾਂ ਅਤੇ ਸ਼ਰੀਕੇ ਵਾਲਿਆਂ ਨੂੰ ਮੰਜਿਆਂ ਉੱਪਰ ਰੱਖ ਕੇ ਵਿਖਾਈਆਂ ਜਾਂਦੀਆਂ ਸਨ/ਹਨ। ਨਾਲੇ ਦਿੱਤਾ ਇਹ ਸਾਰਾ ਦਾਜ ਪੜ੍ਹ ਕੇ ਸੁਣਾਇਆ ਜਾਂਦਾ ਸੀ/ਹੈ। ਫੇਰ ਦਾਜ ਦੀਆਂ ਇਨ੍ਹਾਂ ਸਾਰੀਆਂ ਵਸਤਾਂ ਨੂੰ ਸੰਦੂਕ ਜਾਂ ਪੇਟੀ ਵਿੱਚ ਰੱਖ ਕੇ ਜਿੰਦਾ ਲਾ ਦਿੰਦੇ ਸਨ। ਨਾਲ ਖੰਮਣੀ ਬੰਨ੍ਹ ਦਿੰਦੇ ਸਨ। ਇਸੇ ਤਰ੍ਹਾਂ ਹੀ ਇਹ ਸਾਰੀ ਖੱਟ/ਦਾਜ ਵਿਆਹ ਤੋਂ ਦੂਜੇ ਦਿਨ ਕੁੜੀ ਦੇ ਸਹੁਰੇ ਪਿੰਡ ਵਿਖਾਇਆ ਜਾਂਦਾ ਸੀ। ਹੁਣ ਬਹੁਤੇ ਵਿਆਹ ਮੈਰਿਜ ਪੈਲੇਸਾਂ ਵਿੱਚ ਹੁੰਦੇ ਹਨ। ਇਸ ਲਈ ਹੁਣ ਖੱਟ ਨੂੰ ਮੰਜਿਆਂ ਉੱਪਰ ਖਿਲਾਰ ਕੇ ਵਿਖਾਉਣ ਦਾ ਰਿਵਾਜ਼ ਨਹੀਂ ਰਿਹਾ। ਹੁਣ ਖੱਟ ਵਿੱਚ ਕੀ ਦਿੱਤਾ ਗਿਆ ਹੈ, ਇਹ ਸਿਰਫ ਮੁੰਡੇ ਅਤੇ ਕੁੜੀ ਵਾਲਿਆਂ ਦੇ ਪਰਿਵਾਰ ਨੂੰ ਹੀ ਪਤਾ ਹੁੰਦਾ ਹੈ। ਹੁਣ ਪਰਦੇ (ਘੁੰਡ ਕੱਢਣ) ਦਾ ਰਿਵਾਜ਼ ਤਾਂ ਹਟ ਗਿਆ ਹੈ ਪਰ ਖੱਟ/ਦਾਜ ਹੁਣ ਪਰਦੇ ਵਿੱਚ ਦਿੱਤਾ ਜਾਂਦਾ ਹੈ।

**ਛਟੀ ਜਾਂ ਛੱਟੀ (ਸ਼ਾਬਦਿਕ ਅਰਥ "ਛੇਵੀਂ"):**

ਬੱਚੇ ਦੇ ਜਨਮ ਤੋਂ ਬਾਅਦ ਛੇਵੇਂ ਦਿਨ ਕੀਤੀਆਂ ਜਾਂਦੀਆਂ ਰਸਮਾਂ ਨੂੰ ਛਟੀ ਕਿਹਾ ਜਾਂਦਾ ਹੈ। ਇਸ ਦਿਨ ਸਾਰੇ ਰਿਸ਼ਤੇਦਾਰ ਬੱਚੇ ਨੂੰ ਸ਼ਗਨ ਦਿੰਦੇ ਹਨ। ਬੱਚੇ ਦੇ ਨਾਨਕੇ ਬੱਚੇ ਲਈ ਕੱਪੜੇ, ਗਹਿਣੇ ਆਦਿ ਚੀਜ਼ਾਂ ਲੈਕੇ ਆਉਂਦੇ ਹਨ। ਇਸ ਦਿਨ ਮਾਂ ਨੂੰ ਜਣੇਪੇ ਤੋਂ ਬਾਅਦ ਪਹਿਲੀ ਵਾਰ ਇਸ਼ਨਾਨ ਕਰਵਾਇਆ ਜਾਂਦਾ ਹੈ। ਬੱਚੇ ਦੇ ਨਾਮਕਰਨ ਦੀ ਰਸਮ ਵੀ ਇਸੇ ਦਿਨ ਕੀਤੀ ਜਾਂਦੀ ਹੈ।

ਜਦੋਂ ਕਿਸੇ ਦੰਪਤੀ ਦੇ ਪਹਿਲਾ ਲੜਕਾ ਪੈਦਾ ਹੁੰਦਾ ਸੀ/ਹੈ ਤਾਂ ਉਸ ਦੇ ਜਨਮ ਦੀ ਖੁਸ਼ੀ ਵਿੱਚ ਛੇਵੇਂ ਦਿਨ ਪਰਿਵਾਰ ਵੱਲੋਂ ਸਾਰੇ ਰਿਸ਼ਤੇਦਾਰਾਂ ਨੂੰ ਬੁਲਾ ਕੇ ਇੱਕ ਰਸਮ ਕੀਤੀ ਜਾਂਦੀ ਸੀ ਜਿਸ ਨੂੰ ਛਟੀ ਕਹਿੰਦੇ ਹਨ। ਸਾਲ ਦੇ ਅੰਦਰ ਵੀ ਛਟੀ ਮਨਾਈ ਜਾਂਦੀ ਸੀ। ਛਟੀ ਮਨਾਉਣ ਦਾ ਅਰੰਭ ਆਪਣੇ-ਆਪਣੇ ਧਾਰਮਿਕ ਅਕੀਦੇ ਅਨੁਸਾਰ ਪਾਠ ਪੂਜਾ ਕਰ ਕੇ ਸ਼ੁਰੂ ਕੀਤਾ ਜਾਂਦਾ ਸੀ। ਛਟੀ ਵਾਲੇ ਦਿਨ ਹੀ ਕਈ ਵਾਰ ਗੁਰੂ ਗ੍ਰੰਥ ਸਾਹਿਬ ਵਿੱਚੋਂ ਵਾਕ ਲੈ ਕੇ ਮੁੰਡੇ ਦਾ ਨਾਂ ਰੱਖਿਆ ਜਾਂਦਾ ਸੀ। ਸਾਰੇ ਰਿਸ਼ਤੇਦਾਰ ਮੁੰਡੇ ਲਈ ਕੱਪੜੇ ਲਿਆਉਂਦੇ ਸਨ। ਜੇਕਰ ਨਾਨਕੇ ਪੈਸੇ ਵਾਲੇ ਹੁੰਦੇ ਸਨ ਤਾਂ ਉਹ ਮੁੰਡੇ ਦੀ ਮਾਂ (ਆਪਣੀ ਧੀ) ਨੂੰ ਤੇ ਮੁੰਡੇ ਨੂੰ ਕੋਈ ਗਹਿਣਾ ਵੀ ਜ਼ਰੂਰ ਪਾਉਂਦੇ ਸਨ। ਚਾਂਦੀ ਦੇ ਸਗਲੇ ਤਾਂ ਸਾਰੇ ਨਾਨਕੇ ਹੀ ਲਿਆਉਂਦੇ ਸਨ। ਨਾਨਕੇ ਆਪਣੀ ਧੀ ਨੂੰ ਕਈ ਸੂਟ ਦਿੰਦੇ ਸਨ। ਫੁਲਕਾਰੀ ਜ਼ਰੂਰ ਦਿੰਦੇ ਸਨ। ਮੁੰਡੇ ਦੇ ਪਿਤਾ, ਤਾਏ, ਚਾਚੇ, ਦਾਦੇ ਆਦਿ ਨੂੰ ਖੱਦਰ ਦੇ ਖੇਸ/ਦੁਪੱਟੇ ਦਿੰਦੇ ਸਨ। ਪਿੰਡ ਦੇ ਪੱਕੇ ਲਾਗੀਆਂ ਨੂੰ ਕੱਪੜੇ ਦਿੰਦੇ ਸਨ।

ਕਈ ਵਾਰ ਮੁੰਡੇ ਦੀ ਭੂਆ ਵੀ ਮੁੰਡੇ ਨੂੰ ਕੋਈ ਗਹਿਣਾ ਪਾਉਂਦੀ ਸੀ। ਮੁੰਡੇ ਦੀ ਮਾਂ ਨੇ ਆਪਣੇ ਉੱਪਰ ਫੁਲਕਾਰੀ/ਬਾਗ ਲਿਆ ਹੁੰਦਾ ਸੀ। ਮੁੰਡਾ ਕੁੱਛੜ ਚੁੱਕਿਆ ਹੁੰਦਾ ਸੀ। ਸਾਰੇ ਰਿਸ਼ਤੇਦਾਰ ਮੁੰਡੇ ਨੂੰ ਦੇਖ ਸ਼ਗਨ ਦਿੰਦੇ ਸਨ, ਕੱਪੜੇ ਦਿੰਦੇ ਸਨ। ਨੈਣ ਤੜਾਗੀ ਪਾਉਂਦੀ ਸੀ। ਸੁਨਿਆਰ ਤੜਾਗੀ ਵਿੱਚ ਪਾਉਣ ਲਈ ਚਾਂਦੀ ਦਾ ਛੋਟਾ ਜਿਹਾ ਘੁੰਗਰੂ ਦਿੰਦਾ ਸੀ। ਤਰਖਾਣ ਗਡੀਰਾ ਲੈ ਕੇ ਆਉਂਦਾ ਸੀ। ਘੁਮਾਰੀ ਮਿੱਟੀ ਦੇ ਖਿਡਾਉਣੇ ਲਿਆਉਂਦੀ ਸੀ। ਘਰ ਦਾ ਚਮਾਰ ਮੁੰਡੇ ਲਈ ਛੋਟੇ ਜਿਹੇ ਤਿੱਲੇ ਨਾਲ ਕੱਢੇ ਹੋਏ ਮੌਜੇ ਲਿਆਉਂਦਾ ਸੀ। ਹੋਰ ਜਾਤਾਂ ਵਾਲੇ ਬਾਹਰੋਂ ਘਾਹ ਲਿਆ ਕੇ ਪਰਿਵਾਰ ਦੇ ਮੁਖੀਆ ਦੇ ਸਿਰ ਵਿੱਚ ਟੰਗ ਕੇ ਵਧਾਈਆਂ ਦਿੰਦੇ ਸਨ। ਸਾਰੇ ਲਾਗੀਆਂ ਨੂੰ ਕੱਪੜੇ, ਖੇਸ, ਦੁਪੱਟੇ, ਲਾਗ ਦਿੱਤਾ ਜਾਂਦਾ ਸੀ। ਸਾਰੇ ਆਏ ਰਿਸ਼ਤੇਦਾਰਾਂ ਦੀ ਸੂਟ, ਪੱਗ, ਖੇਸ, ਦੁਪੱਟੇ ਆਦਿ ਨਾਲ ਮਨੌਤ ਕੀਤੀ ਜਾਂਦੀ ਸੀ। ਕਈ ਵਾਰ ਮੁੰਡੇ ਦੀਆਂ ਭੂਆਂ ਨੂੰ ਮੱਝਾਂ ਤਕ ਵੀ ਦੇ ਦਿੱਤੀਆਂ ਜਾਂਦੀਆਂ ਸਨ। ਦੁਪਹਿਰ ਦੀ ਰੋਟੀ ਕੜਾਹ ਨਾਲ ਖਵਾਈ ਜਾਂਦੀ ਸੀ। ਸ਼ਰੀਕੇ ਵਾਲਿਆਂ ਦੇ ਘਰ ਮੰਡਿਆਂ ਵਿੱਚ ਕੜਾਹ ਰੱਖ ਕੇ ਪਰੋਸਾ ਭੇਜਿਆ ਜਾਂਦਾ ਸੀ। ਰਸਮ ਸਮੇਂ ਸੋਹਿਲੜੇ ਅਤੇ ਵਧਾਈਆਂ ਦੇ ਗੀਤ ਗਾਏ ਜਾਂਦੇ ਸਨ। ਇਸ ਤਰ੍ਹਾਂ ਸਾਰੇ ਰਿਸ਼ਤੇਦਾਰ ਅਤੇ ਸ਼ਰੀਕੇ ਵਾਲੇ ਮਿਲ ਕੇ ਪਹਿਲੇ ਮੁੰਡੇ ਦੀ ਛਟੀ ਮਨਾਉਂਦੇ ਸਨ।

ਪਹਿਲਾਂ ਸਾਂਝੇ ਪਰਿਵਾਰ ਹੁੰਦੇ ਸਨ। ਰਿਸ਼ਤੇਦਾਰਾਂ ਦਾ ਆਪਸ ਵਿੱਚ ਪਿਆਰ ਬਹੁਤ ਹੁੰਦਾ ਸੀ। ਸਾਰੇ ਕਾਰਜ ਸਾਰੇ ਰਿਸ਼ਤੇਦਾਰ ਮਿਲ ਕੇ ਕਰਦੇ ਸਨ। ਹੁਣ ਇਕਹਿਰੇ ਪਰਿਵਾਰ ਹਨ। ਲੋਕ ਬਹੁਤ ਪਦਾਰਥਵਾਦੀ ਬਣ ਗਏ ਹਨ। ਪਿਆਰ ਵਾਲੇ ਬਹੁਤੇ ਕਾਰਜ ਹੁਣ ਪੈਸੇ ਦੀ ਭੇਂਟ ਚੜ੍ਹ ਗਏ ਹਨ। ਇਸੇ ਕਰਕੇ ਹੀ ਹੁਣ ਛਟੀ ਦੀ ਰਕਮ ਪਹਿਲਾਂ ਦੇ ਮੁਕਾਬਲੇ ਬਹੁਤ ਘੱਟ ਮਨਾਈ ਜਾਂਦੀ ਹੈ।



ਦਵਿੰਦਰ ਕੌਰ ਧਾਲੀਵਾਲ



# ਅਸੀਂ ਪਹਿਲਗਾਮ ਹਮਲੇ ਦੇ ਪੀੜਤਾਂ ਨਾਲ ਖੜ੍ਹੇ ਹਾਂ,

## ਪਾਕਿਸਤਾਨ ਖਿਲਾਫ਼ ਜਿੱਤ ਭਾਰਤੀ ਹਥਿਆਰਬੰਦ ਬਲਾਂ ਨੂੰ ਸਮਰਪਿਤ: ਸੂਰਿਆ

ਕਪਤਾਨ ਸੂਰਿਆਕੁਮਾਰ ਯਾਦਵ ਨੇ ਐਤਵਾਰ ਨੂੰ ਏਸ਼ੀਆ ਕੱਪ ਵਿਚ ਰਵਾਇਤੀ ਵਿਰੋਧੀ ਪਾਕਿਸਤਾਨ ਖਿਲਾਫ਼ ਭਾਰਤੀ ਟੀਮ ਦੀ ਸੱਤ ਵਿਕਟਾਂ ਨਾਲ ਜਿੱਤ ਦੇਸ਼ ਦੇ ਹਥਿਆਰਬੰਦ ਬਲਾਂ ਨੂੰ ਸਮਰਪਿਤ ਕੀਤੀ ਹੈ। ਯਾਦਵ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਪਹਿਲਗਾਮ ਦਹਿਸ਼ਤੀ ਹਮਲੇ ਦੇ ਪੀੜਤਾਂ ਨਾਲ ਖੜ੍ਹੀ ਹੈ। ਸੂਰਿਆਕੁਮਾਰ ਨੇ ਇਹ ਟਿੱਪਣੀ ਉਦੋਂ ਕੀਤੀ ਹੈ ਜਦੋਂ ਉਨ੍ਹਾਂ ਦੀ ਟੀਮ ਨੇ ਟੂਰਨਾਮੈਂਟ ਵਿਚ ਆਪਣੀ ਲਗਾਤਾਰ ਦੂਜੀ ਜਿੱਤ ਦਰਜ ਕੀਤੀ ਹੈ। ਐਤਕੀਂ ਇਹ ਜਿੱਤ ਰਵਾਇਤੀ ਵਿਰੋਧੀ ਖਿਲਾਫ਼ ਸੀ। ਪਹਿਲਗਾਮ ਦਹਿਸ਼ਤੀ ਹਮਲੇ ਤੇ ਉਸ ਮਗਰੋਂ ਮਈ ਵਿਚ ਸਰਹੱਦ ਪਾਰ ਦਹਿਸ਼ਤੀ ਢਾਂਚੇ ਖਿਲਾਫ਼ ਭਾਰਤ ਵੱਲੋਂ ਸ਼ੁਰੂ ਕੀਤੇ ਗਏ 'ਅਪਰੇਸ਼ਨ ਸਿੰਧੂਰ' ਮਗਰੋਂ ਭਾਰਤ ਤੇ ਪਾਕਿਸਤਾਨ ਦੀਆਂ ਕ੍ਰਿਕਟ ਟੀਮਾਂ ਪਹਿਲੀ ਵਾਰ ਇਕ ਦੂਜੇ ਦੇ ਆਹਮੋ ਸਾਹਮਣੇ ਹੋਈਆਂ ਹਨ।

ਸੂਰਿਆਕੁਮਾਰ ਨੇ ਮੈਚ ਮਗਰੋਂ ਬਰੌਡਕਾਸਟਰ ਨੂੰ ਕਿਹਾ, ''ਮੈਨੂੰ ਲੱਗਦਾ ਹੈ ਕਿ ਇਹ ਬਿਹਤਰੀਨ ਮੌਕਾ ਹੈ ਤੇ ਅਸੀਂ ਪਹਿਲਗਾਮ ਦਹਿਸ਼ਤੀ ਹਮਲੇ ਦੇ ਪੀੜਤਾਂ ਦੇ ਪਰਿਵਾਰਾਂ ਨਾਲ ਖੜ੍ਹੇ ਹਾਂ ਤੇ ਉਨ੍ਹਾਂ ਨਾਲ ਇਕਜੁੱਟਤਾ ਪ੍ਰਗਟਾਉਂਦੇ ਹਾਂ।'' ਭਾਰਤੀ ਕਪਤਾਨ ਨੇ ਕਿਹਾ, ''ਮੇਰੇ ਲਈ ਸਭ ਤੋਂ ਅਹਿਮ ਗੱਲ ਇਹ ਹੈ ਕਿ ਅਸੀਂ ਅੱਜ ਦੀ ਇਹ ਜਿੱਤ ਆਪਣੇ ਸਾਰੇ ਹਥਿਆਰਬੰਦ ਬਲਾਂ ਨੂੰ ਸਮਰਪਿਤ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਵੱਡੀ ਦਲੇਰੀ ਦਿਖਾਈ ਅਤੇ ਆਸ ਕਰਦਾ ਹਾਂ ਕਿ ਉਹ ਸਾਨੂੰ ਪ੍ਰੇਰਨਾ ਦਿੰਦੇ ਰਹਿਣਗੇ। ਜਦੋਂ ਵੀ ਸਾਨੂੰ ਮੌਕਾ ਮਿਲਿਆ ਅਸੀਂ ਉਨ੍ਹਾਂ ਨੂੰ ਮੁਸਕਰਾਉਣ ਦਾ ਇਕ ਹੋਰ ਕਾਰਨ ਦੇਵਾਂਗੇ।'' ਮੈਚ ਮਗਰੋਂ ਭਾਰਤੀ ਟੀਮ ਦੇ ਖਿਡਾਰੀਆਂ ਨੇ ਪਾਕਿਸਤਾਨੀ ਟੀਮ ਦੇ ਖਿਡਾਰੀਆਂ ਨਾਲ ਹੱਥ ਨਹੀਂ ਮਿਲਾਇਆ, ਜਿਵੇਂ ਕਿ ਆਮ ਤੌਰ 'ਤੇ ਟੀਮਾਂ ਕਿਸੇ ਵੀ ਮੁਕਾਬਲੇ ਤੋਂ ਬਾਅਦ ਕਰਦੀਆਂ ਹਨ।

ਟਾਸ ਦੌਰਾਨ ਵੀ ਦੋਵਾਂ ਕਪਤਾਨਾਂ ਸੂਰਿਆਕੁਮਾਰ ਯਾਦਵ ਤੇ ਪਾਕਿਸਤਾਨ ਦੇ ਸਲਮਾਨ ਆਗਾ ਨੇ ਇਕ ਦੂਜੇ ਨਾਲ ਹੱਥ ਨਹੀਂ ਮਿਲਾਏ ਕਿਉਂਕਿ ਉਨ੍ਹਾਂ ਆਪੋ ਆਪਣੀ ਟੀਮ ਸ਼ੀਟ ਜ਼ਿੰਬਾਬਵੇ ਦੇ ਮੈਚ ਰੈਫਰੀ ਐਂਡੀ ਪਾਇਕ੍ਰਾਫਟ ਨੂੰ ਸੌਂਪ ਦਿੱਤੀ ਅਤੇ ਬਰੌਡਕਾਸਟਰ ਤੇ ਸਾਬਕਾ ਭਾਰਤੀ ਖਿਡਾਰੀ ਰਵੀ ਸ਼ਾਸਤਰੀ ਨਾਲ ਗੱਲਬਾਤ ਕੀਤੀ।ਪਾਕਿਸਤਾਨੀ ਕਪਤਾਨ ਸਲਮਾਨ ਆਗਾ ਮੈਚ ਮਗਰੋਂ Presentation ceremony ਵਿਚ ਨਹੀਂ ਆਇਆ ਤੇ ਉਨ੍ਹਾਂ ਦੇ ਮੁੱਖ ਕੋਚ ਮਾਈਕ ਹੇਸਨ ਨੇ ਮਗਰੋਂ ਮੀਡੀਆ ਨੂੰ ਦੱਸਿਆ ਕਿ ਮੈਚ ਤੋਂ ਬਾਅਦ 'ਜੋ ਹੋਇਆ ਉਸ ਤੋਂ ਬਾਅਦ ਕਾਰਨ ਅਤੇ ਪ੍ਰਭਾਵ' ਸੀ।

ਇਸ ਦੌਰਾਨ ਸੂਰਿਆਕੁਮਾਰ, ਜੋ ਐਤਵਾਰ ਨੂੰ 35 ਸਾਲਾਂ ਦਾ ਹੋ ਗਿਆ, ਨੇ ਕਿਹਾ ਕਿ ਇਹ ਜਿੱਤ ਦੇਸ਼ ਲਈ 'ਰਿਟਰਨ ਗਿਫ਼ਟ' ਸੀ, ਕਿਉਂਕਿ ਭਾਰਤ ਨੂੰ ਪਾਕਿਸਤਾਨ ਨੂੰ ਹਰਾਉਣ ਵਿਚ ਕੋਈ ਖਾਸ ਮਿਹਨਤ ਨਹੀਂ ਕਰਨੀ ਪਈ। ਭਾਰਤ ਨੇ ਪਾਕਿਸਤਾਨ ਵੱਲੋਂ ਜਿੱਤ ਲਈ ਦਿੱਤੇ 128 ਦੌੜਾਂ ਦੇ ਟੀਚੇ ਨੂੰ ਤਿੰਨ ਵਿਕਟਾਂ ਦੇ ਨੁਕਸਾਨ ਨਾਲ 15.5 ਓਵਰਾਂ ਵਿਚ ਪੂਰਾ ਕਰ ਲਿਆ।

# ਭਾਰਤ ਨੇ ਰਚਿਆ ਇਤਿਹਾਸ

## ਸਪੀਡ ਸਕੇਟਿੰਗ ਵਰਲਡ ਚੈਂਪੀਅਨਸ਼ਿਪ 'ਚ ਜਿੱਤੇ 2 ਗੋਲਡ ਮੈਡਲ



ਚੀਨ ਵਿੱਚ ਹੋਈ ਸਪੀਡ ਸਕੇਟਿੰਗ ਵਰਲਡ ਚੈਂਪੀਅਨਸ਼ਿਪ ਵਿੱਚ ਭਾਰਤ ਨੇ ਆਪਣਾ ਪਹਿਲਾ ਸੋਨ ਤਗਮਾ ਜਿੱਤ ਕੇ ਖੇਡਾਂ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਇ ਲਿਖਿਆ ਹੈ। 22 ਸਾਲਾ ਆਨੰਦਕੁਮਾਰ ਵੇਲਕੁਮਾਰ ਨੇ 1:24.924 ਦੇ ਸਮੇਂ ਨਾਲ ਸੀਨੀਅਰ ਪੁਰਸ਼ਾਂ ਦੀ 1000 ਮੀਟਰ ਸਪ੍ਰਿੰਟ ਦੌੜ ਜਿੱਤ ਕੇ ਭਾਰਤ ਲਈ ਇਹ ਮਾਣਮੱਤਾ ਪਲ ਲਿਆਂਦਾ। ਉਹ ਇਸ ਖੇਡ ਵਿੱਚ ਭਾਰਤ ਦਾ ਪਹਿਲਾ ਵਿਸ਼ਵ ਚੈਂਪੀਅਨ ਬਣ ਗਿਆ ਹੈ।

### ਰਚਿਆ ਇਤਿਹਾਸ : ਭਾਰਤ ਦੇ ਨਾਮ ਦੋਵੇਂ ਕਾਂਸੀ ਅਤੇ ਸੋਨ ਤਗਮੇ

ਇਹ ਸਫਲਤਾ ਆਨੰਦਕੁਮਾਰ ਲਈ ਹੋਰ ਵੀ ਖਾਸ ਸੀ ਕਿਉਂਕਿ ਇਸ ਤੋਂ ਇੱਕ ਦਿਨ ਪਹਿਲਾਂ ਹੀ ਉਸਨੇ ਇਸੇ ਚੈਂਪੀਅਨਸ਼ਿਪ ਵਿੱਚ 500 ਮੀਟਰ ਸਪ੍ਰਿੰਟ ਵਿੱਚ 43.072 ਸਕਿੰਟ ਦਾ ਸਮਾਂ ਕੱਢ ਕੇ ਕਾਂਸੀ ਦਾ ਤਗਮਾ ਜਿੱਤਿਆ ਸੀ। ਇਹ ਸਪੀਡ ਸਕੇਟਿੰਗ ਵਿੱਚ ਭਾਰਤ ਦਾ ਪਹਿਲਾ ਸੀਨੀਅਰ ਵਿਸ਼ਵ ਚੈਂਪੀਅਨਸ਼ਿਪ ਤਗਮਾ ਸੀ। ਇਸ ਦੇ ਨਾਲ ਹੀ ਜੂਨੀਅਰ ਵਰਗ ਵਿੱਚ ਕ੍ਰਿਸ਼ਨਾ ਸ਼ਰਮਾ ਨੇ 1000 ਮੀਟਰ ਸਪ੍ਰਿੰਟ ਵਿੱਚ ਸੋਨ ਤਗਮਾ ਜਿੱਤ ਕੇ ਭਾਰਤ ਨੂੰ ਇੱਕ ਹੋਰ ਵੱਡੀ ਖੁਸ਼ੀ ਦਿੱਤੀ। ਇਸ ਤਰ੍ਹਾਂ, ਭਾਰਤ ਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਦੋ ਸੋਨ ਤਗਮੇ ਜਿੱਤ ਕੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ।

### ਰੋਲਰ ਖੇਡਾਂ 'ਚ ਭਾਰਤ ਦੀ ਨਵੀਂ ਪਛਾਣ

ਇਸ ਸਾਲ ਦੇ ਸ਼ੁਰੂ ਵਿੱਚ ਆਨੰਦ ਕੁਮਾਰ ਨੇ ਚੇਂਗਡੂ ਵਿੱਚ ਵਿਸ਼ਵ ਖੇਡਾਂ ਵਿੱਚ ਭਾਰਤ ਲਈ ਪਹਿਲਾ ਤਗਮਾ ਜਿੱਤ ਕੇ ਇਤਿਹਾਸ ਰਚਿਆ ਸੀ। 1000 ਮੀਟਰ ਸਪ੍ਰਿੰਟ ਵਿੱਚ ਉਸਦਾ ਕਾਂਸੀ ਦਾ ਤਗਮਾ ਰੋਲਰ ਖੇਡਾਂ ਵਿੱਚ ਭਾਰਤ ਦੀ ਪਹਿਲੀ ਪ੍ਰਾਪਤੀ ਸੀ।

### ਆਨੰਦਕੁਮਾਰ ਦਾ ਸਫ਼ਰ: ਜੂਨੀਅਰ ਤੋਂ ਵਿਸ਼ਵ ਪੱਧਰੀ ਚੈਂਪੀਅਨ ਤੱਕ

2021 ਵਿੱਚ ਉਸਨੇ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿੱਚ 15 ਕਿਲੋਮੀਟਰ ਐਲੀਮੀਨੇਸ਼ਨ ਦੌੜ ਵਿੱਚ ਚਾਂਦੀ ਦਾ ਤਗਮਾ ਜਿੱਤਿਆ, ਜਿਸਨੇ ਉਸਦੀ ਪ੍ਰਤਿਭਾ ਨੂੰ ਦੁਨੀਆ ਦੇ ਸਾਹਮਣੇ ਲਿਆਂਦਾ। 2023 ਵਿੱਚ ਉਸਨੇ ਹਾਂਗਜ਼ੂ ਏਸ਼ੀਅਨ ਖੇਡਾਂ ਵਿੱਚ 3000 ਮੀਟਰ ਟੀਮ ਰਿਲੇਅ ਵਿੱਚ ਭਾਰਤ ਲਈ ਕਾਂਸੀ ਦਾ ਤਗਮਾ ਜਿੱਤਿਆ। ਚੇਂਗਡੂ ਵਿੱਚ 2025 ਵਿਸ਼ਵ ਖੇਡਾਂ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ, ਭਾਰਤ ਨੇ ਰੋਲਰ ਖੇਡਾਂ ਵਿੱਚ ਇੱਕ ਨਵਾਂ ਰਿਕਾਰਡ ਬਣਾਇਆ। ਕੁਝ ਦਿਨ ਪਹਿਲਾਂ ਉਸਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ 500 ਮੀਟਰ ਸਪ੍ਰਿੰਟ ਵਿੱਚ ਕਾਂਸੀ ਅਤੇ 1000 ਮੀਟਰ ਸਪ੍ਰਿੰਟ ਵਿੱਚ ਸੋਨ ਤਗਮਾ ਜਿੱਤ ਕੇ ਭਾਰਤ ਲਈ ਪਹਿਲਾ ਵਿਸ਼ਵ ਖਿਤਾਬ ਜਿੱਤਿਆ।

### ਭਾਰਤੀ ਸਕੇਟਿੰਗ ਲਈ ਇੱਕ ਨਵਾਂ ਯੁੱਗ

ਆਨੰਦਕੁਮਾਰ ਵੇਲਕੁਮਾਰ ਦੇ ਨਿਰੰਤਰ ਪ੍ਰਦਰਸ਼ਨ ਨੇ ਇੱਕ ਅਜਿਹੀ ਖੇਡ ਦੀ ਪਰੰਪਰਾ ਨੂੰ ਤੋੜ ਦਿੱਤਾ ਹੈ ਜਿੱਥੇ ਯੂਰਪ, ਲਾਤੀਨੀ ਅਮਰੀਕਾ ਅਤੇ ਪੂਰਬੀ ਏਸ਼ੀਆ ਦੇ ਖਿਡਾਰੀ ਸਭ ਤੋਂ ਅੱਗੇ ਰਹੇ ਹਨ। ਉਸਦੀ ਸਫਲਤਾ ਭਾਰਤੀ ਰੋਲਰ ਖੇਡਾਂ ਲਈ ਕ੍ਰਾਂਤੀਕਾਰੀ ਸਾਬਤ ਹੋ ਰਹੀ ਹੈ ਅਤੇ ਭਾਰਤ ਨੂੰ ਵਿਸ਼ਵ ਪੱਧਰ 'ਤੇ ਇੱਕ ਨਵੀਂ ਪਛਾਣ ਦੇ ਰਹੀ ਹੈ।

## ਗ਼ੈਰਕਾਨੂੰਨੀ ਸੱਟਾ ਐਪ:

# ਈਡੀ ਵੱਲੋਂ ਸਾਬਕਾ ਕ੍ਰਿਕਟਰ ਰੌਬਿਨ ਉਥੱਪਾ, ਯੂਵਰਾਜ ਤੇ ਸੋਨੂੰ ਸੂਦ ਨੂੰ ਸੰਮਨ



ਨਵੀਂ ਦਿੱਲੀ- ਅਧਿਕਾਰੀਆਂ ਨੇ ਮੰਗਲਵਾਰ ਨੂੰ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਸਾਬਕਾ ਕ੍ਰਿਕਟਰਾਂ ਰੌਬਿਨ ਉਥੱਪਾ ਅਤੇ ਯੁਵਰਾਜ ਸਿੰਘ ਨੂੰ ਇੱਕ ਕਥਿਤ ਗੈਰ-ਕਾਨੂੰਨੀ ਔਨਲਾਈਨ ਸੱਟੇਬਾਜ਼ੀ ਐਪ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਪੁੱਛਗਿੱਛ ਲਈ ਤਲਬ ਕੀਤਾ ਹੈ।

ਅਧਿਕਾਰੀਆਂ ਨੇ ਕਿਹਾ ਕਿ ਉਥੱਪਾ (39), ਯੁਵਰਾਜ ਸਿੰਘ (43) ਨੂੰ ਅਗਲੇ ਹਫ਼ਤੇ ਦੌਰਾਨ ਪੇਸ਼ ਹੋਣ ਅਤੇ 1xBet ਨਾਮਕ ਪਲੇਟਫਾਰਮ ਨਾਲ ਜੁੜੇ ਇੱਕ ਮਾਮਲੇ ਵਿੱਚ ਮਨੀ ਲਾਂਡਰਿੰਗ ਰੋਕਥਾਮ ਐਕਟ (PMLA) ਦੇ ਤਹਿਤ ਆਪਣੇ ਬਿਆਨ ਦਰਜ ਕਰਵਾਉਣ ਲਈ ਕਿਹਾ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਉਥੱਪਾ ਨੂੰ 22 ਸਤੰਬਰ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ, ਯੁਵਰਾਜ ਸਿੰਘ ਨੂੰ 23 ਸਤੰਬਰ ਨੂੰ ਬੁਲਾਇਆ ਗਿਆ ਹੈ।ਸੰਘੀ ਜਾਂਚ ਏਜੰਸੀ ਨੇ ਇਸ ਜਾਂਚ ਦੇ ਹਿੱਸੇ ਵਜੋਂ ਪਿਛਲੇ ਕੁਝ ਹਫ਼ਤਿਆਂ ਵਿੱਚ ਸਾਬਕਾ ਕ੍ਰਿਕਟਰਾਂ ਸੁਰੇਸ਼ ਰੈਨਾ ਅਤੇ ਸ਼ਿਖਰ ਧਵਨ ਤੋਂ ਪੁੱਛਗਿੱਛ ਕੀਤੀ ਹੈ।

ਇਸ ਮਾਮਲੇ ਵਿੱਚ ਸੋਮਵਾਰ ਨੂੰ ਸਾਬਕਾ ਟੀਐਮਸੀ ਸੰਸਦ ਮੈਂਬਰ ਅਤੇ ਅਦਾਕਾਰਾ ਮਿਮੀ ਚੱਕਰਵਰਤੀ ਦਾ ਬਿਆਨ ਵੀ ਦਰਜ ਕੀਤਾ ਗਿਆ ਹੈ।

ਬੰਗਾਲੀ ਅਦਾਕਾਰ ਅੰਕੁਸ਼ ਹਾਜ਼ਰਾ ਮੰਗਲਵਾਰ ਨੂੰ ਇਸ ਮਾਮਲੇ ਵਿੱਚ ਆਪਣੇ ਨਿਰਧਾਰਤ ਸੰਮਨ 'ਤੇ ਈਡੀ ਦੇ ਸਾਹਮਣੇ ਪੇਸ਼ ਹੋਏ, ਜਦੋਂ ਕਿ 1xBet ਦੀ ਭਾਰਤ ਬ੍ਰਾਂਡ ਅੰਬੈਸਡਰ, ਅਦਾਕਾਰਾ ਉਰਵਸ਼ੀ ਰੌਤੇਲਾ, ਅਜੇ ਤੱਕ ਮੰਗਲਵਾਰ ਲਈ ਆਪਣੀ ਦਿੱਤੀ ਗਈ ਮਿਤੀ 'ਤੇ ਪੇਸ਼ ਨਹੀਂ ਹੋਈ, ਸੂਤਰਾਂ ਨੇ ਦੱਸਿਆ।

ਜਾਂਚ ਕਥਿਤ ਗੈਰ-ਕਾਨੂੰਨੀ ਸੱਟੇਬਾਜ਼ੀ ਐਪਸ ਨਾਲ ਸਬੰਧਤ ਹੈ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਕਈ ਲੋਕਾਂ ਅਤੇ ਨਿਵੇਸ਼ਕਾਂ ਨੂੰ ਕਰੋੜਾਂ ਰੁਪਏ ਦੀ ਧੋਖਾਧੜੀ ਕੀਤੀ ਹੈ ਜਾਂ ਵੱਡੀ ਮਾਤਰਾ ਵਿੱਚ ਟੈਕਸ ਚੋਰੀ ਕੀਤੇ ਹਨ।

ਕੰਪਨੀ ਦੇ ਅਨੁਸਾਰ, 1xBet ਸੱਟੇਬਾਜ਼ੀ ਉਦਯੋਗ ਵਿੱਚ 18 ਸਾਲਾਂ ਤੋਂ ਇੱਕ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਸੱਟੇਬਾਜ਼ ਹੈ। ਕੰਪਨੀ ਦੇ ਅਨੁਸਾਰ, ਬ੍ਰਾਂਡ ਦੇ ਗਾਹਕ ਹਜ਼ਾਰਾਂ ਖੇਡ ਸਮਾਗਮਾਂ 'ਤੇ ਸੱਟਾ ਲਗਾ ਸਕਦੇ ਹਨ, ਕੰਪਨੀ ਦੀ ਵੈੱਬਸਾਈਟ ਅਤੇ ਐਪ 70 ਭਾਸ਼ਾਵਾਂ ਵਿੱਚ ਉਪਲਬਧ ਹੈ।

# ਹੱਥ ਮਿਲਾਉਣ ਦੇ ਵਿਵਾਦ ਦੌਰਾਨ ICC ਨੇ ਮੈਚ ਰੈਫਰੀ ਨੂੰ ਹਟਾਉਣ ਦੀ ਪਾਕਿਸਤਾਨ ਦੀ ਮੰਗ ਨੂੰ ਠੁਕਰਾ ਦਿੱਤਾ

ਅੰਤਰਰਾਸ਼ਟਰੀ ਕ੍ਰਿਕਟ ਕੌਂਸਲ ਨੇ ਏਸ਼ੀਆ ਕੱਪ ਦੇ ਬਾਕੀ ਮੈਚਾਂ ਤੋਂ ਮੈਚ ਰੈਫਰੀ ਐਂਡੀ ਪਾਈਕ੍ਰਾਫਟ ਨੂੰ ਹਟਾਉਣ ਦੀ ਪਾਕਿਸਤਾਨ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਸੂਤਰਾਂ ਨੇ ਇੰਡੀਆ ਟੂਡੇ ਨੂੰ ਦੱਸਿਆ ਕਿ ਭਾਰਤ-ਪਾਕਿਸਤਾਨ ਗਰੁੱਪ ਸਟੇਜ ਮੈਚ ਤੋਂ ਹੱਥ ਮਿਲਾਉਣ ਦੇ ਵਿਵਾਦ ਤੋਂ ਬਾਅਦ ਆਈਸੀਸੀ ਪਾਕਿਸਤਾਨ ਦੀਆਂ ਮੰਗਾਂ 'ਤੇ ਵਿਚਾਰ ਨਹੀਂ ਕਰਨ ਜਾ ਰਿਹਾ ਸੀ।



ਆਈਸੀਸੀ ਨੇ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਪੀਸੀਬੀ ਨੂੰ ਇਸ ਫੈਸਲੇ ਤੋਂ ਜਾਣੂ ਕਰਵਾ ਦਿੱਤਾ ਹੈ। ਜਾਣਕਾਰ ਸੂਤਰਾਂ ਨੇ ਦੱਸਿਆ ਹੈ ਕਿ ਪੀਸੀਬੀ ਡਾਇਰੈਕਟਰ ਸਮੇਤ ਏਸ਼ੀਅਨ ਕ੍ਰਿਕਟ ਕੌਂਸਲ ਦੇ ਕੁਝ ਅਧਿਕਾਰੀ ਪਹਿਲਾਂ ਤੋਂ ਹੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਦੋਵਾਂ ਕਪਤਾਨਾਂ ਵਿਚਕਾਰ ਕੋਈ ਹੱਥ ਨਹੀਂ ਮਿਲਾਇਆ ਜਾਵੇਗਾ।

ਪਾਕਿਸਤਾਨ ਕ੍ਰਿਕਟ ਬੋਰਡ ਨੇ ਭਾਰਤੀ ਖਿਡਾਰੀਆਂ ਅਤੇ ਮੈਚ ਰੈਫਰੀ ਪਾਈਕ੍ਰਾਫਟ ਵਿਰੁੱਧ ਰਸਮੀ ਵਿਰੋਧ ਦਰਜ ਕਰਵਾਇਆ ਸੀ। ਪੀਸੀਬੀ ਨੇ ਆਪਣੇ ਪੱਤਰ ਵਿੱਚ ਕਿਹਾ ਸੀ ਕਿ ਪਾਈਕ੍ਰਾਫਟ ਨੇ ਪਾਕਿਸਤਾਨ ਦੇ ਕਪਤਾਨ ਸਲਮਾਨ ਆਗਾ ਨੂੰ ਸੂਰਿਆਕੁਮਾਰ ਯਾਦਵ ਨਾਲ ਹੱਥ ਨਾ ਮਿਲਾਉਣ ਦਾ ਸੁਝਾਅ ਦਿੱਤਾ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਵਿਰੋਧੀ ਟੀਮ ਨਾਲ ਹੱਥ ਮਿਲਾਉਣ ਤੋਂ ਇਨਕਾਰ ਕਰਨ ਤੋਂ ਬਾਅਦ ਭਾਰਤੀ ਖਿਡਾਰੀ ਆਚਾਰ ਸੰਹਿਤਾ ਨਿਯਮਾਂ ਦੀ ਉਲੰਘਣਾ ਕਰ ਰਹੇ ਸਨ।










